ਅਧਿਆਇ 8

# ਯਿਸੂ ਹੀ ਮਸੀਹ ਹੈ

## ਇਕ ਹੋਰ ਭੀੜ ਨੂੰ ਖੁਆਉਣਾ (8:1-10)[1]

**[1]ਉਨ੍ਹੀਂ ਦਿਨੀਂ ਜਾਂ ਫੇਰ ਵੱਡੀ ਭੀੜ ਹੋ ਗਈ ਅਤੇ ਉਨ੍ਹਾਂ ਕੋਲ ਖਾਣ ਨੂੰ ਕੁਝ ਨਾ ਸੀ ਤਾਂ ਉਹ ਨੇ
ਆਪਣੇ ਚੇਲਿਆਂ ਨੂੰ ਕੋਲ ਸੱਦ ਕੇ ਉਨ੍ਹਾਂ ਨੂੰ ਆਖਿਆ, [2]ਮੈਨੂੰ ਲੋਕਾਂ ਉੱਤੇ ਤਰਸ ਆਉਂਦਾ ਹੈ ਕਿਉਂ ਜੋ
ਹੁਣ ਓਹ ਤਿੰਨਾਂ ਦਿਨਾਂ ਤੋਂ ਮੇਰੇ ਨਾਲ ਰਹੇ ਹਨ ਅਤੇ ਉਨ੍ਹਾਂ ਦੇ ਕੋਲ ਖਾਣ ਨੂੰ ਕੁਝ ਨਹੀਂ [3]ਜੇ ਮੈਂ ਉਨ੍ਹਾਂ
ਨੂੰ ਘਰਾਂ ਵੱਲ ਭੁੱਖਿਆਂ ਤੋਰ ਦਿਆਂ ਤਾਂ ਉਹ ਰਸਤੇ ਵਿੱਚ ਨਿਤਾਣੇ ਹੋ ਜਾਣਗੇ ਅਤੇ ਕਈ ਉਨ੍ਹਾਂ ਵਿੱਚੋਂ
ਦੂਰੋਂ ਆਏ ਹਨ। [4]ਉਸ ਦੇ ਚੇਲਿਆਂ ਨੇ ਉਸ ਨੂੰ ਉੱਤਰ ਦਿੱਤਾ ਕਿ ਇਸ ਉਜਾੜ ਵਿੱਚ ਕੋਈ ਇਨ੍ਹਾਂ ਨੂੰ
ਰੋਟੀਆਂ ਨਾਲ ਕਿੱਥੋਂ ਰਜਾ ਸੱਕੇ? [5]ਉਸ ਨੇ ਉਨ੍ਹਾਂ ਨੂੰ ਪੁੱਛਿਆ, ਤੁਹਾਡੇ ਕੋਲ ਕਿੰਨੀਆਂ ਰੋਟੀਆਂ ਹਨ?
ਉਹ ਬੋਲੇ ਸੱਤ। [6]ਫੇਰ ਉਸ ਨੇ ਲੋਕਾਂ ਨੂੰ ਹੁਕਮ ਦਿੱਤਾ ਭਈ ਭੁੰਞੇਂ ਬਹਿ ਜਾਣ। ਤਾਂ ਉਸ ਨੇ ਓਹ ਸੱਤ
ਰੋਟੀਆਂ ਲਈਆਂ ਅਤੇ ਸ਼ੁਕਰ ਕਰਕੇ ਤੋੜੀਆਂ ਅਤੇ ਆਪਣੇ ਚੇਲਿਆਂ ਨੂੰ ਦਿੱਤੀਆਂ ਜੋ ਉਨ੍ਹਾਂ ਦੇ ਅੱਗੇ
ਰੱਖਣ ਸੋ ਉਨ੍ਹਾਂ ਨੇ ਲੋਕਾਂ ਅੱਗੇ ਰੱਖ ਦਿੱਤੀਆਂ [7]ਉਨ੍ਹਾਂ ਦੇ ਕੋਲ ਥੋੜੀਆਂ ਜਹੀਆਂ ਛੋਟੀਆਂ ਮੱਛੀਆਂ ਸਨ
ਸੋ ਉਸ ਨੇ ਉਨ੍ਹਾਂ ਉੱਤੇ ਬਰਕਤ ਦੇ ਕੇ ਕਿਹਾ, ਇਹ ਵੀ ਉਨ੍ਹਾਂ ਦੇ ਅੱਗੇ ਰੱਖੋ [8]ਓਹ ਖਾਕੇ ਰੱਜ ਗਏ
ਅਰ ਬਚਿਆਂ ਹੋਇਆ ਟੁੱਕੜਿਆਂ ਦੇ ਉਨ੍ਹਾਂ ਨੇ ਸੱਤ ਟੋਕਰੇ ਚੁੱਕੇ [9]ਅਤੇ ਲੋਕ ਚਾਰ ਕੁ ਹਜ਼ਾਰ ਸਨ। ਫੇਰ
ਉਸ ਨੇ ਉਨ੍ਹਾਂ ਨੂੰ ਵਿਦਿਆ ਕੀਤਾ। [10]ਅਰ ਓਸੇ ਵੇਲੇ ਉਹ ਆਪਣੇ ਚੇਲਿਆਂ ਸਣੇ ਬੇੜੀ ਉੱਤੇ ਚੜ੍ਹ ਕੇ
ਦਲਮਨੂਥਾ ਦੇ ਇਲਾਕੇ ਵਿੱਚ ਆਇਆ।**

ਇਹ ਹਵਾਲਾ ਯਿਸੂ ਦੇ ਇਕ ਭੀੜ ਨੂੰ ਵਿਖਾਉਣ ਦੀ ਫ਼ਰਕ ਘਟਨਾ ਨੂੰ ਦੱਸਦਾ ਹੈ। ਇਸ ਨੂੰ ਇਸ ਗੱਲ ਨਾਲ ਵੱਖ ਕੀਤਾ ਗਿਆ ਹੈ ਕਿ ਇਕ ਮਾਮਲੇ ਵਿਚ ਪੰਜ ਹਜ਼ਾਰ ਆਦਮੀ ਸਨ ਜਦਕਿ ਦੂਜੇ ਵਿਚ ਚਾਰ ਹਜ਼ਾਰ ਆਦਮੀ।[2] ਜਿੱਥੇ ਇਹ ਮੋਅਜਜ਼ਾ ਹੋਇਆ ਉਹ ਵੀ ਸਾਨੂੰ ਇਹ ਤੈਅ ਕਰਨ ਵਿਚ ਮਦਦ ਕਰਦਾ ਹੈ, ਕਿਉਂ ਜੋ ਇਹ ਮੋਅਜਜ਼ਾ ਦਿਕਾਪੁਲਿਸ ਦੇ ਇਲਾਕੇ ਵਿਚ ਹੋਇਆ ਜਦ ਕਿ ਦੂਜਾ ਗਲੀਲ ਦੇ ਬੈਤਸੈਦਾ ਵਿਚ (ਵੇਖੋ ਯੂਹੰਨਾ 12:21)। ਇਸ ਤੋਂ ਛੁੱਟ, ਇਹ ਸੰਭਵ ਹੈ ਕਿ ਇਸ ਮੌਕੇ ਤੇ ਜਿਨ੍ਹਾਂ ਚਾਰ ਹਜ਼ਾਰ ਬੰਦਿਆਂ ਨੂੰ ਖੁਆਇਆ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਗੈਰਕੌਮ ਸਨ, ਜਦਕਿ ਦੂਜੇ ਮਾਮਲੇ ਵਿਚ ਜਿਨ੍ਹਾਂ ਨੂੰ ਖੁਆਇਆ ਸੀ ਉਹ ਸੰਭਵ ਤੌਰ ਤੇ ਯਹੂਦੀ ਸਨ। ਇਸ ਘਟਨਾ ਵਿਚ ਸੱਤ ਰੋਟੀਆਂ ਅਤੇ ਕੁਝ ਮੱਛੀਆਂ ਸਨ ਪਰ ਦੂਜੇ ਵਿਰਤਾਂਤ ਵਿਚ ਪੰਜ ਰੋਟੀਆਂ ਅਤੇ ਦੋ ਮੱਛੀਆਂ ਲਈਆਂ ਗਈਆਂ ਹਨ। ਇਸ ਵਾਰ ਹੋਏ ਟੁਕੜਿਆਂ ਦੇ ਸੱਤ ਟੋਕਰੇ ਇਕੱਠੇ ਕੀਤੇ ਗਏ ਸਨ। (σπυρίς, *ਸਪੁਰਿਸ*) ਸ਼ਬਦ ਉਸ ਟੋਕਰੇ ਨੂੰ ਦੁਹਰਾਉਂਦਾ ਹੈ ਜਿਹੜਾ ਐਨਾ ਵੱਡਾ ਹੁੰਦਾ ਸੀ ਕਿ ਉਸ ਵਿਚ ਬੰਦਾ ਆ ਸਕਦਾ ਸੀ (ਵੇਖੋ ਕਰਤੱਬ 9:25), ਪਰ ਬੈਤਸੈਦਾ ਵਿਚ ਟੁਕੜਿਆਂ ਦੀਆਂ ਬਾਰਾਂ ਟੋਕਰੀਆਂ (κόφινος, *ਕੋਫ਼ਿਨੋਸ*) ਚੁੱਕੀਆਂ ਗਈਆਂ।

ਮੱਤੀ 15:38 ਵਾਂਗ, ''ਜਨਾਨੀਆਂ ਅਤੇ ਬਾਲਕਾਂ ਬਿਨਾਂ ਚਾਰ ਹਜ਼ਾਰ ਮਰਦ ਸਨ;'' ਪਰ ਮਰਕੁਸ 8:9 ਵਿਚ ਚਾਰ ਹਜ਼ਾਰ ਦੀ ਗਿਣਤੀ ਵਿਚ ਬੰਦੇ ਜਨਾਨੀਆਂ ਦਾ ਫ਼ਰਕ ਨਹੀਂ ਦੱਸਿਆ ਗਿਆ। ਦੋਹਾਂ ਵਿਰਤਾਂਤਾਂ ਵਿਚ ਕੋਈ ਵਿਰੋਧਾਭਾਸ ਨਹੀਂ ਮਿਲਦਾ। ਨਵੇਂ ਨੇਮ ਦੇ ਲੇਖਕ ਆਮ ਤੌਰ ਤੇ ਸਿਰਫ਼ ਬੰਦਿਆਂ

ਦੀ ਗਿਣਤੀ ਕਰਦੇ ਹਨ। ਅਸੀਂ ਮੰਨ ਸਕਦੇ ਹਾਂ ਕਿ ਇਨ੍ਹਾਂ ਦੋਹਾਂ ਵਿਰਤਾਂਤਾਂ ਬਾਰੇ ਇੰਜੀਲ ਦੇ ਲੇਖਕਾਂ ਨੇ ਬਿਲਕੁਲ ਸਹੀ ਤੱਥ ਦਿੱਤੇ ਕਿਉਂ ਜੋ ਯਿਸੂ ਨੇ ਬਾਅਦ ਵਿਚ ਭੀੜ ਨੂੰ ਖੁਆਉਣ ਵੱਲ ਧਿਆਨ ਦੁਆਇਆ (8:16–21) ਤਾਂ ਉਸ ਨੇ ਦੋਹਾਂ ਮੌਕਿਆਂ ਤੇ ਖਾਣੇ ਦੇ ਵਧਾਏ ਜਾਣ ਦੀ ਗੱਲ ਸਾਫ਼–ਸਾਫ਼ ਕੀਤੀ।

ਯਿਸੂ ਨੇ ਜੋ ਕੁਝ ਯਹੂਦੀਆਂ ਲਈ ਕੀਤਾ ਸੀ ਉਹੀ ਉਸ ਨੇ ਗੈਰਕੌਮਾਂ ਲਈ ਵੀ ਕੀਤਾ ਸੀ। ਹੌਲੀ ਹੌਲੀ ਕਰਕੇ ਉਹ ਇਸ ਵਿਚਾਰ ਤੇ ਜ਼ੋਰ ਦੇ ਰਿਹਾ ਸੀ ਕਿ ਗੈਰਕੌਮ ਲੋਕ ਜੇ ਇੰਜੀਲ ਨੂੰ ਮੰਨ ਲੈਂਦੇ ਹਨ, ਤਾਂ ਉਨ੍ਹਾਂ ਨੇ ਅਸ਼ੁੱਧ ਨਹੀਂ ਮੰਨੇ ਜਾਣਾ ਸੀ।

**ਆਇਤਾਂ 1-3.** ਸੰਭਵ ਹੈ ਕਿ ਯਿਸੂ ਦੇ ਆਲੇ ਦੁਆਲੇ ਜਮ੍ਹਾ ਹੋਈ ਇਹ **ਵੱਡੀ ਭੀੜ** ਉਸ ਆਦਮੀ ਵੱਲੋਂ ਖੁਸ਼ਖ਼ਬਰੀ ਸੁਣਾਏ ਜਾਣ ਕਰਕੇ ਹੀ ਹੋਈ ਸੀ, ਜਿਸ ਵਿੱਚੋਂ ਯਿਸੂ ਨੇ ਬਦਰੂਹਾਂ ਕੱਢੀਆਂ ਸਨ ਅਤੇ ਜਿਹੜਾ ਬਾਅਦ ਵਿਚ ਦਿਕਾਪੁਲਿਸ ਦੇ ਇਲਾਕੇ ਵਿਚ ਪ੍ਰਚਾਰ ਕਰਦਾ ਗਿਆ[3] (ਵੇਖੋ 5:1–20)। ਸਾਫ਼ ਹੈ ਕਿ ਇਹ **ਲੋਕ ਤਿੰਨਾਂ ਦਿਨਾਂ** (ਯਹੂਦੀਆਂ ਦੀ ਗਿਣਤੀ ਦੇ ਹਿਸਾਬ ਨਾਲ) ਤੋਂ ਯਿਸੂ ਦੇ ਮਗਰ ਚੱਲ ਰਹੇ ਸਨ। ਯਿਸੂ ਦੀ ਸਿੱਖਿਆ ਅਤੇ ਮੌਜੂਦਗੀ ਅਤੇ ਡੂੰਘੇ ਲਗਾਅ ਅਤੇ ਦਿਲਚਸਪੀ ਤੇ ਇਹ ਸ਼ਾਨਦਾਰ ਟਿੱਪਣੀ ਹੈ। ਬਾਈਬਲ ਇਹ ਨਹੀਂ ਦੱਸਦੀ ਕਿ ਉਹ **ਖਾਣ ਨੂੰ ਕੁਝ** ਨਾਲ **ਨਹੀਂ** *ਲਿਆਏ* ਸਨ, ਬਲਕਿ ਇਹ ਦੱਸਦੀ ਹੈ *ਕਿ ਇਸ ਸਮੇਂ* ਉਨ੍ਹਾਂ ਕੋਲ ਖਾਣ ਲਈ ਕੁਝ ਨਹੀਂ ਸੀ। ਇਸ ਤੋਂ ਪਹਿਲਾਂ ਕਿ ਲੋਕਾਂ ਵੱਲੋਂ ਕੋਈ ਗੱਲ ਜਾਂ ਸ਼ਿਕਾਇਤ ਦਾ ਪਤਾ ਲੱਗੇ, ਯਿਸੂ ਨੇ **ਤਰਸ** ਖਾਂਦੇ ਹੋਏ ਜਵਾਬ ਦਿੱਤਾ: **''ਜੇ ਮੈਂ ਉਨ੍ਹਾਂ ਨੂੰ ਘਰਾਂ ਵੱਲ ਭੁੱਖਿਆਂ ਤੋਰ ਦਿਆਂ ਤਾਂ ਉਹ ਰਸਤੇ ਵਿੱਚ ਨਿਤਾਣੇ ਹੋ ਜਾਣਗੇ ਅਤੇ ਕਈ ਉਨ੍ਹਾਂ ਵਿੱਚੋਂ ਦੂਰੋਂ ਆਏ ਹਨ।''** ਉਨ੍ਹਾਂ ਦੇ ਮੰਗਣ ਤੋਂ ਪਹਿਲਾਂ ਹੀ ਉਹਨੂੰ ਪਤਾ ਸੀ ਕਿ ਉਨ੍ਹਾਂ ਦੀਆਂ ਕੀ ਲੋੜਾਂ ਹਨ (ਵੇਖੋ ਮੱਤੀ 6:8) ਹਰ ਘਟਨਾ ਵਿਚ ਸਮਰੱਥਾ ਵਿਚ ਉਹਨੂੰ ਸਚਮੁਚ ਵਿਚ ਇਲਾਹੀ ਵਿਖਾਇਆ ਗਿਆ ਹੈ। ਸਾਨੂੰ ਪਤਾ ਹੈ ਕਿ ਯਿਸੂ ਨੇ ਸਮੇਂ ਵਿਚ ਦੁਨੀਆਂ ਦੇ ਹਰ ਬੀਮਾਰ ਨੂੰ ਚੰਗਾ ਨਹੀਂ ਕੀਤਾ, ਅਤੇ ਉਸ ਨੇ ਚਮਤਕਾਰ ਕਰਕੇ ਹਰ ਭੁੱਖੇ ਦਾ ਢਿੱਡ ਨਹੀਂ ਭਰਿਆ; ਪਰ ਉਸ ਨੇ ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੂੰ ਉਹ ਮਿਲਿਆ, ਹਮੇਸ਼ਾ ਤਰਸ ਵਿਖਾਇਆ।

ਭੀੜ ਨੂੰ ਖੁਆਉਣ ਦੇ ਪਿਛਲੇ ਵਿਰਤਾਂਤ ਵਿਚ, ਯਿਸੂ ਨੂੰ ਤਰਸ ਖਾਂਦਿਆਂ ਵਿਖਾਇਆ ਗਿਆ ਸੀ ਕਿਉਂ ਜੋ ਉਹ ''ਉਨ੍ਹਾਂ ਭੇਡਾਂ ਵਾਂਗੂੰ ਸਨ ਜਿਨ੍ਹਾਂ ਦਾ ਅਯਾਲੀ ਨਾ ਹੋਵੇ'' (6:34)। ਯਿਸੂ ਨੇ ਇੱਥੇ ਇਕ ਬਹੁਤ ਵੱਡੇ ਸਮੂਹ ਲਈ ਪ੍ਰੀਤੀ ਭੋਜ ਉਪਲਬਧ ਕਰਵਾਇਆ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਗੈਰਕੌਮ ਸਨ, ਜੋ ਕਿ ਉਨ੍ਹਾਂ ਲਈ ਉਹਦੇ ਪਿਆਰ ਨੂੰ ਵਿਖਾਉਂਦਾ ਹੈ ਅਤੇ ਸੰਕੇਤ ਦਿੰਦਾ ਹੈ ਕਿ ਛੇਤੀ ਹੀ ਉਨ੍ਹਾਂ ਨੂੰ ਰਾਜ ਵਿਚ ਵੜਨ ਦਾ ਮੌਕਾ ਮਿਲਣ ਵਾਲਾ ਸੀ। ਉਹਦਾ ਇਰਾਦਾ ਮਨੁੱਖ ਦੀ ਲੋੜ ਨੂੰ ਪੂਰਾ ਕਰਨਾ ਸੀ। ਯਹੂਦੀ ਹੋਣ ਜਾਂ ਗੈਰਕੌਮ ਯਿਸੂ ਦੀ ਦਿਲਚਸਪੀ ਸਭ ਵਿਚ ਹੈ। ਉਸ ਦੇ ਸਫ਼ਰ ਦੇ ਇਸ ਹਿੱਸੇ ਵਿਚ ਸੂਰੁਫੈਨੀਕਣ ਔਰਤ ਦੀ ਮਦਦ ਬਾਰੇ ਦੱਸਿਆ ਗਿਆ (7:24–30), ਜੋ ਕਿ ਜ਼ਿੰਦਗੀ ਦੀ ਰੋਟੀ ਗੈਰ ਯਹੂਦੀਆਂ ਲਈ ਦਿੱਤੇ ਜਾਣ ਲਈ ਸ਼ੁਰੂਆਤ ਦਾ ਸੰਕੇਤ ਸੀ।

**ਆਇਤਾਂ 4-7. ਉਸ ਦੇ ਚੇਲਿਆਂ ਨੇ ਉਸ ਨੂੰ ਉੱਤਰ ਦਿੱਤਾ ਕਿ ਇਸ ਉਜਾੜ ਵਿੱਚ ਕੋਈ ਇਨ੍ਹਾਂ ਨੂੰ ਰੋਟੀਆਂ ਨਾਲ ਕਿੱਥੋਂ ਰਜਾ ਸੱਕੇ?** ਅਸੀਂ ਪੁੱਛ ਸਕਦੇ ਹਾਂ, ''ਰਸੂਲ ਪਹਿਲਾਂ ਵਾਲੇ ਮੋਅਜਜ਼ੇ ਨੂੰ ਕਿਵੇਂ ਭੁੱਲ ਸਕਦੇ ਸਨ ਜਿਸ ਵਿਚ ਐਨੀ ਵੱਡੀ ਭੀੜ ਨੂੰ ਖੁਆਇਆ ਗਿਆ ਸੀ?'' ਰਸੂਲਾਂ ਨੇ ਪੜਨਾਉਂ ਸ਼ਬਦ ''ਅਸੀਂ'' ਉੱਤੇ ਜ਼ੋਰ ਦਿੱਤਾ, ਜੋ ਕਿ ਇਹ ਵਿਖਾਉਂਦਾ ਹੈ ਕਿ ਉਹ ਆਪਣੇ ਨਾਲ ਕੁਝ ਕਰ ਸਕਣ ਤੇ ਵਿਚਾਰ ਕਰ ਰਹੇ ਸਨ, ਨਾ ਕਿ ਇਹ ਸੁਝਾਅ ਦੇ ਰਹੇ ਸਨ ਕਿ ਪ੍ਰਭੂ ਨਹੀਂ ਕਰ ਸਕਦਾ ਹੈ। ਪਹਿਲਾਂ ਵਾਂਗ ਹੀ, ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਕੀ ਕਰਨਾ ਹੈ।

**ਉਸ ਨੇ ਉਨ੍ਹਾਂ ਨੂੰ ਪੁੱਛਿਆ, ਤੁਹਾਡੇ ਕੋਲ ਕਿੰਨੀਆਂ ਰੋਟੀਆਂ ਹਨ? ਉਹ ਬੋਲੇ ਸੱਤ ਫੇਰ ਉਸ ਨੇ ਲੋਕਾਂ ਨੂੰ ਹੁਕਮ ਦਿੱਤਾ ਭਈ ਭੁੰਞੇਂ ਬਹਿ ਜਾਣ। ਤਾਂ ਉਸ ਨੇ ਓਹ ਸੱਤ ਰੋਟੀਆਂ ਲਈਆਂ ਅਤੇ ਸ਼ੁਕਰ** ਕੀਤਾ। ''ਉਸ ਨੇ ਸ਼ੁਕਰ ਕੀਤਾ'' ਸ਼ਬਦ ਯੂਨਾਨੀ ਸ਼ਬਦ (εὐχαριστέω, *ਯੂਖਰਿਸਤਿਓ*) ਤੋਂ

ਲਿਆ ਗਿਆ ਹੈ ਜੋ ਕਿ ''ਯੂਖਰਿਸਤ'' ਦਾ ਮੂਲ ਹੈ। ਭੀੜ ਨੂੰ ਖੁਆਉਣ ਲਈ ਜੋ ਕੁਝ ਯਿਸੂ ਨੇ ਕੀਤਾ ਉਸ ਤੋਂ ਲੈ ਕੇ ਕਈਆਂ ਨੇ ਇਹਦੀ ਵਰਤੋਂ ''ਪ੍ਰਭੂ ਭੋਜ'' ਦੇ ਸਿਰਲੇਖ ਦੇ ਰੂਪ ਵਿਚ ਕੀਤੀ ਹੈ (ਵੇਖੋ 1 ਕੁਰਿੰਥੀਆਂ 11:20)। ਬਾਈਬਲ ਵਿਚ ਕਿਤੇ ਵੀ ਇਸ ਸ਼ਬਦ ਦੀ ਵਰਤੋਂ ਇਸ ਤਰ੍ਹਾਂ ਨਾਲ ਨਹੀਂ ਹੋਈ ਹੈ। ਯਿਸੂ ਨੇ ਰੋਟੀਆਂ **ਤੋੜੀਆਂ ਅਤੇ ਆਪਣੇ ਚੇਲਿਆਂ ਨੂੰ ਦਿੱਤੀਆਂ ਜੋ ਉਨ੍ਹਾਂ ਦੇ ਅੱਗੇ ਰੱਖਣ ਸੋ ਉਨ੍ਹਾਂ ਨੇ ਲੋਕਾਂ ਅੱਗੇ ਰੱਖ ਦਿੱਤੀਆਂ।**

**ਆਇਤ 8. ਓਹ ਖਾ ਕੇ ਰੱਜ ਗਏ।** ਇਹ ਨਹੀਂ ਦੱਸਿਆ ਗਿਆ ਹੈ ਕਿ ਇਹ ਮੋਅਜਜ਼ਾ ਕਿਵੇਂ ਅਤੇ ਕਦੋਂ ਹੋਇਆ। ਹੋ ਸਕਦਾ ਹੈ ਕਿ ਯਿਸੂ ਦੇ ਬਰਕਤ ਦੇਣ ਤੇ ਉਹ ਰੋਟੀਆਂ ਅਤੇ ਮੱਛੀਆਂ ਵਧ ਗਈਆਂ ਹੋਣ। ਇਹ ਮੋਅਜਜ਼ਾ ਦੁਆ ਦੇ ਅਖ਼ੀਰ ਵਿਚ ਜਾਂ ਯਿਸੂ ਦੇ ਰੋਟੀਆਂ ਦਿੰਦੇ ਰਹਿਣ ਸਾਰ ਹੋਵੇਗਾ, ਜਿਵੇਂ ਕਿ ਯੂਨਾਨੀ ਕ੍ਰਿਦੰਤ ਤੋਂ ਸੰਕੇਤ ਮਿਲਦਾ ਹੈ। ਯੂਨਾਨੀ ਬਾਈਬਲ ਵਿਚ ਇਹ ਵੀ ਸੁਝਾਅ ਹੈ ਕਿ ਯਿਸੂ ਨੇ ''ਰੋਟੀਆਂ'' ਅਤੇ ਮੱਛੀਆਂ ਉੱਤੇ ਵੱਖੋ-ਵੱਖ ਬਰਕਤ ਦਿੱਤੀ।

**ਅਰ ਬਚਿਆਂ ਹੋਇਆ ਟੁੱਕੜਿਆਂ ਦੇ ਉਨ੍ਹਾਂ ਨੇ ਸੱਤ ਟੋਕਰੇ ਚੁੱਕੇ।** ਟੁਕੜੇ ਚੁੱਕਣ ਦੇ ਨਾਲ-ਨਾਲ ਖਾਣਾ ਵਰਤਾਉਣ ਲਈ ਸੱਤ ਟੋਕਰੇ ਚਾਹੀਦੇ ਹੋਣਗੇ। ਇਸ ਤਰ੍ਹਾਂ ਦੇ ਟੋਕਰੇ ਕਿੱਥੋਂ ਆਏ? ਕਈਆਂ ਦਾ ਅੰਦਾਜ਼ਾ ਹੈ ਕਿ ਉਨ੍ਹਾਂ ਦੀ ਵਰਤੋਂ ਖੇਤਾਂ ਵਿਚ ਅਨਾਜ ਇਕੱਠਾ ਕਰਨ ਲਈ ਕੀਤੀ ਜਾਂਦੀ ਸੀ। ਇਸ ਤਰ੍ਹਾਂ ਦਾ ''ਟੋਕਰਾ'' (ਸਪੁਰਿਸ) ਐਨਾ ਕੁ ਵੱਡਾ ਹੁੰਦਾ ਸੀ ਕਿ ਪੌਲੁਸ ਨੂੰ ਦਮਿਸ਼ਕ ਦੀ ਸ਼ਹਿਰਪਨਾਹ ਤੋਂ ਅਜਿਹੇ ਹੀ ਇਕ ਟੋਕਰੇ ਵਿਚ ਬਿਠਾਲ ਕੇ ਉਤਾਰਿਆ ਗਿਆ ਸੀ (2 ਕੁਰਿੰਥੀਆਂ 11:33)।

**ਆਇਤਾਂ 9, 10.** ਇਸ ਭੀੜ ਨੂੰ ਖੁਆਉਣ ਤੋਂ ਬਾਅਦ, **ਉਸ ਨੇ ਉਨ੍ਹਾਂ ਨੂੰ ਵਿਦਿਆ ਕੀਤਾ।** ਬਾਈਬਲ ਦੱਸਦੀ ਹੈ ਕਿ **ਓਸੇ ਵੇਲੇ** ਯਿਸੂ **ਆਪਣੇ ਚੇਲਿਆਂ ਸਣੇ ਬੇੜੀ ਉੱਤੇ ਚੜ੍ਹ ਕੇ** ਝੀਲ ਪਾਰ ਕਰਕੇ ਗਲੀਲ ਦੀ ਝੀਲ ਦੇ ਪੱਛਮੀ ਕੰਢੇ ਵੱਲ ਚੱਲਿਆ ਗਿਆ। ਮਰਕੁਸ 8:10 ਜਿੱਥੇ ਇਹ ਦੱਸਦਾ ਹੈ ਕਿ ਯਿਸੂ **ਦਲਮਨੂਥਾ ਦੇ ਇਲਾਕੇ ਵਿੱਚ ਆਇਆ,** ਉੱਥੇ ਹੀ ਮਰਕੁਸ 15:39 ਵਿਚ ''ਮਗਦਾਨ ਦੀਆਂ ਹੱਦਾਂ'' ਹੈ। ਸਾਨੂੰ ਭਾਵੇਂ ਪਤਾ ਨਹੀਂ ਹੈ ਕਿ ''ਦਲਮਨੂਥਾ ਦਾ ਇਲਾਕਾ'' ਕਿੱਥੇ ਹੈ, ਪਰ ਕੁਝ ਹੱਦ ਤਕ ਅਸੀਂ ਇਹ ਪੱਕਾ ਕਹਿ ਸਕਦੇ ਹਾਂ ਕਿ ਇਸ ਦਾ ਨਾਲ ਦੇ ਮਗਦਲਾ ਨਾਲ ਕੁਝ ਸਬੰਧ ਸੀ, ਜੋ ਕਿ ਗਲੀਲ ਦੀ ਝੀਲ ਦੇ ਪੱਛਮੀ ਕੰਢੇ ਤੇ ਤਿਬਰਿਆਸ ਦੇ ਨੇੜੇ ਸੀ।[4] ਟੀਕਾਕਾਰ ਆਮ ਸਹਿਮਤੀ ਰੱਖਦੇ ਹਨ ਕਿ ''ਦਲਮਨੂਥਾ'' ਜਾਂ ਤਾਂ ਮਗਦਲਾ ਦਾ ਦੂਜਾ ਨਾਂਅ ਸੀ ਜਾਂ ਇਹ ਨੇੜਲਾ ਕੋਈ ਪਿੰਡ ਸੀ।[5] ਸਭ ਤੋਂ ਵਧੀਆ ਵਿਆਖਿਆ ਡਬਲਯੂ. ਦੀਵਿੰਗ ਦੀ ਲਗਦੀ ਹੈ, ''ਇਨ੍ਹਾਂ ਹਵਾਲਿਆਂ ਤੋਂ ਇਹ ਅੰਦਾਜ਼ਾ ਲਾਉਣਾ ਤਰਕਸੰਗਤ ਹੈ ਕਿ 'ਮਗਦਾਨ ਦੀਆਂ ਹੱਦਾਂ' ਅਤੇ 'ਦਲਮਨੂਥਾ ਦੇ ਹਿੱਸੇ' ਇਕ ਦੂਜੇ ਨਾਲ ਲੱਗੇ ਹੋਏ ਸਨ।''[6]

## ਫ਼ਰੀਸੀਆਂ ਦਾ ਯਿਸੂ ਨਾਲ ਫੇਰ ਬਹਿਸ ਕਰਨਾ (8:11-13)[7]

**[11]ਤਦ ਫ਼ਰੀਸੀ ਨਿੱਕਲੇ ਅਤੇ ਉਸ ਦੇ ਪਰਤਾਉਣ ਲਈ ਅਕਾਸ਼ ਵਲੋਂ ਕੋਈ ਨਿਸ਼ਾਨ ਉਸ ਤੋਂ ਮੰਗ ਕੇ ਉਸ ਨਾਲ ਝਗੜਾ ਕਰਨ ਲੱਗੇ [12]ਅਤੇ ਉਸ ਨੇ ਆਪਣੇ ਆਤਮਾ ਥੀਂ ਹੌਉਕਾ ਭਰ ਕੇ ਕਿਹਾ, ਇਸ ਪੀੜ੍ਹੀ ਦੇ ਲੋਕ ਕਿਉਂ ਨਿਸ਼ਾਨ ਚਾਹੁੰਦੇ ਹਨ? ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਇਸ ਪੀੜ੍ਹੀ ਦੇ ਲੋਕਾਂ ਨੂੰ ਕੋਈ ਨਿਸ਼ਾਨ ਨਾ ਦਿੱਤਾ ਜਾਵੇਗਾ [13]ਅਤੇ ਉਹ ਉਨ੍ਹਾਂ ਨੂੰ ਛੱਡ ਕੇ ਫੇਰ ਬੇੜੀ ਉੱਤੇ ਚੱੜ੍ਹਿਆ ਅਤੇ ਪਾਰ ਚੱਲਿਆ ਗਿਆ।**

**ਆਇਤ 11. ਫ਼ਰੀਸੀ**ਆਂ (ਮੱਤੀ 12:38 ਦੇ ਮੁਤਾਬਿਕ, ਅਤੇ ਗ੍ਰੰਥੀਆਂ) ਨੇ ਮੋਜਜ਼ਿਆਂ ਨੂੰ ਇਹ ਆਖਦੇ ਹੋਏ ਨਕਾਰ ਦਿੱਤਾ ਸੀ ਕਿ ਅਜਿਹੇ ਮੋਅਜਜ਼ੇ ਬਆਲਜ਼ਬੂਲ ਵੱਲੋਂ ਕੀਤੇ ਗਏ ਸਨ

(ਮੱਤੀ 12:24; ਮਰਕੁਸ 3:22; ਲੂਕਾ 11:15)। ਉਹ ਯਿਸੂ ਦੇ ਕੱਟਰ ਦੁਸ਼ਮਣ ਸਨ ਤਾਂ ਉਸ ਦੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਉਹ ਕੁਝ ਵੀ ਕਰ ਸਕਦੇ ਸਨ।

ਇੱਥੇ ਉਨ੍ਹਾਂ ਨੇ ਉਸ ਨੂੰ ਢੋਂਗੀ ਸਾਬਿਤ ਕਰਨ ਦੀ ਇਕ ਹੋਰ ਕੋਸ਼ਿਸ਼ ਕੀਤੀ। ਉਨ੍ਹਾਂ ਨੇ **ਉਸ ਦੇ ਪਰਤਾਉਣ ਲਈ ਅਕਾਸ਼ ਵੱਲੋਂ ਕੋਈ ਨਿਸ਼ਾਨ ਉਸ ਤੋਂ ਮੰਗਿਆ।** ਇਹਦਾ ਮਤਲਬ ਇਹ ਹੋਵੇਗਾ ਕਿ ਇਹ ਨਿਸ਼ਾਨ ਉਸ ਨਿਸ਼ਾਨ ਵਰਗਾ ਹੋਵੇ ਜਿਹੜਾ ਇਸਰਾਏਲੀਆਂ ਨੂੰ ਵਿਖਾਇਆ ਗਿਆ ਸੀ ਜਦੋਂ ਉਸ ਨੇ ਅਕਾਸ਼ ਤੋਂ ਮੰਨਾ ਭੇਜਿਆ ਗਿਆ ਸੀ (ਕੂਚ 16) ਜਾਂ ਬਆਲ ਦੇ ਪੁਜਾਰੀਆਂ ਨਾਲ ਏਲੀਆਹ ਦੇ ਝਗੜੇ ਦੌਰਾਨ ਜਗਵੇਦੀ ਉੱਤੇ ਅੱਗ ਘੱਲਣਾ ਸੀ (1 ਰਾਜਿਆਂ 18)। ਅਜਿਹਾ ਨਿਸ਼ਾਨ ਸਿਰਫ਼ ਖ਼ੁਦਾ ਹੀ ਦੇ ਸਕਦਾ ਸੀ। ਫ਼ਰੀਸੀ ਯਰਦਨ ਦੇ ਪਾਣੀ ਦੇ ਦੋ ਹਿੱਸੇ ਕਰਨ ਵਰਗੇ ਨਿਸ਼ਾਨ (ਯਹੋਸ਼ੁਆ 3), ਜਿਸ ਨਾਲ ਯਰੀਹੋ ਦੀ ਸ਼ਹਿਰਪਨਾਹ ਢਹਿ ਪਈ ਸੀ (ਯਹੋਸ਼ੁਆ 6), ਜਾਂ ਸੂਰਜ ਅਤੇ ਚੰਦਰਮਾ ਨੂੰ ਰੋਕ ਦੇਣ (ਯਹੋਸ਼ੁਆ 10:12–14) ਵਰਗੇ ਨਿਸ਼ਾਨਾਂ ਦੀ ਮੰਗ ਕਰ ਰਹੇ ਸਨ। ਪਰ ਯਿਸੂ ਦੇ ਨਿਸ਼ਾਨ ਵਿਖਾਵੇ ਲਈ ਨਹੀਂ ਸੀ। ਉਹ ਭਲਿਆਈ ਕਰਨ ਲਈ ਸਨ; ਇਸ ਨਾਲੋਂ ਵੀ ਵਧ ਕੇ ਉਹ ਉਸ ਸੰਦੇਸ਼ ਦੀ ਜਿਸਦਾ ਉਹ ਪ੍ਰਚਾਰ ਕਰਦਾ ਸੀ, ਤਸਦੀਕ ਕਰਨ ਲਈ ਸਨ ਕਿ ਇਹ ਸੰਦੇਸ਼ ਖ਼ੁਦਾ ਵੱਲੋਂ ਦਿੱਤਾ ਗਿਆ ਹੈ (ਮਰਕੁਸ 16:20; ਯੂਹੰਨਾ 20:30, 31; ਇਬਰਾਨੀਆਂ 2:4)।

**ਆਇਤਾਂ 12, 13.** ਯਿਸੂ ਇਕ ਵਾਰ ਫੇਰ ਤੋਂ **ਹੌਉਕਾ ਭਰ** (ἀναστενάζω, *ਅਨਸਟੇਨਾਜ਼ੋ*) ਰਿਹਾ ਸੀ। ਇਹ ਸ਼ਬਦ 7:34 ਵਿਚ ਵਰਤੇ ਗਏ ਸ਼ਬਦ (στενάζω, *ਸਟੇਨਾਜ਼ੋ*) ਦਾ ਮਜ਼ਬੂਤ ਰੂਪ ਹੈ ਜੋ ਸੰਕੇਤ ਦਿੰਦਾ ਹੈ ਕਿ ਯਿਸੂ ਨੂੰ ਬੜਾ ਦੁੱਖ ਹੋਇਆ ਜਾਂ ਬੜੀ ਖਿਝ ਆਈ ਕਿਉਂ ਜੋ ਉਹਦੇ ਐਨਾ ਸਭ ਕਰਨ ਦੇ ਬਾਵਜੂਦ ਫ਼ਰੀਸੀਆਂ ਨੇ ਨਿਸ਼ਾਨ ਮੰਗਿਆ।

**ਨਿਸ਼ਾਨ** ਦੀ **ਮੰਗ** ਲਗਾਤਾਰ ਕੀਤੇ ਜਾਣ ਤੇ ਯਿਸੂ ਨੂੰ ਬੜਾ ਦੁੱਖ ਹੋਇਆ। ਇਸੇ ਕਰਕੇ ਉਹਨੇ ਇਹ ਹੌਕਾ ਭਰਿਆ ਹੋਵੇਗਾ। ਅਸਲ ਵਿਚ ਉਹਨੇ ਉਨ੍ਹਾਂ ਦੀ ਵਿਸ਼ਵਾਸ ਦੀ ਘਾਟ ਤੇ ''ਚੀਕ'' ਮਾਰੀ।[8] ਚਮਤਕਾਰ ਕਰਨ ਦੀ ਉਨ੍ਹਾਂ ਦੀ ਇੱਛਾ ਅੱਜ ਦੇ ਉਨ੍ਹਾਂ ਲੋਕਾਂ ਦੀ ਇੱਛਾ ਵਰਗੀ ਹੈ ਜਿਹੜੇ ਇਹ ਸਾਬਿਤ ਕਰਨ ਲਈ ਕਿ ਖ਼ੁਦਾ ਹੈ, ਚਾਹੁੰਦੇ ਹਨ ਕਿ ਉਨ੍ਹਾਂ ਲਈ ਚਮਤਕਾਰ ਕੀਤੇ ਜਾਣ। ਅਜਿਹੇ ਲੋਕਾਂ ਨੂੰ ਜਿਨ੍ਹਾਂ ਦੇ ਮਨ ਬੇਪਰਤੀਤੀ ਨਾਲ ਸਖ਼ਤ ਹੋਏ ਹੋਏ ਹਨ, ਫ਼ਰੀਸੀਆਂ ਵਾਂਗ ਮੁਰਦਿਆਂ ਵਿੱਚੋਂ ਜੀ ਉੱਠਣ ਵਾਲਾ ਵੀ ਯਕੀਨ ਨਹੀਂ ਦੁਆ ਸਕੇਗਾ (ਵੇਖੋ ਲੂਕਾ 16:31)। ਮਨੁੱਖ ਜਾਤੀ ਵਿਚ ਪੂਰਵਧਾਰਣਾ ਨੂੰ ਰੋਕਣ ਵਾਲਾ ਗੁਣ ਹੋ ਸਕਦਾ ਹੈ। ਅਜਿਹੀ ਸੋਚ ''ਬੁਰੀ ਅਤੇ ਹਰਾਮਕਾਰ ਪੀੜ੍ਹੀ'' ਦੀ ਪਛਾਣ ਹੈ (ਮੱਤੀ 12:39; 16:4)। ਯਿਸੂ ਨੇ ਉਨ੍ਹਾਂ ਨੂੰ ਝਾੜ ਪਾਈ ਜਿਨ੍ਹਾਂ ਨੇ ਸਿਰਫ਼ ਨਿਸ਼ਾਨ ਵੇਖ ਕੇ ਵਿਸ਼ਵਾਸ ਕਰਨਾ ਸੀ (ਯੂਹੰਨਾ 4:48)। ਆਦਰਸ਼ ਰੂਪ ਵਿਚ, ਸੁਣਾਏ ਗਏ ਵਚਨ ਤੇ ਵਿਸ਼ਵਾਸ ਹੋ ਜਾਣਾ ਚਾਹੀਦਾ ਹੈ। ਹਲੀਮ, ਸਚਿਆਈ ਦੇ ਖੋਜੀ ਲੋਕ ਸਿਰਫ਼ ਇਹੀ ਕਰਨ ਲਈ ਉਤਸੁਕ ਹਨ।

ਬੇਸ਼ੱਕ ਅੱਜ ਵਾਂਗ ਹੀ, ਯਿਸੂ ਦੇ ਸਮੇਂ ਵਿਚ ਵੀ ਚਮਤਕਾਰ ਕਰਨ ਦੇ ਝੂਠੇ ਦਾਅਵੇ ਕੀਤੇ ਜਾਂਦੇ ਸਨ; ਪਰ ਸਾਫ਼ ਨਜ਼ਰ ਆਉਣ ਵਾਲੇ ਫ਼ਰਕ ਵਿਚ ਅਸਲੀ ਗੱਲ ਕਾਇਮ ਰਹਿਣੀ ਸੀ। ਸਾਫ਼ ਤੌਰ ਤੇ ਚਮਤਕਾਰ ਯਿਸੂ ਦੇ ਕੰਮ ਵਿਚ ਅਲੌਕਿਕ ਸਨ। ਉਨ੍ਹਾਂ ਵਿੱਚੋਂ ਜ਼ਿਆਦਾਤਰ ਕੰਮ ਫ਼ੌਰੀ ਸਨ। ਲੋਕਾਂ ਦੀ ਨਜ਼ਰ, ਸੁਣਨਾ, ਬੋਲਣਾ, ਓਸੇ ਵੇਲੇ ਬਹਾਲ ਕੀਤਾ ਜਾਂਦਾ; ਕੋੜ੍ਹ ਨੂੰ ਦੂਰ ਕੀਤਾ ਜਾਂਦਾ ਸੀ; ਬਦਰੂਹਾਂ ਨੂੰ ਕੱਢਿਆ ਜਾਂਦਾ ਸੀ, ਲੰਗੜਿਆਂ ਨੂੰ ਠੀਕ ਕੀਤਾ ਜਾਂਦਾ ਅਤੇ ਚਲਾਇਆ ਜਾਂਦਾ ਸੀ। ਕਈਆਂ ਨੂੰ ਤਾਂ ਮੁਰਦਿਆਂ ਵਿੱਚੋਂ ਜ਼ਿੰਦਾ ਵੀ ਕੀਤਾ ਗਿਆ ਸੀ।

ਸਦੀਆਂ ਤੋਂ ਬਹੁਤ ਸਾਰੇ ਲੋਕ ਝੂਠੇ ਗਵਾਹਾਂ ਤੋਂ ਗੁਮਰਾਹ ਹੁੰਦੇ ਰਹੇ ਹਨ, ਕਿਉਂ ਜੋ ਉਨ੍ਹਾਂ ਨੂੰ ''ਸਚਿਆਈ ਨਾਲ ਪ੍ਰੇਮ'' ਨਹੀਂ ਸੀ (2 ਥੱਸਲੁਨੀਕੀਆਂ 2:8–12)। ਇਹ ਗੱਲ ਸਮਝ ਤੋਂ ਬਾਹਰ ਹੀ ਲਗਦੀ ਹੈ ਕਿ ਖ਼ੁਦਾ ਸਚਿਆਈ ਦੀ ਥਾਂ ਕੁਧਰਮ ਤੋਂ ਖੁਸ਼ ਹੋਣ ਵਾਲੇ ਲੋਕਾਂ ਵਿਚ ''ਧੋਖੇ ਦਾ ਅਸਰ'' (ਝੂਠ ਦੇ ਸਪੁਰਦ ਕਰ ਦੇਣਾ) ਘੱਲੇ, ਪਰ ਉਸ ਨੇ ਘੱਲਿਆ!

ਇਹ ਯਹੂਦੀ ਉਜਾੜ ਵਿਚ ਆਪਣੇ ਪੁਰਖਿਆਂ ਵਰਗੇ ਹੀ ਸਨ, ਜਿਹੜੇ ਐਨੇ ਸਾਰੇ ਮੋਅਜਜ਼ੇ ਵੇਖਣ ਦੇ ਬਾਵਜੂਦ ਜਿਹੜੇ ਉਸ ਨੇ ਉਨ੍ਹਾਂ ਲਈ ਕੀਤੇ ਸਨ, ਖ਼ੁਦਾ ਤੋਂ ਫਿਰ ਗਏ ਸਨ। **ਇਸ ਪੀੜ੍ਹੀ** (γενεά, *ਜੀਨੀਆ*) ਤੋਂ ਭਾਵ ਉਹ ਲੋਕ ਹਨ ਜਿਹੜੇ ਉਸ ਸਮੇਂ ਰਹਿ ਰਹੇ ਸਨ। 13:30, 31 ਵਿਚ ਯਿਸੂ ਨੇ ਆਖਿਆ, ''ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜਦ ਤੋੜੀ ਏਹ ਸਭ ਗੱਲਾਂ ਨਾ ਹੋ ਲੈਣ *ਇਹ ਪੀੜ੍ਹੀ* ਬੀਤ ਨਾ ਜਾਵੇਗੀ ਅਕਾਸ਼ ਅਤੇ ਧਰਤੀ ਟਲ ਜਾਣਗੇ ਪਰ ਮੇਰੇ ਬਚਨ ਕਦੀ ਨਾ ਟਲਣਗੇ'' (ਜ਼ੋਰ ਦਿੱਤਾ ਗਿਆ ਹੈ; ਵੇਖੋ ਮੱਤੀ 24:34, 35)।

**ਸਤ** (ἀμήν, *ਆਮੀਨ*, ''ਯਕੀਨਨ'') ਸਹੁੰ ਵਰਗਾ ਹੀ ਸੀ। ਆਰ. ਏ. ਕੋਲ ਨੇ ਦੱਸਿਆ ਹੈ ਕਿ ''ਸਾਮੀ ਬੋਲਚਾਲ ਵਿਚ, ਇਸ ਵਿਚ ਸਹੁੰ ਦੀ ਪੂਰੀ ਤਾਕਤ ਹੁੰਦੀ ਹੈ, ਉਵੇਂ ਹੀ ਜਿਵੇਂ ਕਿਸੇ ਯਹੂਦੀ ਲਈ ਦੋ ਵਾਰ 'ਆਮੀਨ' ਕਹਿਣਾ'' (ਵੇਖੋ ਯੂਹੰਨਾ 1:51)। ਉਸ ਨੇ ਨਿਚੋੜ ਕੱਢਿਆ, ''ਇਹ ਪ੍ਰਭੂ ਵੱਲੋਂ ਕੀਤੀ ਕਿਸੇ ਕਾਰਵਾਈ ਤੋਂ ਜਿਸਨੂੰ ਉਸ ਨੇ ਪਰਤਾਏ ਜਾਣ ਵੇਲੇ ਨਕਾਰ ਦਿੱਤਾ ਸੀ, ਪੱਕਾ ਇਨਕਾਰ ਕਰਨਾ ਸੀ'' (ਮੱਤੀ 4:6, 7)।[9] ਯਿਸੂ ਦਾ ਸ਼ਤਾਨ ਨਾਲ ਕੋਈ ਮੇਲ ਨਹੀਂ ਸੀ। ਆਪਣੇ ਪਰਤਾਏ ਜਾਣ ਵੇਲੇ ਉਸ ਨੇ ਪੱਕਾ ਇਰਾਦਾ ਕੀਤਾ ਸੀ ਕਿ ਸਿਰਫ਼ ਲੋਕਾਂ ਵਿਚ ਜਾਂ ਵਿਖਾਵੇ ਲਈ ਇਸ ਰਾਹ ਤੇ ਨਹੀਂ ਚੱਲਣਾ।

ਇਹ ਹਾਲਤ ਨਾਸਰਤ ਦੀ ਹਾਲਤ ਵਰਗੀ ਸੀ (ਮੱਤੀ 13), ਜਿੱਥੇ ਲੋਕਾਂ ਦੇ ਵਿਸ਼ਵਾਸ ਦੀ ਘਾਟ ਦੇ ਕਾਰਣ, ਯਿਸੂ ਸਿਰਫ਼ *ਛੋਟੀਆਂ* ਮੋਟੀਆਂ ਕੁਝ ਚੰਗਿਆਂ ਨੂੰ ਛੱਡਕੇ ''ਸਮਰੱਥਾ ਦੇ ਕੰਮ'' ਨਹੀਂ ਕਰ ਸਕਿਆ (ESV)। ਯਹੂਦੀਆਂ ਦੇ ਨਿਸ਼ਾਨ ਮੰਗਣ ਦੀ ਗੱਲ ਇੰਜੀਲ ਦੇ ਚਾਰਾਂ ਵਿਰਤਾਂਤਾਂ ਵਿਚ ਹੈ।[10] 8:12 ਵਿਚ ਯਿਸੂ ਨੂੰ ਇਹ ਕਹਿੰਦੇ ਵਿਖਾਇਆ ਗਿਆ ਹੈ, **ਇਸ ਪੀੜ੍ਹੀ ਦੇ ਲੋਕਾਂ ਨੂੰ ਕੋਈ ਨਿਸ਼ਾਨ ਨਾ ਦਿੱਤਾ** ਜਾਣਾ ਸੀ। ਉੱਥੇ ਹੀ ਮੱਤੀ 16:4 ਵਿਚ ਉਸ ਨੇ ਆਖਿਆ ਕਿ ਯੂਨਾਹ ਦੇ ਨਿਸ਼ਾਨ ਨੂੰ ਛੱਡ ਉਨ੍ਹਾਂ ਨੂੰ ਕੋਈ ਹੋਰ ਨਿਸ਼ਾਨ ਨਹੀਂ ਦਿੱਤਾ ਜਾਣਾ ਸੀ।[11] ਇਹ ਕਹਿਣ ਤੋਂ ਬਾਅਦ, **ਉਹ ਉਨ੍ਹਾਂ ਨੂੰ ਛੱਡ ਕੇ ਫੇਰ ਬੇੜੀ ਉੱਤੇ ਚੜ੍ਹਿਆ ਅਤੇ ਪਾਰ ਚੱਲਿਆ ਗਿਆ।** ਉਨ੍ਹਾਂ ਲਈ ਜਿਹੜੇ ਜਾਣ–ਬੁੱਝ ਕੇ ਯਿਸੂ ਦੇ ਮੋਅਜਜ਼ਿਆਂ ਤੋਂ ਅੱਖਾਂ ਮੀਟ ਰਹੇ ਸਨ, ਹੋਰ ਕੋਈ ਵੀ ਨਿਸ਼ਾਨ ਬੇਕਾਰ ਹੋਣਾ ਸੀ।

ਜਿੱਥੇ ਕਿਤੇ ਨਿਹਚਾ ਕਰਨ ਵੱਲ ਝੁਕਾਅ ਸੀ, ਉੱਥੇ ਯਿਸੂ ਨੇ ਇਸ ਨੂੰ ਮਜ਼ਬੂਤ ਕਰਨ ਲਈ ਹੋਰ ਸਬੂਤ ਦੇਣਾ ਸੀ; ਪਰ ਜਿੱਥੇ ਵਿਸ਼ਵਾਸ ਕਰਨ ਦੀ ਕੋਈ ਇੱਛਾ ਨਹੀਂ ਸੀ ਉੱਥੇ ਉਸ ਨੇ ਹੁੰਦਾ ਵੀ ਤਾਂ ਬਹੁਤ ਘੱਟ ਮੋਅਜਜ਼ੇ ਕਰਨੇ ਸਨ। ਉਹਦੇ ਮੋਅਜਜ਼ਿਆਂ ਨਾਲ ਪਹਿਲਾਂ ਤੋਂ ਇਹ ਵਿਖਾ ਦਿੱਤਾ ਗਿਆ ਸੀ ਕਿ ਇਤਿਹਾਸ ਦੀ ਸਭ ਤੋਂ ਵੱਡੀ ਘਟਨਾ ਵਾਪਰ ਚੁੱਕੀ ਹੈ। ਖਾਮੋਸ਼ੀ ਦੇ ਚਾਰ ਸੌ ਸਾਲ ਜਿਨ੍ਹਾਂ ਵਿਚ ਕਿਸੇ ਅਸਲ ਨਬੀ ਵੱਲੋਂ ਕਈ ਗੱਲ ਨਹੀਂ ਕੀਤੀ ਗਈ ਸੀ, ਬੀਤ ਚੁੱਕੇ ਸਨ ਪਰ ਹੁਣ ਖ਼ੁਦਾ ਉਸ ਪੁਰਾਣੇ ਯੁੱਗ ਤੋਂ ਫ਼ਰਕ ਕਾਰਵਾਹੀ ਕਰਨ ਲਈ ਤਿਆਰ ਸੀ। ਇਹ ਯਹੂਦੀ ਆਗੂ, ਜਿਹੜੇ ਪੁਰਾਣੇ ਨੇਮ ਦੇ ਐਨੇ ਕੁ ਆਦੀ ਸਨ ਕਿ ਉਹ ਇਨ੍ਹਾਂ ਨਿਸ਼ਾਨਾਂ ਨੂੰ ਜਿਹੜੇ ਉਹਨੇ ਆਪਣੀ ਸੇਵਕਾਈ ਦੌਰਾਨ ਵਿਖਾਏ ਸਨ, ਮੰਨਣ ਲਈ ਤਿਆਰ ਨਹੀਂ ਸਨ, ਖ਼ੁਦਾ ਦੇ ਪੁੱਤਰ ਤੋਂ ਹੋਰ ਨਿਸ਼ਾਨ ਮੰਗ ਰਹੇ ਸਨ। ਉਨ੍ਹਾਂ ਦੇ ਮਨ ਕਿੰਨੇ ਸਖ਼ਤ ਅਤੇ ਤੰਗ ਸਨ! ਐਨਾ ਸਮਾਂ ਬੀਤ ਜਾਣ ਤੋਂ ਬਾਅਦ ਨਿਸ਼ਾਨਾਂ ਦਾ ਥੋੜ੍ਹਾ ਜਿਹਾ ਸੰਕੇਤ ਉਨ੍ਹਾਂ ਦੇ ਇਹ ਮੰਨ ਲੈਣ ਲਈ ਕਾਫ਼ੀ ਹੋਣਾ ਚਾਹੀਦਾ ਸੀ ਕਿ ਖ਼ੁਦਾ ਦੁਨੀਆਂ ਵਿਚ ਕੰਮ ਕਰ ਰਿਹਾ ਹੈ।

ਯਹੂਦੀਆਂ ਨੇ ਇਹ ਮੰਨਿਆ ਕਿ ਦੋਹਾਂ ਨੇਮਾਂ ਦੇ ਚਾਰ ਸੌ ਸਾਲਾਂ ਦੇ ਅੰਤਰਾਲ ਦੌਰਾਨ ਉਨ੍ਹਾਂ ਨੇ ਕਿਸੇ ਨਬੀ ਨੂੰ ਕਦੇ ਨਹੀਂ ਸੁਣਿਆ ਸੀ। ਇਹ ਹੋ ਸਕਦਾ ਹੈ ਕਿ ਉਨ੍ਹਾਂ ਨੇ ਸੀਰੀਆ ਦੀ ਐਨੀ ਵੱਡੀ ਫ਼ੌਜ ਦੀ ਹਾਰ ਨੂੰ (ਲਗਭਗ 165 ਈ.ਪੂ.) ਖ਼ੁਦਾ ਦਾ ਚਮਤਕਾਰੀ ਕੰਮ ਮੰਨ ਲਿਆ ਹੋਵੇ। ਪਰ ਯਿਸੂ ਵੱਲੋਂ ਕੀਤੇ ਮੋਅਜਜ਼ੇ ਉਨ੍ਹਾਂ ਵਿਚ ਖ਼ੁਦਾ ਦੀ ਸ਼ਕਤੀ ਦਾ ਸਾਫ਼ ਮੁਜ਼ਾਹਰਾ ਸਨ।

ਲਗਦਾ ਹੈ ਕਿ ਨਿਸ਼ਾਨਾਂ ਦੀ ਮੰਗ ਨੇ ਯਿਸੂ ਨੂੰ ਐਨਾ ਨਿਰਾਸ਼ ਕਰ ਦਿੱਤਾ ਕਿ ਉਹ ਫੇਰ ਗਲੀਲ ਦੀ ਝੀਲ ਦੇ ਦੂਜੇ ਪਾਸੇ ਚਲਿਆ ਗਿਆ, ਜਿੱਥੇ ਉਸ ਨੇ ਉਨ੍ਹਾਂ ਗੈਰਕੌਮਾਂ ਵਿਚ ਹੋਣਾ ਸੀ ਜਿਨ੍ਹਾਂ ਦੇ ਮਨ ਖੁੱਲ੍ਹੇ ਸਨ ਅਤੇ ਜਿਨ੍ਹਾਂ ਨੇ ਉਹਦੇ ਵਚਨ ਮੰਨ ਲੈਣੇ ਸਨ। ਯੂਹੰਨਾ 1:11 ਦੀ ਗੱਲ ਇਕ ਅਫ਼ਸੋਸਨਾਕ

ਅਤੇ ਬਾਰ-ਬਾਰ ਹੋਣ ਵਾਲੀ ਘਟਨਾ ਨੂੰ ਵਿਖਾਉਂਦੀ ਹੈ: ''ਉਹ ਆਪਣੇ ਘਰ ਆਇਆ ਅਤੇ ਉਸ ਦੇ ਆਪਣਿਆਂ ਨੇ ਉਸ ਨੂੰ ਕਬੂਲ ਨਹੀਂ ਕੀਤਾ।'' ''ਪਰਾਈਆਂ ਕੌਮਾਂ ਦੀ ਗਲੀਲ'' ਵਿਚ ਉਸ ਦਾ ਵਾਪਸ ਚਲਿਆ ਜਾਣਾ ਨਬੂਵਤ ਦਾ ਪੂਰਾ ਹੋਣਾ ਸੀ, ਅਤੇ ਮੱਤੀ 4: 12-16 ਵਿਚ ਯਸਾਯਾਹ 9: 1, 2 ਨੂੰ ਦੁਹਰਾਇਆ ਗਿਆ ਹੈ:

> ਜਦ ਉਹ ਨੇ ਸੁਣਿਆ ਕਿ ਯੂਹੰਨਾ ਫੜ੍ਹਿਆ ਗਿਆ ਤਾਂ ਉਹ ਗਲੀਲ ਨੂੰ ਤੁਰ ਪਿਆ। ਅਤੇ ਨਾਸਰਤ ਨੂੰ ਛੱਡ ਕੇ ਕਫ਼ਰਨਾਹੂਮ ਵਿਚ ਜਾ ਰਿਹਾ ਜਿਹੜਾ ਝੀਲ ਦੇ ਕੰਢੇ ਜ਼ਬੂਲੁਨ ਅਤੇ ਨਫ਼ਥਾਲੀ ਦੇ ਬੰਨਿਆਂ ਵਿਚ ਹੈ। ਕਿ ਯਸਾਯਾਹ ਨਬੀ ਦਾ ਵਾਕ ਪੂਰਾ ਹੋਵੇ ਕਿ
>
> ਜ਼ਬੂਲੁਨ ਦੀ ਧਰਤੀ ਅਤੇ ਨਫ਼ਥਾਲੀ ਦੀ ਧਰਤੀ,<br>
> ਸਮੁੰਦਰ ਦੀ ਰਾਹ ਯਰਦਨੋਂ ਪਾਰ,<br>
> ਪਰਾਈਆਂ ਕੌਮਾਂ ਦੀ ਗਲੀਲ-<br>
> ਜਿਹੜੇ ਲੋਕ ਅਨ੍ਹੇਰੇ ਵਿਚ ਬੈਠੇ ਹੋਏ ਸਨ,<br>
> ਉਨ੍ਹਾਂ ਨੇ ਵੱਡਾ ਚਾਨਣ ਵੇਖਿਆ,<br>
> ਅਤੇ ਜਿਹੜੇ ਮੌਤ ਦੇ ਦੇਸ਼ ਅਤੇ ਛਾਇਆ ਵਿਚ ਬੈਠੇ ਹੋਏ ਸਨ,<br>
> ਉਨ੍ਹਾਂ ਲਈ ਚਾਨਣ ਪ੍ਰਕਾਸ਼ ਹੋਇਆ।

ਯਸਾਯਾਹ ਨੇ ਅੱਗੇ ਆਖਿਆ,

> ਸਾਡੇ ਲਈ ਤਾਂ ਇਕ ਬਾਲਕ ਜੰਮਿਆਂ,<br>
> ਅਤੇ ਸਾਨੂੰ ਇਕ ਪੁੱਤਰ ਬਖ਼ਸ਼ਿਆ ਗਿਆ,<br>
> ਰਾਜ ਉਹਦੇ ਮੋਢੇ ਉੱਤੇ ਹੋਵੇਗਾ,<br>
> ਅਤੇ ਉਹ ਦਾ ਨਾਮ ਇਉਂ ਸੱਦਿਆ ਜਾਵੇਗਾ,<br>
> ਅਚਰਜ ਸਲਾਹੂ, ਸ਼ਕਤੀਮਾਨ ਪਰਮੇਸ਼ੁਰ,<br>
> ਅਨਾਦੀ ਪਿਤਾ, ਸ਼ਾਂਤੀ ਦਾ ਰਾਜ ਕੁਮਾਰ (ਯਸਾਯਾਹ 9:6)।

## ''ਫ਼ਰੀਸੀਆਂ ਅਤੇ ਹੇਰੋਦੇਸ ਦੇ ਖ਼ਮੀਰ ਤੋਂ ਖ਼ਬਰਦਾਰ ਰਹੋ'' (8:14-16)[12]

**[14]ਓਹ ਰੋਟੀ ਲੈਣੀ ਭੁੱਲ ਗਏ ਸਨ ਅਰ ਬੇੜੀ ਵਿੱਚ ਇਕ ਰੋਟੀ ਦੇ ਬਿਨਾ ਉਨ੍ਹਾਂ ਕੋਲ ਹੋਰ ਕੁਝ ਨਾ ਸੀ [15]ਉਸ ਨੇ ਉਨ੍ਹਾਂ ਨੂੰ ਤਗੀਦ ਨਾਲ ਆਖਿਆ ਕਿ ਖ਼ਬਰਦਾਰ ਫ਼ਰੀਸੀਆਂ ਦੇ ਖ਼ਮੀਰ ਅਤੇ ਹੇਰੋਦੇਸ ਦੇ ਖ਼ਮੀਰ ਤੋਂ ਚੌਕਸ ਰਹੋ! [16]ਤਦ ਓਹ ਆਪੋ ਵਿੱਚ ਵਿਚਾਰ ਕਰ ਕੇ ਆਖਣ ਲੱਗੇ ਭਈ ਸਾਡੇ ਕੋਲ ਰੋਟੀ ਜੋ ਨਹੀਂ।**

**ਆਇਤਾਂ 14-16 ਫ਼ਰੀਸੀਆਂ ਦੇ ਖ਼ਮੀਰ** ਯਹੂਦੀ ਧਰਮ ਦੇ ਰਸਮੋ-ਰਿਵਾਜ਼ਾਂ ਨੂੰ ਕਿਹਾ ਗਿਆ ਹੈ। ਧਾਰਮਿਕ ਆਗੂ ਆਪਣੀਆਂ ਰੀਤਾਂ ਦਾ ਵਿਖਾਵਾ ਕਪਟ ਭਰੇ ਢੰਗ ਨਾਲ ਕਰਦੇ ਸਨ। ਲੂਕਾ 12: 1 ਵਿਚ ਯਿਸੂ ਨੇ ਇਹ ਸਾਫ਼ ਵੇਰਵਾ ਦਿੱਤਾ:

> ਐਨੇ ਨੂੰ ਜਾਂ ਹਜ਼ਾਰਾਂ ਲੋਕ ਇਕੱਠੇ ਹੋਏ ਐਥੋਂ ਤੋੜੀ ਜੋ ਇਕ ਦੂਏ ਉੱਤੇ ਡਿੱਗਿਆ ਪੈਂਦਾ ਸੀ ਤਾਂ ਉਹ ਪਹਿਲਾਂ ਆਪਣੇ ਚੇਲਿਆਂ ਨੂੰ ਕਹਿਣ ਲੱਗਾ ਕਿ ਫ਼ਰੀਸੀਆਂ ਦੇ ਖ਼ਮੀਰ ਤੋਂ ਜੋ ਕਪਟ ਹੈ ਹੁਸ਼ਿਆਰ ਰਹੋ।

ਫ਼ਰੀਸੀਆਂ ਨੇ ਯਿਸੂ ਤੋਂ ਜਿਸ ਤਰੀਕੇ ਨਾਲ ਸਵਾਲ ਪੁੱਛੇ ਉਸ ਤੋਂ ਉਨ੍ਹਾਂ ਦੀ ਵਿਚ ਇਸੇ ਸੋਚ ਦਾ ਪਤਾ ਲੱਗਾ। ਉਨ੍ਹਾਂ ਨੇ ਪੁੱਛਿਆ ਜ਼ਰੂਰੀ ਸੀ, ਪਰ ਅਸਲ ਵਿਚ ਉਹ ਜਵਾਬ ਦੀ ਤਲਾਸ਼ ਵਿਚ ਨਹੀਂ ਸਨ; ਕਿਉਂ ਜੋ ਜਦੋਂ ਵੀ ਯਿਸੂ ਜਵਾਬ ਦਿੰਦਾ, ਉਹ ਉਸ ਦਾ ਖੰਡਨ ਕਰ ਦਿੰਦੇ ਅਤੇ ਉਸ ਨੂੰ ਹਰਾਉਣ ਜਾਂ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ। ਉਨ੍ਹਾਂ ਦੀਆਂ ਸਿੱਖਿਆਵਾਂ ਬੇਸ਼ੱਕ ਮੂਸਾ ਦੀਆਂ ਸਿੱਖਿਆਵਾਂ ਹੀ ਸਨ (ਮੱਤੀ 23: 1–3); ਪਰ ਉਨ੍ਹਾਂ ਦੀਆਂ ਜ਼ਬਾਨੀ ਰੀਤਾਂ ਨਾਲ ਮਿਲ ਕੇ ਉਨ੍ਹਾਂ ਦੀਆਂ ਰੀਤਾਂ ਅਸਲ ਧਾਰਮਿਕਤਾ ਤੋਂ ਕਿਤੇ ਘੱਟ ਸਨ।

ਬੁਰਿਆਈ ਅਤੇ ਝੂਠੀ ਸਿੱਖਿਆ ਦੇ ਪ੍ਰਤੀਕ ਦੇ ਤੌਰ ਤੇ ਬਾਈਬਲ ''ਖ਼ਮੀਰ'' ਸ਼ਬਦ ਦੀ ਵਰਤੋਂ ਕਰਦੀ ਹੈ। ਖ਼ਮੀਰ ਵਾਂਗ, ਝੂਠੀ ਸਿੱਖਿਆ ਕਿਸੇ ਵੀ ਚੀਜ਼ ਵਿਚ ਵੜ ਕੇ ਉਸ ਨੂੰ ਦੂਸ਼ਿਤ ਕਰ ਸਕਦੀ ਹੈ (ਗਲਾਤੀਆਂ 5:9)।[13] ਪਸਾਹ ਦੇ ਮੌਕੇ ਤੇ ਯਹੂਦੀਆਂ ਦੇ ਘਰਾਂ ਵਿੱਚੋਂ ਖ਼ਮੀਰ ਨੂੰ ਕੱਢਣਾ ਜ਼ਰੂਰੀ ਹੁੰਦਾ ਸੀ (ਕੂਚ 12: 18–20)। ਇਨ੍ਹਾਂ ਭੇਟਾਂ ਨਾਲ ਇਸ ਦੀ ਵਰਤੋਂ ਦੀ ਮਨਾਹੀ ਸੀ (ਵੇਖੋ ਕੂਚ 23: 18; 34: 25; ਲੇਵੀਆਂ 2: 11; 6: 17)।

**ਹੇਰੋਦੇਸ ਦੇ ਖ਼ਮੀਰ** ਅਤੇ ''ਫ਼ਰੀਸੀਆਂ ਦਾ ਖ਼ਮੀਰ'' ਭਾਵੇਂ ਦੋਵੇਂ ਹੀ ਬੁਰੇ ਪ੍ਰਭਾਵ ਸਨ, ਪਰ ਦੋਵੇਂ ਵੱਖੋ–ਵੱਖ ਹੋ ਸਕਦੇ ਹਨ। ਧਾਰਮਿਕ ਆਗੂ ਬਾਈਬਲ ਤੋਂ ਹਟ ਕੇ ਰੀਤ ਨੂੰ ਮੰਨਣਾ ਸਿਖਾਉਂਦੇ ਸਨ; ਇਸ ਕਰਕੇ ਉਨ੍ਹਾਂ ਦੀ ਸਿੱਖਿਆ ਵਿਚ ਛੁਡਾਉਣ ਵਾਲੀ ਰੂਹਾਨੀ ਕੀਮਤ, ਨਾ ਦੇ ਬਰਾਬਰ ਸੀ। ਸ਼ਾਨੋ ਸ਼ੌਕਤ ਵਾਲੀ ਜ਼ਿੰਦਗੀ ਵਾਲੇ ਹੇਰੋਦੇਸ ਵੱਲ ਇਸ਼ਾਰਾ, ਸ਼ਾਇਦ ਯਿਸੂ ਅਤੇ ਉਨ੍ਹਾਂ ਬਾਰ੍ਹਾਂ ਦੇ ਗਲੀਲ ਦੀ ਝੀਲ ਦੇ ਪਾਰ ਜਾਂਦਿਆਂ ਤਿਬਰਿਆਸ ਵਿਚ ਉਹਦੇ ਸ਼ਾਨਦਾਰ ਮਹਿਲ ਨੂੰ ਵੇਖ ਕੇ ਦਿੱਤਾ ਗਿਆ ਹੋ ਸਕਦਾ ਹੈ।

ਯਿਸੂ ਦੇ ਪੈਰੋਕਾਰਾਂ ਲਈ ਹੇਰੋਦੇਸ ਜਾਂ ਫ਼ਰੀਸੀਆਂ ਵਰਗੇ ਬਣਨਾ ਆਪਣੇ ਆਪ ਨੂੰ ਆਪਣੇ ਆਲੇ ਦੁਆਲੇ ਦੀ ਦੁਨੀਆਂ ਵਰਗੇ ਬਣਾ ਦੇਣਾ ਹੋਣਾ ਸੀ। ਹੇਰੋਦੇਸ ਦਾ ''ਖ਼ਮੀਰ'' ''ਆਪਣੀ ਸੇਵਾ ਕਰਨ ਵਾਲਾ'' ਰਵੱਈਆ ਹੋਵੇਗਾ, ਜਿਸ ਕਰਕੇ ਭਾਵੇਂ ਉਹ ਯੂਹੰਨਾ ਬਪਤਿਸਮਾ ਦੇਣ ਵਾਲੇ ਤੋਂ ਪ੍ਰਭਾਵਿਤ ਵੀ ਸੀ ਪਹਿਲਾਂ ਉਸ ਨੇ ਜੇਲ੍ਹ ਵਿਚ ਪਾਇਆ ਅਤੇ ਫਿਰ ਉਸ ਨੂੰ ਮਾਰ ਦਿੱਤਾ।

ਯਿਸੂ ਨੇ ਆਖਿਆ, **''ਖ਼ਬਰਦਾਰ !''** ਉਹ ਚਾਹੁੰਦਾ ਸੀ ਕਿ ਉਸ ਦੇ ਰਸੂਲ ਬੁਰੇ ਪ੍ਰਭਾਵਾਂ ਵਾਲੇ ''ਖ਼ਮੀਰ'' ਤੋਂ **ਚੌਕਸ** ਰਹਿਣਾ ਗਲਤ ਰੀਤਾਂ ਅਤੇ ਗਲਤ ਸਿੱਖਿਆਵਾਂ ਨੇ ਉਨ੍ਹਾਂ ਨੂੰ ਜ਼ਿੰਦਗੀ ਦੀ ਬਜਾਇ ਬਰਬਾਦੀ ਵੱਲ ਲੈ ਜਾਣਾ ਸੀ। ਇਸ ਚਿਤਾਵਨੀ ਨੂੰ ਸੁਣ ਕੇ ਚੇਲੇ ਹੈਰਾਨ ਹੋਏ ਹੋਣਗੇ, ''ਹੁਣ ਅਸੀਂ ਕੀ ਗਲਤੀ ਕੀਤੀ ਹੈ?'' ਉਨ੍ਹਾਂ ਨੂੰ ਦੂਰਦਰਸ਼ੀ ਨਾ ਹੋਣ ਦਾ ਇਲਜ਼ਾਮ ਲੱਗਣ ਦੀ ਉਮੀਦ ਹੋਵੇਗੀ। ਕਿਉਂ ਜੋ **ਓਹ ਰੋਟੀ ਲੈਣੀ ਭੁੱਲ ਗਏ ਸਨ,** ਸੋ ਇਕ ਵਾਰ ਫੇਰ ਤੋਂ ਉਨ੍ਹਾਂ ਨੇ ਯਿਸੂ ਦੀ ਸਿੱਖਿਆ ਦਾ ਮਤਲਬ ਗਲਤ ਕੱਢਿਆ। ਉਨ੍ਹਾਂ ਦੇ ਧਿਆਨ ਵਿਚ ਫਟਕਾਰ ਸੀ, ਜਦਕਿ ਉਹਦਾ ਅਜਿਹਾ ਕੋਈ ਇਰਾਦਾ ਨਹੀਂ ਸੀ।

ਯਿਸੂ ਨੇ ਉਨ੍ਹਾਂ ਦੇ ਦੂਰਦਰਸ਼ੀ ਨਾ ਹੋਣ ਤੇ ਉਨ੍ਹਾਂ ਉੱਤੇ ਕੋਈ ਇਲਜ਼ਾਮ ਨਹੀਂ ਲਾਇਆ ਬਲਕਿ ਵਿਸ਼ਵਾਸ ਦੀ ਘਾਟ ਕਰਕੇ ਇਲਜ਼ਾਮ ਲਾਇਆ। ਪਿਛਲੇ ਅਨੁਭਵਾਂ ਤੋਂ ਉਹ ਇਹ ਸਮਝ ਨਹੀਂ ਸਕੇ ਸਨ ਕਿ ਯਿਸੂ ਨੇ ਉਨ੍ਹਾਂ ਲਈ ਮੁਹੱਈਆ ਕਰਵਾਇਆ ਸੀ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਸੀ ਕਿ ਉਹਨੂੰ ਰੋਟੀ ਦੀ ਚਿੰਤਾ ਨਹੀਂ ਸੀ ਕਿਉਂਕਿ ਉਸ ਨੇ ਵਿਖਾ ਦਿੱਤਾ ਸੀ ਕਿ ਉਹ ਭੀੜ ਨੂੰ ਖੁਆ ਸਕਦਾ ਹੈ। ਇਸ ਦੇ ਉਲਟ ਉਸ ਨੂੰ ਇਹ ਚਿੰਤਾ ਸੀ ਕਿ ਉਹਦੇ ਚੇਲੇ ਬੁਰੀਆਂ ਰੀਤਾਂ ਜਾਂ ਝੂਠੀਆਂ ਸਿੱਖਿਆਵਾਂ ਤੇ ਨਾ ਚੱਲ ਪੈਣ। ਫ਼ਰੀਸੀਆਂ ਦੇ ਅਤੇ ਹੇਰੋਦੇਸ ਦੇ ''ਖ਼ਮੀਰ'' ਦੋਹਾਂ ਵਿਚ ਦੋਵੇਂ ਗੱਲਾਂ ਹੋਣਗੀਆਂ।

## ''ਭਲਾ ਤੁਸੀਂ ਅਜੇ ਤਕ ਨਹੀਂ ਸਮਝੇ ?'' (8:17-21)[14]

**17ਯਿਸੂ ਨੇ ਇਹ ਜਾਣ ਕੇ ਉਨ੍ਹਾਂ ਨੂੰ ਆਖਿਆ, ਤੁਸੀਂ ਕਿਉਂ ਵਿਚਾਰ ਕਰਦੇ ਹੋ ਭਈ ਸਾਡੇ ਕੋਲ ਰੋਟੀ ਨਹੀਂ? ਭਲਾ, ਤੁਸੀਂ ਅਜੇ ਨਹੀਂ ਜਾਣਦੇ ਅਤੇ ਨਹੀਂ ਸਮਝਦੇ? ਕੀ ਤੁਹਾਡਾ ਦਿਲ ਸੁੰਨ ਹੋ ਗਿਆ?**

**[18]ਅੱਖਾਂ ਦੇ ਹੁੰਦੇ ਸੁੰਦੇ ਕੀ ਤੁਸੀਂ ਨਹੀਂ ਵੇਖਦੇ ਅਤੇ ਕੰਨਾਂ ਦੇ ਹੁੰਦਿਆਂ ਸੁੰਦਿਆਂ ਨਹੀਂ ਸੁਣਦੇ ਅਰ ਚੇਤੇ ਨਹੀਂ ਰੱਖਦੇ? [19]ਜਦ ਮੈਂ ਓਹ ਪੰਜ ਰੋਟੀਆਂ ਪੰਜਾਂ ਹਜ਼ਾਰਾਂ ਲਈ ਤੋੜੀਆਂ ਤਦ ਤੁਸਾਂ ਟੁਕੜਿਆਂ ਦੀਆਂ ਕਿੰਨੀਆਂ ਟੋਕਰੀਆਂ ਭਰੀਆਂ ਹੋਈਆਂ ਚੁੱਕੀਆਂ? ਉਨ੍ਹਾਂ ਉਸ ਨੂੰ ਆਖਿਆ, ਬਾਰਾਂ [20]ਅਤੇ ਜਦ ਸੱਤ ਰੋਟੀਆਂ ਚੋਹੁੰ ਹਜ਼ਾਰਾਂ ਲਈ ਤੋੜੀਆਂ ਤਦ ਤੁਸਾਂ ਟੁਕੜਿਆਂ ਦੇ ਕਿੰਨੇ ਟੋਕਰੇ ਭਰੇ ਹੋਏ ਚੁੱਕੇ? ਫੇਰ ਉਨ੍ਹਾਂ ਉਸ ਨੂੰ ਆਖਿਆ, ਸੱਤ [21]ਤਦ ਉਸ ਨੇ ਉਨ੍ਹਾਂ ਨੂੰ ਕਿਹਾ, ਤੁਹਾਨੂੰ ਅਜੇ ਸਮਝ ਨਹੀਂ ਆਈ?**

**ਆਇਤਾਂ 17, 18.** ਚੇਲਿਆਂ ਦੀ ਨਾਸਮਝੀ ਨੂੰ ਜਾਣਦੇ ਹੋਏ, ਯਿਸੂ ਨੇ ਉਨ੍ਹਾਂ ਤੋਂ ਪੁੱਛਿਆ, "**'ਤੁਸੀਂ ਕਿਉਂ ਵਿਚਾਰ ਕਰਦੇ ਹੋ ਭਈ ਸਾਡੇ ਕੋਲ ਰੋਟੀ ਨਹੀਂ?'**" ਖਾਣੇ ਦੇ ਦੋ ਵਾਰ ਵਧ ਜਾਣ ਦੇ ਮੋਅਜਜ਼ਿਆਂ ਨੂੰ ਵੇਖਣ ਦੇ ਬਾਵਜੂਦ ਉਨ੍ਹਾਂ ਨੂੰ ਸਮਝ ਨਹੀਂ ਆਇਆ ਸੀ ਕਿ ਯਿਸੂ ਉਨ੍ਹਾਂ ਨੂੰ ਕੀ ਵਿਖਾ ਰਿਹਾ ਸੀ। ਉਹ ਮਸੀਹ ਦੀ ਅਸੀਮ ਸ਼ਕਤੀ ਨੂੰ ਸਮਝੇ ਨਹੀਂ ਸਨ। ਯਿਸੂ ਦੀ ਦਿਆਲਤਾ ਇਸ ਗੱਲ ਵਿਚ ਨਜ਼ਰ ਆਉਂਦੀ ਹੈ ਕਿ ਉਸ ਨੇ ਤਾੜਨਾ ਨੂੰ ਦੋ ਸਵਾਲਾਂ ਵਿਚ ਰੱਖਿਆ: "**'ਭਲਾ, ਤੁਸੀਂ ਅਜੇ ਨਹੀਂ ਜਾਣਦੇ ਅਤੇ ਨਹੀਂ ਸਮਝਦੇ? ਕੀ ਤੁਹਾਡਾ ਦਿਲ ਸੁੰਨ ਹੋ ਗਿਆ?'**" ਯਿਸੂ ਅਤੇ ਚੇਲਿਆਂ ਲਈ ਇਹ ਕਿੰਨਾਂ ਦੁਖੀ ਕਰਨ ਵਾਲਾ ਸਮਾਂ ਹੋਵੇਗਾ! ਉਸ ਨੇ ਉਨ੍ਹਾਂ ਨੂੰ ਸਿਖਾਉਂਦਿਆਂ ਕਾਫ਼ੀ ਸਮਾਂ ਲਾਇਆ ਸੀ ਅਤੇ ਅਜੇ ਵੀ ਉਨ੍ਹਾਂ ਨੂੰ ਉਸ ਦੇ ਸ਼ਬਦਾਂ ਦੇ ਅਰਥ ਦੀ ਸਮਝ ਨਹੀਂ ਆ ਰਹੀ ਸੀ।

ਯਿਸੂ ਨੇ ਅੱਗੇ ਆਖਿਆ, "**'ਅੱਖਾਂ ਦੇ ਹੁੰਦੇ ਸੁੰਦੇ ਕੀ ਤੁਸੀਂ ਨਹੀਂ ਵੇਖਦੇ ਅਤੇ ਕੰਨਾਂ ਦੇ ਹੁੰਦਿਆਂ ਸੁੰਦਿਆਂ ਨਹੀਂ ਸੁਣਦੇ?'**" ਇਉਂ ਲਗਦਾ ਹੈ ਕਿ ਜਿਵੇਂ ਉਹ ਆਖ ਰਿਹਾ ਹੋਵੇ ਕਿ ਜਿਹੜੇ ਸਖ਼ਤ ਸ਼ਬਦ ਉਹਨੇ ਯਹੂਦੀਆਂ ਲਈ ਵਰਤੇ ਸਨ ਹੁਣ ਉਹ ਉਹਦੇ ਚੇਲਿਆਂ ਲਈ ਵਰਤਣੇ ਪੈਣਗੇ। ਯਿਰਮਿਯਾਹ 5:21 ਵਿੱਚੋਂ ਲਏ ਗਏ ਹਵਾਲੇ ਵਿਚ ਯਿਸੂ ਨੇ ਆਖਿਆ ਕਿ ਦ੍ਰਿਸ਼ਟਾਂਤਾਂ ਵਿਚ ਗੱਲ ਕਰਨ ਦਾ ਇਕ ਮਕਸਦ ਉਨ੍ਹਾਂ ਲੋਕਾਂ ਤੋਂ ਸਚਿਆਈ ਨੂੰ ਲੁਕਾਉਣਾ ਸੀ ਜਿਨ੍ਹਾਂ ਦੇ ਮਨ "ਨਹੀਂ ਸੁਣਦੇ" ਸਨ, ਤਾਂ ਜੋ ਉਹ ਨਾ ਸਮਝਣ (ਮੱਤੀ 13:13–17)। ਇਹ ਨਿਹਚਾ ਨਾਲ ਅਨੋਖੀਆਂ ਸਿੱਖਿਆਵਾਂ ਨੂੰ ਸਮਝਣ ਦੀ ਬੇਪਰਵਾਹੀ ਅਤੇ ਯੋਗਤਾ ਦੀ ਕਮੀ ਲਈ ਝਿੜਕ ਸੀ।

**ਆਇਤਾਂ 18-21.** ਯਿਸੂ ਨੇ ਉਨ੍ਹਾਂ ਨੂੰ ਭੀੜ ਨੂੰ ਖੁਆਉਣ ਦਾ ਆਪਣਾ ਮੋਅਜਜ਼ਾ ਚੇਤੇ ਕਰਵਾਇਆ ਤਾਂ ਜੋ ਉਨ੍ਹਾਂ ਨੂੰ ਪਤਾ ਲਗ ਜਾਵੇ ਕਿ ਉਹ ਉਨ੍ਹਾਂ ਨੂੰ ਰੋਟੀ ਲਿਆਉਣਾ ਭੁੱਲਣ ਕਰਕੇ ਨਹੀਂ ਝਿੜਕ ਰਿਹਾ ਸੀ: "**'ਅਰ ਚੇਤੇ ਨਹੀਂ ਰੱਖਦੇ? ਜਦ ਮੈਂ ਓਹ ਪੰਜ ਰੋਟੀਆਂ ਪੰਜਾਂ ਹਜ਼ਾਰਾਂ ਲਈ ਤੋੜੀਆਂ ਤਦ ਤੁਸਾਂ ਟੁਕੜਿਆਂ ਦੀਆਂ ਕਿੰਨੀਆਂ ਟੋਕਰੀਆਂ ਭਰੀਆਂ ਹੋਈਆਂ ਚੁੱਕੀਆਂ?'**" . . . "**'ਅਤੇ ਜਦ ਸੱਤ ਰੋਟੀਆਂ ਚੋਹੁੰ ਹਜ਼ਾਰਾਂ ਲਈ ਤੋੜੀਆਂ ਤਦ ਤੁਸਾਂ ਟੁਕੜਿਆਂ ਦੇ ਕਿੰਨੇ ਟੋਕਰੇ ਭਰੇ ਹੋਏ ਚੁੱਕੇ?'**" ਇਹ ਝਿੜਕ ਉਨ੍ਹਾਂ ਦੋ ਮੋਅਜਜ਼ਿਆਂ ਨੂੰ ਚੇਤੇ ਨਾ ਰੱਖਕੇ ਇਹ ਨਿਚੋੜ ਕੱਢਣ ਕਰਕੇ ਸੀ ਕਿ ਯਿਸੂ ਨੂੰ ਇਹ ਫ਼ਿਕਰ ਹੈ ਕਿ ਖਾਣਾ ਕਾਫ਼ੀ ਨਹੀਂ ਹੈ। ਉਹ ਕਿਸੇ ਵੀ ਲੋੜ ਨੂੰ ਪੂਰਾ ਕਰ ਸਕਦਾ ਸੀ। ਜੇ ਉਹ ਇਸ ਗੱਲ ਨੂੰ ਸਮਝ ਜਾਂਦੇ ਤਾਂ ਉਨ੍ਹਾਂ ਨੂੰ ਪੂਰਾ ਯਕੀਨ ਵੀ ਹੋਣਾ ਚਾਹੀਦਾ ਸੀ ਕਿ ਉਹ ਵਾਅਦਾ ਕੀਤਾ ਹੋਇਆ ਮਸੀਹ ਸੀ। ਜੇ ਉਨ੍ਹਾਂ ਨੂੰ ਸਮਝ ਸੀ ਕਿ ਉਹ ਕੌਣ ਹੈ, ਉਹ ਖਾਣੇ ਦੇ ਕਾਫ਼ੀ ਨਾ ਹੋਣ, ਝੀਲ ਦੇ ਖ਼ਤਰਿਆਂ, ਫ਼ਰੀਸੀਆਂ ਦੇ ਖ਼ੌਫ਼ ਅਤੇ ਕਿਸੇ ਵੀ ਤਰ੍ਹਾਂ ਦੇ ਹੋਰ ਖ਼ੌਫ਼ ਤੋਂ ਜਿਹੜਾ ਹੋ ਸਕਦਾ ਸੀ ਕਾਬੂ ਪਾਉਣ ਲਈ ਆਪਣੇ ਵਿਸ਼ਵਾਸ ਨੂੰ ਅਮਲ ਵਿਚ ਲਿਆ ਸਕਦੇ ਸਨ।

**ਤਦ ਉਸ ਨੇ ਉਨ੍ਹਾਂ ਨੂੰ ਕਿਹਾ, "'ਤੁਹਾਨੂੰ ਅਜੇ ਸਮਝ ਨਹੀਂ ਆਈ?'"** ਜੇ ਸਾਨੂੰ ਇਸ ਸਚਿਆਈ ਦੀ ਸਮਝ ਹੈ ਕਿ ਯਿਸੂ ਕੌਣ ਹੈ ਤਾਂ ਅਸੀਂ ਵੀ ਟੁੱਟਣ ਦੀ ਹੱਦ ਤਕ ਤਾਂ ਆ ਸਕਦੇ ਹਾਂ ਪਰ ਟੁੱਟਦੇ ਨਹੀਂ, ਜ਼ਿੰਦਗੀ ਦੀਆਂ ਗਹਿਰਾਈਆਂ ਤਕ ਆ ਕੇ ਡੁੱਬਦੇ ਨਹੀਂ ਅਤੇ ਜ਼ਿੰਦਗੀ ਦੀਆਂ ਉਚਿਆਈਆਂ ਤੇ ਆ ਕੇ ਵੱਸੋਂ ਬਾਹਰ ਨਹੀਂ ਹੁੰਦੇ। ਅਸਲ ਵਿਚ ਅਸੂਲ ਇਹੀ ਸੋਚ ਰਹੇ ਸਨ ਕਿ ਉਨ੍ਹਾਂ ਨੂੰ ਅਗਲਾ ਖਾਣਾ ਕਦੋਂ ਮਿਲੇਗਾ।[15] ਉਹ ਆਪਸ ਵਿਚ ਗੱਲਾਂ ਕਰ ਰਹੇ ਸਨ ਕਿ ਉਨ੍ਹਾਂ ਦੀ ਇਸ ਹਾਲਤ ਲਈ

ਕਿਸ ਨੂੰ ਦੋਸ਼ ਦਿੱਤਾ ਜਾਏ। ਜਵਾਬ ਨਾ ਮਿਲੀਆਂ ਮੁਸ਼ਕਿਲਾਂ ਨੂੰ ਆਪਸ ਵਿਚ ਬਹਿਸ ਕਰਨ ਦੀ ਬਜਾਇ ਸਿੱਧੇ ਪ੍ਰਭੂ ਕੋਲ ਲਿਜਾਇਆ ਜਾਣਾ ਚਾਹੀਦਾ ਸੀ। ਮੱਤੀ 16:12 ਇਹ ਵਿਖਾਉਂਦਾ ਹੈ ਕਿ ਅਖ਼ੀਰ ਵਿਚ ਉਨ੍ਹਾਂ ਨੂੰ ਸਮਝ ਆ ਗਈ ਕਿ ਉਸ ਨੇ ਫ਼ਰੀਸੀਆਂ ਦੀ ''ਸਿੱਖਿਆ'' ਦੀ ਗੱਲ ਕੀਤੀ ਸੀ ਨਾ ਕਿ ਸਚਮੁਚ ਦੇ ''ਰੋਟੀ ਦੇ ਖ਼ਮੀਰ'' ਦੀ।

## ਅੰਨ੍ਹੇ ਨੂੰ ਸੁਜਾਖਾ ਕਰਨਾ (8:22-26)

**[22]ਫੇਰ ਓਹ ਬੈਤਸੈਦਾ ਵਿੱਚ ਆਏ ਅਤੇ ਲੋਕ ਇੱਕ ਅੰਨ੍ਹੇ ਨੂੰ ਉਹਦੇ ਕੋਲ ਲਿਆਏ ਅਰ ਉਹਦੀ ਮਿੰਨਤ ਕੀਤੀ ਜੋ ਉਹ ਉਸ ਨੂੰ ਛੋਹੇ [23]ਤਾਂ ਉਹ ਉਸ ਅੰਨ੍ਹੇ ਦਾ ਹੱਥ ਫੜ੍ਹ ਕੇ ਉਸ ਨੂੰ ਪਿੰਡੋਂ ਬਾਹਰ ਲੈ ਗਿਆ ਅਰ ਉਸ ਦੀਆਂ ਅੱਖਾਂ ਵਿੱਚ ਥੁੱਕ ਕੇ ਉਸ ਉੱਤੇ ਹੱਥ ਰੱਖੇ ਅਤੇ ਉਸ ਨੂੰ ਪੁੱਛਿਆ, ਤੈਨੂੰ ਕੁਝ ਦਿੱਸਦਾ ਹੈ? [24]ਉਸ ਨੇ ਨਜ਼ਰ ਪੱਟ ਕੇ ਵੇਖਿਆ ਅਤੇ ਕਿਹਾ, ਮੈਂ ਮਨੁੱਖਾਂ ਨੂੰ ਵੇਖਦਾ ਹਾਂ ਪਰ ਓਹ ਤੁਰਦੇ ਫਿਰਦੇ ਮੈਨੂੰ ਰੁੱਖਾਂ ਵਾਂਙੁ ਦਿੱਸਦੇ ਹਨ [25]ਤਦ ਉਹ ਨੇ ਫੇਰ ਉਸ ਦੀਆਂ ਅੱਖਾਂ ਉੱਤੇ ਹੱਥ ਰੱਖੇ ਅਰ ਉਸ ਨੇ ਨਜ਼ਰ ਟਿਕਾ ਕੇ ਵੇਖਿਆ ਤਾਂ ਉਹ ਸੁਜਾਖਾ ਹੋਕੇ ਸਭ ਕੁਝ ਸਾਫ਼-ਸਾਫ਼ ਵੇਖਣ ਲੱਗਾ [26]ਅਤੇ ਉਹ ਨੇ ਇਹ ਕਹਿ ਕੇ ਜੋ ਤੂੰ ਪਿੰਡ ਵਿੱਚ ਵੜਨਾ ਭੀ ਨਾ, ਉਸ ਨੂੰ ਉਸ ਦੇ ਘਰ ਘੱਲ ਦਿੱਤਾ।**

**ਆਇਤ 22. ਫੇਰ ਓਹ ਬੈਤਸੈਦਾ ਵਿੱਚ ਆਏ।** ਇਹ ਬੈਤਸੈਦਾ ਕਫ਼ਰਨਾਹੂਮ ਦੇ ਨੇੜਲਾ ਨਹੀਂ ਬਲਕਿ ਗਲੀਲ ਦੀ ਝੀਲ ਦੇ ਉੱਤਰ ਪੂਰਵੀ ਕੰਢੇ ਵਾਲਾ ਬੈਤਸੈਦਾ ਹੈ।[16] ਇਸ ਨੂੰ ਇੱਧਰੋਂ ਦੀ ਲੰਘਣ ਵਾਲਿਆਂ ਵਿਚਕਾਰ ਹੋਣ ਵਾਲੇ ਵਪਾਰ ਤੇ ਟੈਕਸ ਇਕੱਠਾ ਕਰਨ ਵਿਚ ਮਦਦ ਲਈ, ਹੇਰੋਦੇਸ ਫ਼ਿਲਿੱਪੁਸ ਵੱਲੋਂ ਵਸਾਇਆ ਗਿਆ ਸੀ। ਉਸ ਨੇ ਸ਼ਹਿਰ ਦਾ ਨਾਂਅ ''ਯੂਲਿਆਸ,'' ਅਗਸਤੁਸ ਕੈਸਰ ਦੀ ਬਦਨਾਮ ਕੁੜੀ ਦੇ ਨਾਂਅ ਤੇ ਰੱਖਿਆ ਸੀ।

ਇੱਥੇ ਯਿਸੂ ਅਤੇ ਉਹਦੇ ਚੇਲਿਆਂ ਦੀ ਮੁਲਾਕਾਤ **ਇਕ ਅੰਨ੍ਹੇ** ਨਾਲ ਹੋਈ। ਜਿਹੜੇ ਲੋਕ ਇਸ ਆਦਮੀ ਨੂੰ ਯਿਸੂ **ਕੋਲ** ਲਿਆਏ ਸਨ, ਉਨ੍ਹਾਂ ਨੇ **ਉਹਦੀ ਮਿੰਨਤ ਕੀਤੀ ਜੋ ਉਹ ਉਸ ਨੂੰ ਛੋਹੇ।** ਵਿਲੀਅਮ ਬਾਰਕਲੇ ਨੇ ਪੁਰਾਣੇ ਸਮੇਂ ਦੇ ਮੱਧ ਪੂਰਬ ਵਿਚ ਅੰਨ੍ਹੇਪਣ ਦੀ ਆਮ ਮੁਸ਼ਕਿਲ ਦਾ ਇਹ ਸੰਖੇਪ ਮੁਲਾਂਕਣ ਦਿੱਤਾ ਹੈ:

> ਅੰਨ੍ਹਾਪਣ ਪੂਰਬ ਦੇ ਵੱਡੇ ਸਰਾਪਾਂ ਵਿੱਚੋਂ ਇਕ ਸੀ, ਜੋ ਕਿ ਅੱਜ ਵੀ ਹੈ। ਇਹ ਥੋੜ੍ਹਾ ਅੱਖਾਂ ਦੀ ਸੋਜਿਸ਼ (ophthalmia) ਅਤੇ ਥੋੜ੍ਹਾ ਸੂਰਜ ਦੀ ਤੇਜ਼ ਰੌਸ਼ਨੀ ਕਰਕੇ ਹੁੰਦਾ ਸੀ। ਇਹ ਇਸ ਨਾਲ ਹੋਰ ਵਿਗੜ ਜਾਂਦਾ ਸੀ ਕਿ ਲੋਕਾਂ ਨੂੰ ਸਿਹਤ ਵਿਗਿਆਨ ਅਤੇ ਸਾਫ਼-ਸਫ਼ਾਈ ਦਾ ਕੁਝ ਪਤਾ ਨਹੀਂ ਹੁੰਦਾ ਸੀ। ਅੱਖਾਂ ਤੇ ਪੱਪੜੀ ਜੰਮੇ ਲੋਕ ਜਿਨ੍ਹਾਂ ਤੇ ਮੱਖੀਆਂ ਭਿਣਕਦੀਆਂ ਰਹਿੰਦੀਆਂ ਸਨ, ਮਿਲਣੇ ਆਮ ਨਜ਼ਾਰਾ ਹੁੰਦਾ ਸੀ। ਸੁਭਾਵਕ ਹੀ ਹੈ ਕਿ ਇਸ ਨਾਲ ਲਾਗ ਇੱਧਰ ਉੱਧਰ ਫੈਲ ਜਾਂਦੀ ਸੀ ਅਤੇ ਅੰਨ੍ਹਾਪਣ ਫ਼ਲਸਤੀਨ ਦੀ ਮੁਸੀਬਤ ਸੀ।[17]

**ਆਇਤਾਂ 23-25.** ਹੋਰ ਹਲਚਲ ਤੋਂ ਬਚਣ ਲਈ **ਉਸ ਅੰਨ੍ਹੇ ਦਾ ਹੱਥ ਫੜ੍ਹ ਕੇ** ਯਿਸੂ **ਉਸ ਨੂੰ ਪਿੰਡੋਂ ਬਾਹਰ ਲੈ ਗਿਆ।** ਇਹ ਚੇਲੇ ਹੁਣੇ ਹੁਣੇ ਆਪਣੇ ਰੂਹਾਨੀ ਅੰਨ੍ਹੇਪਣ ਤੋਂ ਸੁਜਾਖੇ ਹੋਏ ਸਨ ਜਦ ਕਿ ਇਸ ਆਦਮੀ ਨੂੰ ਅਜੇ ਵੀ ਉਸ ਦੇ ਸਰੀਰਕ ਅੰਨ੍ਹੇਪਣ ਤੋਂ ਸੁਜਾਖੇ ਹੋਣ ਦੀ ਲੋੜ ਸੀ। ਇਸ ਕਰਕੇ ਬਾਈਬਲ ਵਿਚ ਇੱਥੇ ਇਕ ਢੁਕਵੀਂ ਕਹਾਣੀ ਹੈ। ਦੂਜੇ ਲੋਕ ਇਸ ਅੰਨ੍ਹੇ ਨੂੰ ਚੰਗਿਆਈ ਲਈ ਯਿਸੂ ਕੋਲ ਲਿਆਏ ਸਨ। ਯਿਸੂ ਅੱਗੇ ਰਹਿਮ ਕਰਨ ਦੀਆਂ ਬੇਨਤੀਆਂ ਇਸ ਆਦਮੀ ਵੱਲੋਂ ਨਹੀਂ ਬਲਕਿ ਉਨ੍ਹਾਂ ਵੱਲੋਂ ਹੀ ਬਹੁਤੀਆਂ ਆਈਆਂ ਲੱਗਦੀਆਂ ਹਨ (8:22)।

**ਉਸ ਦੀਆਂ ਅੱਖਾਂ ਵਿੱਚ ਥੁੱਕ ਕੇ ਉਸ ਉੱਤੇ ਹੱਥ ਰੱਖੇ ਅਤੇ ਉਸ ਨੂੰ ਪੁੱਛਿਆ, ਤੈਨੂੰ ਕੁਝ ਦਿੱਸਦਾ ਹੈ? ਉਸ ਨੇ ਨਜ਼ਰ ਪੱਟ ਕੇ ਵੇਖਿਆ ਅਤੇ ਕਿਹਾ, ਮੈਂ ਮਨੁੱਖਾਂ ਨੂੰ ਵੇਖਦਾ ਹਾਂ।** ਉਸ ਦੀਆਂ ਅੱਖਾਂ ਤੇ ਥੁੱਕ ਦੀ ਵਰਤੋਂ (''ਉਹਦੀਆਂ ਅੱਖਾਂ ਤੇ ਥੁੱਕ ਲਾਉਣ'') ਦਾ ਅਸਲ ਚੰਗਿਆਈ ਨਾਲ ਓਨਾਂ ਹੀ ਸਬੰਧ ਸੀ, ਜਿੰਨਾਂ ਯਿਸੂ ਦੇ ਹੱਥ ਰੱਖਣ ਦਾ। ਪਰ ਉਸ ਸਮੇਂ ਦੇ ਜ਼ਿਆਦਾਤਰ ਲੋਕਾਂ ਦਾ ਮੰਨਣਾ ਸੀ ਕਿ ਥੁੱਕ ਵਿਚ ਚੰਗਾ ਕਰਨ ਵਾਲੇ ਗੁਣ ਹੁੰਦੇ ਹਨ। ਅੰਨ੍ਹੇ ਨੂੰ ਸ਼ਾਇਦ ਇਸ ਗੱਲ ਦਾ ਪਤਾ ਸੀ ਜਿਸ ਕਰਕੇ ਯਿਸੂ ਦੀ ਕਾਰਵਾਹੀ ਨਾਲ ਉਹਦੀ ਹਿੰਮਤ ਵਧੀ ਹੋਵੇਗੀ, ਜਦ ਉਸ ਨੇ ਬੋਲੇ ਅਤੇ ਹਕਲੇ ਦੀ ਜੀਭ ਨੂੰ ਥੁੱਕ ਨਾਲ ਛੁਹਿਆ ਸੀ (7:31–37)। ਯਿਸੂ ਨੇ ਉਸ ਆਦਮੀ ਦਾ ਧਿਆਨ ਸਿਰਫ਼ ਉਸ ਗੱਲ ਵੱਲ ਖਿੱਚਿਆ, ਜਿਹੜੀ ਹੋਣ ਵਾਲੀ ਸੀ।

**ਤਦ ਉਹ ਨੇ ਫੇਰ ਉਸ ਦੀਆਂ ਅੱਖਾਂ ਉੱਤੇ ਹੱਥ ਰੱਖੇ ਅਰ ਉਸ ਨੇ ਨਜ਼ਰ ਟਿਕਾ ਕੇ ਵੇਖਿਆ ਤਾਂ ਉਹ ਸੁਜਾਖਾ ਹੋਕੇ ਸਭ ਕੁਝ ਸਾਫ਼-ਸਾਫ਼ ਵੇਖਣ ਲੱਗਾ।** ਇਸ ਮੋਅਜਜ਼ੇ ਦਾ ਇਕਦਮ ਪੂਰਾ ਹੋਣਾ ਉਸ ਆਦਮੀ ਲਈ ਹੋ ਸਕਦਾ ਹੈ ਕਿ ਡਰਾਉਣ ਵਾਲਾ ਹੋਵੇ, ਇਸ ਕਰਕੇ ਯਿਸੂ ਨੇ ਇਸ ਮੋਅਜਜ਼ੇ ਨੂੰ ਚਰਣਾ ਵਿਚ ਕੀਤਾ। ਉਹਨੂੰ ਮਨੁੱਖ ਦੀ ਹਰ ਲੋੜ ਦਾ ਪਤਾ ਸੀ ਅਤੇ ਇਸ ਅੰਨ੍ਹੇ ਦੀ ਹਾਲਤ ਬਾਰੇ ਉਸ ਦੇ ਧਿਆਨ ਦੇਣ ਤੇ ਪਤਾ ਲਗਦਾ ਹੈ ਕਿ ਉਹ ਸਾਡੀਆਂ ਭਾਵਨਾਵਾਂ ਨੂੰ ਜਾਣਦਾ ਹੈ ਅਤੇ ਸਾਡੇ ਨਾਲ ਹਮਦਰਦੀ ਰੱਖਦਾ ਹੈ।

ਉਹਦੇ ਹੱਥਾਂ ਦੀ ਦੋਹਰੀ ਵਰਤੋਂ ਹੈਰਾਨ ਕਰਨ ਵਾਲੀ ਹੈ। ਯਿਸੂ ਨੇ ਕਿਤੇ ਵੀ ਅਤੇ ਕਿਸੇ ਤੇ ਵੀ ਦੋ ਵਾਰ ਹੱਥ ਨਹੀਂ ਰੱਖੇ। ਦੋ ਕਦਮਾਂ ਵਾਲੀ ਪ੍ਰਕਿਰਿਆ ਨਾਲ ਇਸ ਆਦਮੀ ਦਾ ਜਿਸਦਾ ਹੋ ਸਕਦਾ ਹੈ ਕਿ ਸ਼ੁਰੂ ਵਿਚ ਘੱਟ ਵਿਸ਼ਵਾਸ ਹੋਵੇ ਵਿਸ਼ਵਾਸ ਵਧਾਉਣ ਵਿਚ ਮਦਦ ਮਿਲੀ ਹੋਵੇਗੀ। ਇਸ ਨਾਲ ਉਸ ਨੂੰ ਉਸ ਤੋਂ ਜੋ ਪ੍ਰਭੂ ਕਰਨ ਵਾਲਾ ਸੀ, ਪਰੇਸ਼ਾਨ ਹੋਣ ਤੋਂ ਬਚਾ ਕੇ ਰੱਖਿਆ ਗਿਆ ਹੋ ਸਕਦਾ ਹੈ। ਅਚਾਨਕ ਤੇਜ਼ ਅਤੇ ਰੰਗ–ਬਿਰੰਗੀਆਂ ਚੀਜ਼ਾਂ ਨੂੰ ਵੇਖ ਕੇ ਹੋ ਸਕਦਾ ਹੈ ਕਿ ਉਹ ਘਬਰਾ ਜਾਂਦਾ। ਇਸ ਤੋਂ ਇਲਾਵਾ ਚਰਣਾਂ ਵਿਚ ਉਸ ਦੀ ਚੰਗਿਆਈ ਦਾ ਹੋਣਾ ਇੱਕੋ ਹੀ ਵਾਰ ਅਤੇ ਇੱਕੋ ਗੱਲ ਨਾਲ ਇਕਦਮ ਹੋਏ ਉਨ੍ਹਾਂ ਮੋਅਜਜ਼ਿਆਂ ਦੀ ਸ਼ਕਤੀ ਉੱਤੇ ਵੀ ਜ਼ੋਰ ਦਿੰਦਾ ਹੈ। ਇਸ ਢੰਗ ਵਿਚ ਸਿਰਫ਼ ਕੁਝ ਪਲ ਲੱਗੇ।

ਨਾਸਰਤ ਵਿਚ ਸਮਰੱਥਾ ਦਾ ਕੰਮ ਕਰਨ ਤੇ ਇਨਕਾਰ ਕਰਨ ਤੋਂ ਥੋੜ੍ਹੀ ਦੇਰ ਬਾਅਦ ਹੀ, ਯਿਸੂ ਗਲੀਲ ਦੀ ਝੀਲ ਤੋਂ ਪਾਰ ਇਕ ਗੈਰਕੌਮ ਇਲਾਕੇ ਵਿਚ ਗਿਆ ਅਤੇ ਉੱਥੇ ਉਹਨੇ ਵੱਡੇ ਕੰਮ ਕੀਤੇ। ਇਨ੍ਹਾਂ ਲੋਕਾਂ ਨੇ ਬੜਾ ਵਿਸ਼ਵਾਸ ਵਿਖਾਇਆ ਜਦ ਕਿ ਨਾਸਰਤ ਦੇ ਲੋਕਾਂ ਨੇ ਸਚਮੁਚ ਕੋਈ ਵਿਸ਼ਵਾਸ ਨਹੀਂ ਵਿਖਾਇਆ। ਨਾਸਰਤ ਦੇ ਲੋਕ ਐਨੇ ਢੀਠ ਸਨ ਕਿ ਉਨ੍ਹਾਂ ਨੇ ਵਿਸ਼ਵਾਸ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਇਹ ਆਦਮੀ ਜਿਸਦਾ ਵਿਸ਼ਵਾਸ ਪਹਿਲਾਂ ਭਾਵੇਂ ਘੱਟ ਸੀ, ਹੁਣ ਵਿਸ਼ਵਾਸ ਕਰਨ ਲਈ ਤਿਆਰ ਸੀ। ਲੱਗਾ ਕਿ ਉਹਦੇ ਦੋਸਤਾਂ ਨੂੰ ਜਿਹੜੇ ਉਹਨੂੰ ਯਿਸੂ ਕੋਲ ਲਿਆਏ ਸਨ, ਕੋਈ ਸ਼ੱਕ ਨਹੀਂ ਸੀ।

ਅੰਨ੍ਹੇ ਦੀ ਇਹ ਚੰਗਿਆਈ ਬਚਾਏ ਹੋਇਆਂ ਅਤੇ ਗੁਆਚੇ ਹੋਇਆਂ ਭਾਵ ਨਿਹਚਾ ਕਰਨ ਨੂੰ ਤਿਆਰ ਲੋਕਾਂ ਅਤੇ ਜਿਹੜੇ ਨਿਹਚਾ ਨਹੀਂ ਕਰਦੇ, ਵਿਚ ਬੁਨਿਆਦੀ ਫ਼ਰਕ ਨੂੰ ਵਿਖਾਉਂਦੀ ਹੈ। ਲੂਕਾ 13:24 ਵਿਚ ਸਚਿਆਈ ਦੇ ਖੋਜੀ ਦੀਆਂ ਕਾਰਵਾਹੀਆਂ ਲਈ ਦੋ ਸ਼ਬਦ ਹਨ। ਪਹਿਲਾ ਸ਼ਬਦ 13:23 ਵਿਚ ἀγωνίζομαι (*ਆਗੋਜ਼ੋ*, ''ਜਤਨ ਕਰਨਾ'') ਹੈ ਜੋ ਕਿ ἀγών (*ਆਗੋਨ*) ਤੋਂ ਲਿਆ ਗਿਆ ਹੈ, ਜਿਸ ਤੋਂ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ ''Agony'' (ਐਗਨੀ) ਨਿੱਕਲਿਆ ਹੈ। ਇਹ ਸ਼ਬਦ ਸਚਿਆਈ ਤਕ ਪਹੁੰਚਣ ਦੇ ਵੱਡੇ ਸੰਘਰਸ਼ ਦਾ ਸੰਕੇਤ ਦਿੰਦਾ ਹੈ। ਸਚਮੁਚ ਵਿਚ ਲੋਕਾਂ ਲਈ ਤੰਗ ਰਾਹ ਵਿੱਚੋਂ ਦੀ ਵੜਨ ਦੀ ਕੋਸ਼ਿਸ਼ ਕਰਨਾ ਜ਼ਰੂਰੀ ਹੈ। ਅਗਲੇ ਵਾਕਖੰਡ ਵਿਚ ਕਿਰਿਆ ਸ਼ਬਦ ζητέω (*ਜ਼ੇਟੇਓ*, ''ਚਾਹੁਣਾ'') ਹੈ ਜੋ ਕਿ ਘੱਟ ਸਖ਼ਤ ਹੈ। ਦੂਜੇ ਸ਼ਬਦਾਂ ਵਿਚ ਈਮਾਨਦਾਰੀ

ਨਾਲ ''ਜਤਨ ਕਰਨ ਵਾਲੇ'' ਸੁਰਗ ਵਿਚ ਜਾਣਗੇ, ਜਦ ਕਿ ''ਬੇਪਰਵਾਹ ਲੱਭਣ ਵਾਲੇ'' ਇਸ ਨੂੰ ਗੁਆ ਸਕਦੇ ਹਨ!

**ਆਇਤ 26. ਅਤੇ ਉਹ ਨੇ ਇਹ ਕਹਿ ਕੇ ਜੋ ਤੂੰ ਪਿੰਡ ਵਿੱਚ ਵੜਨਾ ਭੀ ਨਾ, ਉਸ ਨੂੰ ਉਸ ਦੇ ਘਰ ਘੱਲ ਦਿੱਤਾ।** ਯਿਸੂ ਨਹੀਂ ਚਾਹੁੰਦਾ ਸੀ ਕਿ ਉਸ ਨੂੰ ਸਿਰਫ਼ ਚਮਤਕਾਰ ਕਰਨ ਵਾਲੇ ਦੇ ਤੌਰ ਤੇ ਜਾਣਿਆ ਜਾਏ ਇਸ ਕਰਕੇ ਉਸ ਨੇ ਉਸ ਆਦਮੀ ਨੂੰ ਆਖਿਆ ਕਿ ਉਹ ਆਪਣੀ ਚੰਗਿਆਈ ਬਾਰੇ ਦੂਜਿਆਂ ਨੂੰ ਨਾ ਦੱਸੇ। ਉਹਨੂੰ ਸਿੱਧੇ ਘਰ ਜਾਣ ਲਈ ਆਖਿਆ ਗਿਆ। ਇਹ ਉਸ ਆਦਮੀ ਦੇ ਪਰਿਵਾਰ ਦੇ ਪਿਆਰ ਭਰੇ ਲਗਾਅ ਦੀ ਛੋਹ ਦੀ ਝਲਕ ਵੀ ਹੋ ਸਕਦੀ ਹੈ, ਨਾ ਕਿ ਸਿਰਫ਼ ਯਿਸੂ ਦੀ ਆਪਣੀ ਸ਼ਕਤੀ ਦੀ ਮਸ਼ਹੂਰੀ ਨੂੰ ਕੰਮ ਕਰਨ ਦੇਣ ਦੀ ਗੱਲ। ਇਹ ਮੋਅਜਜ਼ਾ ਅਤੇ 7:31−37 ਵਾਲਾ ਬੋਲੇ ਦੀ ਚੰਗਿਆਈ ਵਾਲਾ ਮੋਅਜਜ਼ਾ, ਦੋਵੇਂ ਸਿਰਫ਼ ਮਰਕੁਸ ਵਿਚ ਮਿਲਦੇ ਹਨ।

## "ਲੋਕ ਕੀ ਕਹਿੰਦੇ ਹਨ ਜੋ ਮੈਂ ਕੌਣ ਹਾਂ?" (8:27-30)[18]

**[27]ਤਦ ਯਿਸੂ ਅਰ ਉਹਦੇ ਚੇਲੇ ਕੈਸਰੀਆ ਫ਼ਿਲਿੱਪੀ ਦੇ ਪਿੰਡਾਂ ਵਿੱਚ ਗਏ ਅਤੇ ਰਾਹ ਵਿੱਚ ਉਹ ਨੇ ਆਪਣੇ ਚੇਲਿਆਂ ਕੋਲੋਂ ਪੁੱਛਿਆ ਕਿ ਲੋਕ ਕੀ ਕਹਿੰਦੇ ਹਨ ਜੋ ਮੈਂ ਕੌਣ ਹਾਂ? [28]ਤਾਂ ਉਨ੍ਹਾਂ ਉਸ ਨੂੰ ਆਖਿਆ, ਯੂਹੰਨਾ ਬਪਤਿਸਮਾ ਦੇਣ ਵਾਲਾ, ਕਈ ਏਲੀਆਹ, ਅਤੇ ਕਈ ਨਬੀਆਂ ਵਿੱਚੋਂ ਕੋਈ [29]ਤਾਂ ਉਸ ਨੇ ਉਨ੍ਹਾਂ ਨੂੰ ਪੁੱਛਿਆ, ਪਰ ਤੁਸੀਂ ਕੀ ਆਖਦੇ ਹੋ ਜੋ ਮੈਂ ਕੌਣ ਹਾਂ? ਪਤਰਸ ਨੇ ਉਹਨੂੰ ਉੱਤਰ ਦਿੱਤਾ, ਤੂੰ ਮਸੀਹ ਹੈਂ! [30]ਤਦ ਉਸ ਉਨ੍ਹਾਂ ਨੂੰ ਤਗੀਦ ਕੀਤੀ ਜੋ ਮੇਰੇ ਵਿਖੇ ਕਿਸੇ ਨੂੰ ਨਾ ਦੱਸੋ!**

ਇਸ ਹਵਾਲੇ ਵਾਲੀ ਘਟਨਾ ਨੂੰ ਮਰਕੁਸ ਦੀ ਕਿਤਾਬ ਵਿਚ ਨਵੇਂ ਮੋੜ ਵਿਚ ਵੇਖਿਆ ਜਾਂਦਾ ਹੈ। ਰੋਨਲਡ ਜੇ. ਕਰਨਾਘਨ ਨੇ ਟਿੱਪਣੀ ਕੀਤੀ ਹੈ, ''8:27 ਤੋਂ ਸ਼ੁਰੂ ਹੋ ਕੇ 10:52 ਵਿਚ ਖ਼ਤਮ ਹੋਣ ਵਾਲਾ ਹਿੱਸਾ, ਖੁਸ਼ਖ਼ਬਰੀ ਦੀ ਮਰਕੁਸ ਦੀ ਪੇਸ਼ਕਸ਼ ਵਿਚ ਯਿਸੂ ਦੀ ਮੌਤ ਸਬੰਧੀ ਸਮੱਗਰੀ ਦਾ ਸਭ ਤੋਂ ਇਕਾਗਰ ਸੰਗ੍ਰਹਿ ਹੈ।''[19] ਅਸਲ ਵਿਚ ਇਸ ਪਲ ਨੂੰ ਇੰਜੀਲ ਵਿਚ ਮਰਕੁਸ ਦੇ ਵਿਰਤਾਂਤ ਦਾ ਸਭ ਤੋਂ ਚੋਟੀ ਦਾ ਪਲ ਕਿਹਾ ਗਿਆ ਹੈ।

ਲੂਕਾ 9:18 ਦੱਸਦਾ ਹੈ ਕਿ ਇਸ ਵਾਰੀ ਯਿਸੂ ਇਕੱਲਾ ਦੁਆ ਕਰ ਰਿਹਾ ਸੀ, ਭਾਵੇਂ ਉਹਦੇ ਚੇਲੇ ਉਹਦੇ ਨਾਲ ਹੀ ਸਨ। ਉਸ ਦੇ ਮਸੀਹਾ ਹੋਣ ਦੀ ਗੱਲ ਇਕ ਵੱਡਾ ਮੁਕਾਸ਼ਫ਼ਾ ਸੀ। ਉਹਦਾ ਖ਼ੁਦਾ ਦਾ ਮਸੀਹਾ ਹੋਣਾ ਉਸ ਦੀ ਸੇਵਕਾਈ ਦੌਰਾਨ ਦਿੱਤੀਆਂ ਜਾਣ ਵਾਲੀਆਂ ਸਭ ਸਚਿਆਈਆਂ ਨਾਲੋਂ ਵੱਡਾ ਸੀ। ਇਸ ਸਮੇਂ ਤੋਂ ਬਾਅਦ, ਉਨ੍ਹਾਂ ਨੂੰ ਉਹਦੇ ਦੁੱਖ ਝੱਲਣ ਦਾ ਕਾਰਣ ਸਮਝ ਵਿਚ ਆਉਣਾ ਜ਼ਰੂਰੀ ਸੀ। ਇਸ ਤੋਂ ਇਲਾਵਾ ਜਿਹੜੀ ਗੱਲ ਉਹਦੇ ਮਸੀਹਾ ਹੋਣ ਤੇ ਲਾਗੂ ਹੁੰਦੀ ਸੀ ਉਹੀ ਗੱਲ ਉਨ੍ਹਾਂ ਦੇ ਚੇਲੇ ਹੋਣ ਤੇ ਵੀ ਲਾਗੂ ਹੋਣੀ ਸੀ। ਉਹਦੇ ਮਗਰ ਚੱਲਦੇ ਰਹਿਣ ਵਾਲਿਆਂ ਨੂੰ ਉਵੇਂ ਹੀ ਦੁੱਖ ਝੱਲਣਾ ਪੈਣਾ ਸੀ (ਵੇਖੋ 2 ਤਿਮੋਥਿਉਸ 3:12)।

**ਆਇਤਾਂ 27, 28.** ਜ਼ਾਹਿਰ ਤੌਰ ਤੇ ਇਹ ਘਟਨਾ ਗਲੀਲ ਤੋਂ ਬਾਹਰ **ਕੈਸਰੀਆ ਫ਼ਿਲਿੱਪੀ** ਦੇ ਇਲਾਕੇ ਕੋਲ ਹਰਮੋਨ ਪਹਾੜ ਕੋਲ ਵਾਪਰੀ। ਕੈਸਰੀਆ ਫ਼ਿਲਿੱਪੀ ਨੂੰ ਪੁਰਾਣੇ ਪੈਨ (ਜੋ ਕਿ ''ਸਾਰੇ'' ਲਈ ਯੂਨਾਨੀ ਸ਼ਬਦ ਹੈ ਅਤੇ ਇਸ ਨੂੰ ''ਪੈਨਿਆਸ'' ਵੀ ਕਿਹਾ ਜਾਂਦਾ ਹੈ) ਵਾਲੀ ਥਾਂ ਤੇ ਫਿਰ ਤੋਂ ਵਸਾਇਆ ਗਿਆ ਸੀ। ਅਗ੍ਰਿੱਪਾ ਦੂਜੇ ਨੇ ਇਹਦਾ ਨਾਂਅ ਬਦਲ ਕੇ ''ਨਿਰੋਨਿਆਸ'' (ਨੀਰੋ ਲਈ) ਰੱਖ ਦਿੱਤਾ।[20] ਹੇਰੋਦੇਸ ਫ਼ਿਲਿੱਪੁਸ (ਹੇਰੋਦੇਸ ਮਹਾਨ ਦਾ ਪੁੱਤਰ ਜਿਹਨੇ 4 ਈ.ਪੂ. ਤੋਂ 34 ਈ.ਪੂ. ਤਕ ਹਕੂਮਤ ਕੀਤੀ) ਨੇ ਆਪਣੇ ਅਤੇ ਸੱਤਾ ਤੇ ਕਾਬਜ਼ ਕੈਸਰ ਦੇ ਸਨਮਾਨ ਵਿਚ ਇਸ ਨੂੰ ਫੇਰ ਤੋਂ ਵਸਾਇਆ। ਝੀਲ ਤੇ ਵੱਸੇ ਕੈਸਰੀਆ ਨਾਲੋਂ ਇਸ ਨੂੰ ਅੱਡ ਕਰਨ ਲਈ ਉਸ ਨੇ ਇਸ ਨੂੰ ''ਕੈਸਰੀਆ

ਫ਼ਿਲਿੱਪੀ'' ਨਾਂਅ ਦੇ ਦਿੱਤਾ। ਉਹਨੇ ਚਿੱਟੇ ਸੰਗਮਰਮਰ ਦਾ ਖ਼ੂਬਸੂਰਤ ਮੰਦਰ ਬਣਵਾਇਆ ਜਿਸ ਵਿਚ ਕੈਸਰ ਨੂੰ ਦੇਵਤੇ ਵਾਂਗ ਮੰਨਿਆ ਜਾਂਦਾ ਸੀ। ਕਿੰਨਾਂ ਢੁਕਵਾਂ ਸੀ ਕਿ ਇੱਥੇ ਖ਼ੁਦਾ ਦਾ ਪੁੱਤਰ ਪਤਰਸ ਦੇ ਉਸ ਚੰਗੇ ਇਕਰਾਰ ਨਾਲ ਸਾਹਮਣੇ ਆਏ ਕਿ ਉਹ ਇਲਾਹੀ ਮਸੀਹ, ਸਰਵਸ਼ਕਤੀਮਾਨ, ਸਰਵਉੱਚ ਅਤੇ ਸਭ ਦਾ ਸੱਚਾ ਪਰਮੇਸ਼ੁਰ ਹੈ।

**ਰਾਹ ਵਿੱਚ ਉਹ ਨੇ ਆਪਣੇ ਚੇਲਿਆਂ ਕੋਲੋਂ ਪੁੱਛਿਆ ਕਿ ਲੋਕ ਕੀ ਕਹਿੰਦੇ ਹਨ ਜੋ ਮੈਂ ਕੌਣ ਹਾਂ?** ਯਿਸੂ ਨੇ ਪਹਿਲਾਂ ਤਾਂ ਲੋਕਾਂ ਦਾ ਵਿਚਾਰ ਪੁੱਛਿਆ। ਕਈ ਉਹਨੂੰ ਪੇਟੂ, ਸ਼ਰਾਬੀ ਅਤੇ ਪਾਪੀਆਂ ਦਾ ਯਾਰ ਦੱਸਦੇ ਸਨ ਜੋ ਕਿ ਉਸ ਨੂੰ ਉਨ੍ਹਾਂ ਦੀਆਂ ਨਜ਼ਰਾਂ ਵਿਚ ਨਿਕੰਮਾ ਬਣਾ ਦਿੰਦਾ ਸੀ (ਮੱਤੀ 11:19; ਲੂਕਾ 7:34)। ਚਰਿੱਤਰ–ਘਾਤ ਦੀਆਂ ਇਹ ਗੱਲਾਂ ਯਕੀਨਨ ਹੀ ਗ੍ਰੰਥੀਆਂ ਅਤੇ ਫ਼ਰੀਸੀਆਂ ਦੀਆਂ ਗੱਲਾਂ ਮੰਨਣ ਕਰਕੇ ਹੁੰਦੀਆਂ ਹੋਣਗੀਆਂ। ਮਸੀਹ ਦੇ ਮਗਰ ਚੱਲਣ ਲਈ ਆਮ ਲੋਕਾਂ ਦੇ ਵਿਚਾਰ ਤੋਂ ਉੱਪਰ ਉੱਠਣਾ ਲਾਜ਼ਮੀ ਹੈ। ਬਾਈਬਲ ਵਿਚ ਦੁਨੀਆਂ ਦੇ ਨਾਲ ਚੱਲਣ ਨੂੰ ਗਲਤ ਕਿਹਾ ਗਿਆ ਹੈ (ਵੇਖੋ ਰੋਮੀਆਂ 12:2; 2 ਕੁਰਿੰਥੀਆਂ 6:14; 1 ਯੂਹੰਨਾ 2:15)। ਰਾਜ ਉਨ੍ਹਾਂ ਜੋਸ਼ੀਲੇ ਲੋਕਾਂ ਲਈ ਹੈ ਜਿਹੜੇ ਬੇਖ਼ੌਫ਼ ਹੋ ਕੇ ਸਚਿਆਈ ਲਈ ਡਟ ਕੇ ਖਲੋਂਦੇ ਸਨ।

ਰਸੂਲਾਂ ਨੇ ਉਨ੍ਹਾਂ ਜ਼ਿਆਦਾਤਰ ਮੇਲ ਖਾਂਦੇ ਵਿਚਾਰਾਂ ਬਾਰੇ ਦੱਸਿਆ ਜਿਹੜੇ ਉਨ੍ਹਾਂ ਨੇ ਉਹਦੇ ਬਾਰੇ ਸੁਣੇ ਸਨ: **''ਯੂਹੰਨਾ ਬਪਤਿਸਮਾ ਦੇਣ ਵਾਲਾ, ਕਈ ਏਲੀਆਹ, ਅਤੇ ਕਈ ਨਬੀਆਂ ਵਿੱਚੋਂ ਕੋਈ।''** ਸਭ ਤੋਂ ਪਹਿਲਾਂ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਨਾਂਅ ਲਿਆ ਗਿਆ। ਹੇਰੋਦੇਸ ਅੰਤਿਪਾਸ ਦਾ ਮੰਨਣਾ ਸੀ ਕਿ ਯਿਸੂ ਜੀ ਉੱਠਿਆ ਯੂਹੰਨਾ ਹੀ ਹੈ (6:14–16)। ਅਪਰਾਧ ਬੋਧ ਤੋਂ ਪੀੜਤ ਦੁਸ਼ਟ ਹਾਕਮ ਨੂੰ ਲੱਗਾ ਕਿ ਯੂਹੰਨਾ ਉਹਨੂੰ ਤੰਗ ਕਰਨ ਲਈ ਮੁਰਦਿਆਂ ਵਿੱਚੋਂ ਜੀ ਉੱਠਿਆ ਹੈ। ਉਹਦਾ ਦੋਸ਼ੀ ਮਨ ਉਸ ਨੂੰ ਇਸ ਤਰ੍ਹਾਂ ਸੋਚਣ ਲਈ ਮਜਬੂਰ ਕਰਦਾ ਹੋਵੇਗਾ ਅਤੇ ਜ਼ਿੰਦਗੀ ਭਰ ਉਹਦੇ ਮਨ ਤੇ ਇਹ ਇਕ ਵੱਡਾ ਬੋਝ ਬਣਿਆ ਰਿਹਾ ਹੋਵੇਗਾ।

''ਏਲੀਆਹ'' ਦੀ ਵਾਪਸੀ ਦੀ ਪੇਸ਼ਨਗੋਈ ਮਲਾਕੀ 4:5 ਵਿਚ ਕੀਤੀ ਗਈ ਸੀ। ਬਹੁਤ ਸਾਰੇ ਯਹੂਦੀ ਇਹਦਾ ਮਤਲਬ ਇਹ ਕੱਢਦੇ ਸਨ ਕਿ ਏਲੀਆਹ ਅਸਲ ਵਿਚ ਦੁਬਾਰਾ ਆਏਗਾ। ਯਿਸੂ ਨੇ ਸਮਝਾਇਆ ਕਿ ਏਲੀਆਹ ਯੂਹੰਨਾ ਵਿਚ ਆ ਚੁੱਕਿਆ ਹੈ (ਮੱਤੀ 17:12, 13)। ਲੂਕਾ 1:17 ਵਿਚ ਜ਼ਕਰਯਾਹ ਨੂੰ ਦਿੱਤੇ ਗਏ ਆਪਣੇ ਮੁਕਾਸ਼ਫ਼ੇ ਵਿਚ ਜਿਬਰਾਈਲ ਨੇ ਕਿਹਾ ਕਿ ਯੂਹੰਨਾ ਦਾ ਆਉਣਾ ''ਏਲੀਯਾਹ ਦੇ ਆਤਮਾ ਅਤੇ ਬਲ ਨਾਲ'' ਹੋਣਾ ਸੀ। ਮੱਤੀ 11:14 ਵਿਚ ਯਿਸੂ ਨੇ ਸਮਝਾਇਆ ਕਿ ਨਬੂਵਤ ਦਾ ਅਰਥ ਏਲੀਆਹ ਦੀ ਸਮਰੱਥਾ ਵਿਚ ਯੂਹੰਨਾ ਦਾ ਆਉਣਾ ਸੀ ਅਤੇ ਉਸ ਨੇ ਅੱਗੇ ਆਖਿਆ, ''ਚਾਹੋ ਤਾਂ ਮੰਨੋ।'' ਜੇ ਲੋਕ ਖ਼ੁਦਾ ਦੇ ਕੰਮ ਨੂੰ ਕਰਨ ਵਿਚ ਯੂਹੰਨਾ ਨੂੰ ਏਲੀਆਹ ਦਾ ਰੂਹਾਨੀ ਵਾਰਸ ਮੰਨ ਲੈਂਦੇ ਤਾਂ ਉਨ੍ਹਾਂ ਅਸਾਨੀ ਨਾਲ ਇਹ ਮੰਨ ਸਕਣਾ ਸੀ ਕਿ ਉਹ ਮਲਾਕੀ ਵਿਚ ਦੱਸੀ ਗਈ ''ਉਜਾੜ ਵਿਚ ਇਕ ਹੋਕਾ ਦੇਣ ਵਾਲੇ ਦੀ ਅਵਾਜ਼'' ਸੀ, ਜਿਸਦੀ ਪੇਸ਼ਨਗੋਈ ਮਲਾਕੀ ਵਿਚ ਕੀਤੀ ਗਈ ਸੀ (ਵੇਖੋ ਮੱਤੀ 3:3; ਮਰਕੁਸ 1:3)। ਜ਼ਿਆਦਾਤਰ ਲੋਕ ਸਿਰਫ਼ ਸ਼ਬਦੀ ਅਰਥਾਂ ਵਿਚ ਹੀ ਸੋਚ ਸਕਦੇ ਸਨ ਜਿਸ ਕਰਕੇ ਨਬੂਵਤ ਦੇ ਅਸਲ ਅਰਥ ਨੂੰ ਨਹੀਂ ਸਮਝ ਸਕੇ।

ਦੂਜਾ ਵਿਚਾਰ ਯਿਰਮਿਯਾਹ ਦਾ ਸੀ। ਇਸ ਨਬੀ ਦਾ ਜ਼ਿਕਰ ਇੰਜੀਲ ਦੇ ਸਮਾਨਾਂਤਰ ਵਿਰਤਾਂਤ ਵਿਚ ਸਿਰਫ਼ ਮੱਤੀ 16:14 ਵਿਚ ਹੈ, ਮਰਕੁਸ ਵਿਚ ਨਹੀਂ। ਅਪੋਕ੍ਰਿਫ਼ਾ (ਅਪ੍ਰਮਾਣਕ ਜਾਂ ਰੋਮਨ ਕੈਥਲਿਕ ਬਾਈਬਲ) ਵਿਚ 2 ਏਸਡ੍ਰਾਸ 2:18 ਵਿਚ ਨਬੂਵਤ ਕੀਤੀ ਗਈ ਕਿ ਯਿਰਮਿਯਾਹ ਅਤੇ ਯਸਾਯਾਹ ਦੋਵੇਂ ਆਉਣਗੇ। ਪਰ ਅਪੋਕ੍ਰਿਫ਼ਾ ਦੇ ਇਸ ਵਿਚਾਰ ਨੂੰ ਨਾ ਤਾਂ ਮਸੀਹ ਨੇ ਅਤੇ ਨਾ ਮੁੱਢਲੀ ਕਲੀਸੀਆ ਨੇ ਕਦੇ ਮੰਜ਼ੂਰ ਕੀਤਾ ਅਤੇ ਨਾ ਉਨ੍ਹਾਂ ਨੇ ਵਧਾਵਾ ਦਿੱਤਾ।

**ਆਇਤ 29.** ਯਿਸੂ ਨੇ ਪੁੱਛਿਆ, **''ਪਰ ਤੁਸੀਂ ਕੀ ਆਖਦੇ ਹੋ ਜੋ ਮੈਂ ਕੌਣ ਹਾਂ?''** ਉਹ ਜਾਣਕਾਰੀ ਨਹੀਂ ਮੰਗ ਰਿਹਾ ਸੀ ਬਲਕਿ ਆਪਣੇ ਚੇਲਿਆਂ ਨੂੰ ਉਨ੍ਹਾਂ ਦਾ ਨਿਚੋੜ ਖੁੱਲ੍ਹ ਕੇ ਦੱਸਣ ਲਈ ਆਖ

ਰਿਹਾ ਸੀ। ਉਹ ਉਸ ਵਿਚ ਜੋ ਉਨ੍ਹਾਂ ਨੂੰ ਪਤਾ ਸੀ ਅਤੇ ਜੋ ਦੂਜੇ ਲੋਕ ਆਖ ਰਹੇ ਸਨ, ਫ਼ਰਕ ਉੱਤੇ ਜ਼ੋਰ ਦੇ ਰਿਹਾ ਹੈ।

**ਪਤਰਸ ਨੇ ਉਹਨੂੰ ਉੱਤਰ ਦਿੱਤਾ, ਤੂੰ ਮਸੀਹ ਹੈਂ !** ਉਸ ਦੇ ਸਵਾਲ ਤੋਂ ਉਹੋ ਜਿਹਾ ਹੀ ਇਕਰਾਰ ਨਿੱਕਲ ਕੇ ਆਇਆ ਜਿਹੋ ਜਿਹਾ ਚੇਲਿਆਂ ਨੇ ਪਹਿਲਾਂ ਕੀਤਾ ਸੀ, ਜਿਸਦਾ ਜ਼ਿਕਰ ਮੱਤੀ 14:33 ਵਿਚ ਹੈ। ਨਥਾਨੀਏਲ ਨੇ ਕਿਹਾ ਸੀ ਕਿ ਉਹ ''ਪਰਮੇਸ਼ੁਰ ਦਾ ਪੁੱਤਰ'' ਹੈ (ਯੂਹੰਨਾ 1:49)। ਦੂਜਿਆਂ ਦੇ ਯਿਸੂ ਤੋਂ ਫਿਰ ਜਾਣ ਤੋਂ ਬਾਅਦ ਪਤਰਸ ਨੇ ਇਕ ਇਕਰਾਰ ਕੀਤਾ ਸੀ ਜਿਹੜਾ ਇੱਥੇ ਕੀਤੇ ਗਏ ਇਕਰਾਰ ਵਰਗਾ ਹੀ ਸੀ ''... ਪ੍ਰਭੂ ਜੀ ਅਸੀਂ ਕਿਹ ਦੇ ਕੋਲ ਜਾਈਏ? ਸਦੀਪਕ ਜੀਉਣ ਦੀਆਂ ਗੱਲਾਂ ਤਾਂ ਤੇਰੇ ਕੋਲ ਹਨ। ਅਰ ਅਸਾਂ ਤਾਂ ਨਿਹਚਾ ਕੀਤੀ ਅਤੇ ਜਾਣਿਆ ਹੈ ਕਿ ਤੂੰ ਪਰਮੇਸ਼ੁਰ ਦਾ ਪਵਿੱਤਰ ਪੁਰਖ ਹੈਂ'' (ਯੂਹੰਨਾ 6:68, 69)।

ਮੱਤੀ 16:16 ਵਿਚ ਬਾਕੀ ਦੇ ਰਸੂਲਾਂ ਨਾਲ ਪਤਰਸ ਨੇ ਯਿਸੂ ਨੂੰ ''ਜੀਉਂਦੇ ਪਰਮੇਸ਼ੁਰ ਦਾ ਪੁੱਤਰ'' ਐਲਾਨਿਆ ਸੀ। ਇਸ ਇਕਰਾਰ ਦਾ ਸਾਫ਼ ਮਤਲਬ ਇਹ ਸੀ ਕਿ ਯਿਸੂ ਹੀ ''ਮਸੀਹ'' ਜਾਂ ''ਖ੍ਰਿਸਟੁਸ'' ਹੈ। ''ਮਸੀਹਾ'' ਦਾ ਇਹ ਸ਼ਬਦ ਉਹਦਾ ਕੋਈ ਨਾਂਅ ਨਹੀਂ ਹੈ ਬਲਕਿ ਉਹਦਾ ਰੁਤਬਾ ਹੈ, ਜਿਹਦਾ ਮਤਲਬ ਹੈ ''ਖ਼ੁਦਾ ਦਾ ਮਸਹ ਕੀਤਾ ਹੋਇਆ।''[21]

ਮਰਕੁਸ ਵਿਚ ਸਾਡੇ ਪ੍ਰਭੂ ਨਾਲ ਸਬੰਧਿਤ ਇਹ ਗਵਾਹੀ ਹੈ:

1:1 – ਕਿਤਾਬ ਦੇ ਸ਼ੁਰੂ ਵਿਚ ਕਿਹਾ ਗਿਆ ਹੈ, ''ਪਰਮੇਸ਼ੁਰ ਦੇ ਪੁੱਤਰ ਯਿਸੂ ਮਸੀਹ ਦੀ ਖੁਸ਼ਖ਼ਬਰੀ।''

1:11 – ਯਿਸੂ ਦੇ ਬਪਤਿਸਮੇ ਤੋਂ ਬਾਅਦ ਖ਼ੁਦਾ ਨੇ ਉੱਚੀ ਅਵਾਜ਼ ਨਾਲ ਇਹ ਆਖਦੇ ਹੋਏ ਉਹਦੇ ਨਾਲ ਗੱਲ ਕੀਤੀ, ''ਤੂੰ ਮੇਰਾ ਪਿਆਰਾ ਪੁੱਤਰ ਹੈਂ ...''

3:11; 5:7 – ਬਦਰੂਹਾਂ ਵੱਲੋਂ ਉਸ ਦੀ ਪਛਾਣ ਦਾ ਇਕਰਾਰ ਕੀਤਾ ਗਿਆ।

8:29 ਵਿਚ ''ਪਰਮੇਸ਼ੁਰ ਦਾ ਪੁੱਤਰ'' ਨਾ ਹੋਣਾ ਕੋਈ ਵੱਡੀ ਗੱਲ ਨਹੀਂ ਹੈ, ਕਿਉਂ ਜੋ ਕਿਤਾਬ ਵਿਚ ਯਿਸੂ ਦੀ ਪਛਾਣ ਹਰ ਥਾਂ ਚੰਗੀ ਤਰ੍ਹਾਂ ਨਾਲ ਸਾਬਤ ਕਰ ਦਿੱਤੀ ਗਈ ਹੈ।

ਰੋਮੀਆਂ 1:4 ਦੱਸਦਾ ਹੈ ਕਿ ਉਸ ਨੂੰ ਅਸੀਂ ''ਪ੍ਰਭੂ ਅਤੇ ਮਸੀਹ'' ਕਿਉਂ ਆਖ ਸਕਦੇ ਹਾਂ: ਕਿਉਂ ਜੋ ਉਹ ਉਹੀ ਹੈ ਜਿਹੜਾ ''ਪਵਿੱਤਰਤਾਈ ਦੇ ਆਤਮਾ ਦੇ ਸਮਰੱਥਾ ਕਰਕੇ ਮੁਰਦਿਆਂ ਵਿੱਚੋਂ ਜੀ ਉੱਠਣ ਤੋਂ ਸਰਬੰਧ ਨਾਲ ਪਰਮੇਸ਼ੁਰ ਦਾ ਪੁੱਤਰ ਸਾਡਾ ਪ੍ਰਭੂ ਯਿਸੂ ਮਸੀਹ ਮਿਥਿਆ ਗਿਆ।''

ਯਹੂਦੀਆਂ ਦਾ ਮੰਨਣਾ ਸੀ ਕਿ ਜਦੋਂ ਮਸੀਹਾ ਆਏਗਾ ਤਾਂ ਉਹ ਅਲੌਕਿਕ ਹੋਵੇਗਾ। ਉਦਾਹਰਣ ਲਈ, ਉਨ੍ਹਾਂ ਨੂੰ ਉਸ ਦੇ ਦੁਨੀਆਂ ਨੂੰ ਖ਼ਤਮ ਕਰਕੇ ਇਸ ਨੂੰ ਨਵੇਂ ਸਿਰਿਉਂ ਬਨਾਉਣ, ਖ਼ੁਦਾ ਦੇ ਲੋਕਾਂ ਦਾ ਬਦਲਾ ਲੈਣ ਦੀ ਉਮੀਦ ਕੀਤੀ।[22] ਇਸ ਤੋਂ ਇਲਾਵਾ ਉਨ੍ਹਾਂ ਦਾ ਵਿਚਾਰ ਸੀ ਕਿ ਪੂਰੀ ਦੁਨੀਆਂ ਯਹੂਦੀ ਬਣ ਜਾਏਗੀ; ਇਹ ਉਨ੍ਹਾਂ ਦੀ ਰਾਸ਼ਟਰਵਾਦੀ ਉਮੀਦ ਦਾ ਹਿੱਸਾ ਸੀ। ਇਹੀ ਕਾਰਣ ਸੀ ਕਿ ਕਿਸੇ ਨੂੰ ਬਦਲਣ ਜਾਂ ''ਆਪਣੇ ਪੰਥ ਵਿਚ ਰਲਾਉਣ'' (προσήλυτος, *ਪਰੋਸਿਲਿਊਟੋਸ*) ਲਈ ਉਹ ਦੁਨੀਆਂ ਭਰ ਵਿਚ ਜਾਂਦੇ ਸਨ (ਵੇਖੋ ਮੱਤੀ 23:15)। ਦੂਜੇ ਪਾਸੇ ਸਭ ਗੈਰਕੌਮਾਂ ਦੀ ਬਰਬਾਦੀ ਬਹੁਤ ਸਾਰੇ ਯਹੂਦੀਆਂ ਵਿਚ ਅਨੰਦ ਕਰਨ ਦਾ ਕਾਰਣ ਰਹੀ ਹੋਵੇਗੀ।[23]

ਯਿਸੂ ਨੂੰ ਆਪਣੇ ਰਾਜ ਬਾਰੇ ਯਹੂਦੀਆਂ ਅਤੇ ਆਪਣੇ ਰਸੂਲਾਂ ਨੂੰ ਨਵੇਂ ਸਿਰਿਉਂ ਸਿਖਾਉਣਾ ਜ਼ਰੂਰੀ ਸੀ। ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਰੋਮ ਨੂੰ ਜਜ਼ੀਆ ਦੇਣ ਅਤੇ ਉਨ੍ਹਾਂ ਦੇ ਬੁੱਤਪ੍ਰਸਤ ਹਾਕਮਾਂ ਦੇ ਪ੍ਰਤੀ ਆਦਰ ਵਿਖਾਉਂਦਿਆਂ ਰੋਮ ਅੱਗੇ ਸਮਰਪਣ ਕਰਨ ਦੇ ਉਹਦੇ ਸੰਦੇਸ਼ ਨੂੰ ਸੁਣ ਕੇ ਬਹੁਤਿਆਂ ਨੇ ਉਹਨੂੰ ਠੁਕਰਾ ਦਿੱਤਾ। ਯਹੂਦੀਆਂ, ਖ਼ਾਸ ਕਰਕੇ ਯਹੂਦੀਆ ਵਿਚ ਰਹਿਣ

ਵਾਲਿਆਂ ਨੂੰ ਯਕੀਨ ਦੁਆਉਣਾ ਮੁਸ਼ਕਿਲ ਸੀ; 66 ਈਸਵੀ ਤਕ ਗਲੀਲ ਦੇ ਜ਼ਿਆਦਾਤਰ ਲੋਕ ਰੋਮ ਦਾ ਖ਼ਤਰਨਾਕ ਢੰਗ ਨਾਲ ਐਨਾ ਵਿਰੋਧ ਕਰਦੇ ਸਨ ਕਿ ਉਹ ਆਪਣੇ ਸਤਾਉਣ ਵਾਲਿਆਂ ਨਾਲ ਸੁਲ੍ਹਾ ਕਰਨ ਦੀ ਗੱਲ ਸੋਚ ਵੀ ਨਹੀਂ ਸਕਦੇ ਸਨ। 66–73 ਈਸਵੀ ਦੀ ਯਹੂਦੀ ਬਗ਼ਾਵਤ ਵਿਚ ਪਹਿਲਾ ਦੰਗਾ ਗਲੀਲ ਵਿਚ ਹੀ ਹੋਇਆ ਸੀ। ਇਸ ਨਾਲ ਜੰਗ ਦੇ ਸ਼ੁਰੂ ਹੋਣ ਦਾ ਅਧਿਕਾਰਿਕ ਸਮਾਂ ਸ਼ੁਰੂ ਹੋ ਗਿਆ ਅਤੇ ਉਸ ਜੰਗ ਦਾ ਖ਼ਾਤਮਾ ਮਸਾਦਾ ਵਿਚ ਬਾਗ਼ੀਆਂ ਦੀ ਹਾਰ ਨਾਲ ਹੋਇਆ।[24]

**ਆਇਤ 30. ਤਦ ਉਸ ਉਨ੍ਹਾਂ ਨੂੰ ਤਗੀਦ ਕੀਤੀ ਜੋ ਮੇਰੇ ਵਿਖੇ ਕਿਸੇ ਨੂੰ ਨਾ ਦੱਸੋ !** ਇਸ ਆਇਤ ਵਿਚ ਇੱਥੋਂ ਤਕ, ਕਿਸੇ ਵੀ ਰਸੂਲ ਨੂੰ ਅਸਲ ਵਿਚ ਸਮਝ ਨਹੀਂ ਸੀ ਕਿ ਯਿਸੂ ਦੇ ਮਸੀਹਾ ਹੋਣ ਵਿਚ ਕਿਹੜੀ ਗੱਲ ਸ਼ਾਮਿਲ ਸੀ, ਜਿਸ ਕਰਕੇ ਉਨ੍ਹਾਂ ਨੂੰ ਆਖਿਆ ਗਿਆ ਕਿ ਅਜੇ ਨਾ ਸਿਖਾਉਣ। ਯਿਸੂ ਇਸ ਨੂੰ ਰੋਕਣ ਦੀ ਕਾਫ਼ੀ ਕੋਸ਼ਿਸ਼ ਕਰ ਰਿਹਾ ਸੀ। ਜਦੋਂ ਤਕ ਉਹ ਮੁਰਦਿਆਂ ਵਿੱਚੋਂ ਜੀ ਨਹੀਂ ਉੱਠਿਆ ਉਨੀ ਦੇਰ ਤਕ ਉਹਨੇ ਪਤਰਸ, ਯਾਕੂਬ ਅਤੇ ਯੂਹੰਨਾ ਤਕ ਨੂੰ ਵੀ ਦੂਜਿਆਂ ਨੂੰ ਉਸ ਦੇ ਰੂਪ ਜਲਾਲੀ ਹੋਣ ਬਾਰੇ ਨਾ ਦੱਸਣ ਲਈ ਕਿਹਾ (9:9)। ਉਦੋਂ ਉਹ ਚੰਗੀ ਤਰ੍ਹਾਂ ਨਾਲ ਇਸ ਨੂੰ ਨਹੀਂ ਦੱਸ ਸਕਦੇ ਸਨ ਜਾਂ ਨਹੀਂ ਸਮਝਾ ਸਕਦੇ ਸਨ। ਸੁਣਨ ਵਾਲੇ ਹਰ ਵਿਅਕਤੀ ਨੇ ਮਸੀਹਾ ਦੀ ਕਲਪਨਾ ਆਪਣੇ ਮਨ ਮੁਤਾਬਿਕ ਕਰ ਲੈਣੀ ਸੀ। ਲਗਦਾ ਹੈ ਕਿ ਆਮ ਤੌਰ ਤੇ ਯਿਸੂ ਜਦੋਂ ਤਕ ਉਹ ਸਲੀਬ ਤੇ ਮਰ ਕੇ ਜੀ ਨਹੀਂ ਉੱਠਿਆ ਉਦੋਂ ਤਕ ਉਹਨੇ ਨਹੀਂ ਚਾਹਿਆ ਕਿ ਇਸ ਗੱਲ ਦਾ ਪਤਾ ਲੱਗੇ ਕਿ ਉਹ ਮਸੀਹਾ ਹੈ, ਸੰਭਵ ਤੌਰ ਤੇ ਇਸ ਕਰਕੇ ਕਿ ਉਸ ਦੀ ਮੌਤ ਦੀ ਮੌਤ ਨਾਲ ਉਹਦੇ ਮਸੀਹਾ ਹੋਣ ਦੇ ਦਾਅਵਿਆਂ ਤੇ ਸ਼ੱਕ ਦਾ ਅਸਰ ਹੋ ਜਾਣਾ ਸੀ। ਜਿਵੇਂ ਕਿ 8:31, 32 ਵਿਚ ਸੰਕੇਤ ਹੈ, ਪਤਰਸ ਨੂੰ ਵੀ ਇਨ੍ਹਾਂ ਦਾਅਵਿਆਂ ਦੀ ਸਮਝ ਨਹੀਂ ਸੀ।[25]

## ‘‘ਹੇ ਸ਼ਤਾਨ ਮੈਥੋਂ ਪਿੱਛੇ ਹਟ’’ (8:31-33)[26]

**[31]ਫੇਰ ਉਹ ਉਨ੍ਹਾਂ ਨੂੰ ਸਿਖਾਲਣ ਲੱਗਾ ਭਈ ਜ਼ਰੂਰ ਹੈ ਜੋ ਮਨੁੱਖ ਦਾ ਪੁੱਤਰ ਬਹੁਤ ਦੁਖ ਝੱਲੇ ਅਤੇ ਬਜ਼ੁਰਗਾਂ ਅਤੇ ਪ੍ਰਧਾਨ ਜਾਜਕਾਂ ਅਰ ਗ੍ਰੰਥੀਆਂ ਥੀਂ ਰੱਦਿਆ ਜਾਏ ਅਰ ਜਾਨੋਂ ਮਾਰਿਆ ਜਾਏ ਅਤੇ ਤਿੰਨਾਂ ਦਿਨਾਂ ਪਿੱਛੋਂ ਜੀ ਉੱਠੇ [32]ਅਰ ਉਹ ਨੇ ਇਹ ਗੱਲ ਖੋਲ੍ਹ ਕੇ ਕਹਿ ਦਿੱਤੀ। ਤਦ ਪਤਰਸ ਉਸ ਨੂੰ ਇਕ ਪਾਸੇ ਕਰਕੇ ਝਿੜਕਨ ਲੱਗਾ [33]ਪਰ ਉਹ ਨੇ ਮੂੰਹ ਫੇਰ ਲਿਆ ਅਤੇ ਆਪਣੇ ਚੇਲਿਆਂ ਵੱਲ ਵੇਖ ਕੇ ਪਤਰਸ ਨੂੰ ਝਿੜਕਿਆ ਅਤੇ ਕਿਹਾ, ਹੇ ਸ਼ਤਾਨ ਮੈਥੋਂ ਪਿੱਛੇ ਹਟ ! ਕਿਉਂ ਜੋ ਤੂੰ ਪਰਮੇਸ਼ੁਰ ਦੀਆਂ ਨਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ।**

ਆਪਣੀ ਸੇਵਕਾਈ ਵਿਚ, ਇੱਥੋਂ ਸ਼ੁਰੂ ਕਰਕੇ ਯਿਸੂ ਆਪਣੇ ਚੇਲਿਆਂ ਨੂੰ ਆਪਣੀ ਆਉਣ ਵਾਲੀ ਮੌਤ ਬਾਰੇ ਚੌਕਸ ਕਰਨ ਲੱਗਾ। 8:31—10:52 ਵਾਲੇ ਭਾਗ ਜਿਸਨੂੰ ‘‘ਗਲੀਲ ਤੋਂ ਯਹੂਦਾ ਤਕ’’ ਨਾਂਅ ਦਿੱਤਾ ਜਾ ਸਕਦਾ ਹੈ, ਵਿਚ ਮੁੱਖ ਵਿਚਾਰ ਇਹੀ ਹੈ।[27] ਮਨੁੱਖ ਦੇ ਪੁੱਤਰ ਦੀ ਮੌਤ ਦੇ ਤਿੰਨ ਖ਼ਾਸ ਹਵਾਲੇ ਮਰਕੁਸ ਵਿਚ ਹੀ ਮਿਲਦੇ ਹਨ। ਪਹਿਲਾ ਹਵਾਲਾ 8:31 ਵਿਚ ਹੈ, ਜਦਕਿ ਦੂਜੇ ਦੋ ਹਵਾਲੇ 9:31 ਅਤੇ 10:33, 34 ਵਿਚ ਹਨ। ਅਜਿਹਾ ਲਗਦਾ ਹੈ ਕਿ ਅਗਲੀਆਂ ਕਾਰਵਾਹੀਆਂ ਯਿਸੂ ਦੇ ਆਪਣੇ ਵਿਚਾਰਾਂ ਨੂੰ ਯਰੂਸ਼ਲਮ ਦੇ ਸਫ਼ਰ ਵੱਲ ਮੋੜਨ ਤੇ ਹੋਈਆਂ (9:30, 31)।

**ਆਇਤ 31. ਬਜ਼ੁਰਗਾਂ ਅਤੇ ਪ੍ਰਧਾਨ ਜਾਜਕਾਂ ਅਰ ਗ੍ਰੰਥੀਆਂ** ਨੇ ਜਿਹੜੇ ਯਰੂਸ਼ਲਮ ਦੇ ਪ੍ਰਮੁੱਖ ਆਗੂ ਸਨ, ਛੇਤੀ ਹੀ ਮਿਲ ਜਾਣਾ ਸੀ। ‘‘ਪ੍ਰਧਾਨ ਯਾਜਕਾਂ’’[28] ਦਾ ਜ਼ਿਕਰ ਮਰਕੁਸ ਵਿਚ ਚੌਦਾਂ ਵਾਰ ਹੋਇਆ; ਇਹ ‘‘ਬਜ਼ੁਰਗ’’ ਜਿਨ੍ਹਾਂ ਦੀ ਗੱਲ ਯਿਸੂ ਨੇ ਕੀਤੀ, ਯਕੀਨਨ ਹੀ ਮਹਾਸਭਾ ਦੇ ਸੱਤਰ ਮੈਂਬਰਾਂ ਵਿੱਚੋਂ ਸਨ। ‘‘ਪ੍ਰਧਾਨ ਯਾਜਕ’’ (ἀρχιερεύς, *ਆਰਖਿਰਿਯੁਸ*) ਸਭ ਤੋਂ ਵੱਡਾ ਆਗੂ ਸੀ ਅਤੇ

ਮਸੀਹ ਉੱਤੇ ਮਕੱਦਮਾ ਕਰਨ ਵਾਲਿਆਂ ਵਿੱਚੋਂ ਉਹੀ ਸਭ ਤੋਂ ਵੱਧ ਦੋਸ਼ੀ ਬਣਿਆ (ਮੱਤੀ 26:57)।

ਸਲੀਬ ਦਾ ਦੁਖਾਂਤ ਹੁਣ ਨੇੜੇ ਆ ਚੁਕਿਆ ਸੀ, ਭਾਵ ਯਿਸੂ ਦੀ ਘੜੀ ਬੜੀ ਨਜ਼ਦੀਕ ਆ ਗਈ ਸੀ![29] ਇਹ ਦੁਖਾਂਤ ਸਿਰਫ਼ ਆਉਣਾ ਹੀ ਨਹੀਂ ਸੀ, ਬਲਕਿ ਇਹਦਾ ਆਉਣਾ ਜ਼ਰੂਰੀ ਸੀ। ਯਿਸੂ ਨੂੰ ਪਤਾ ਸੀ ਕਿ ਨਬੂਵਤ ਦਾ ਪੂਰਾ ਹੋਣਾ ਜ਼ਰੂਰੀ ਹੈ। ਮਰਕੁਸ 9:12 ਦੱਸਦਾ ਹੈ, ''ਮਨੁੱਖ ਦੇ ਪੁੱਤ੍ਰ ਦੇ ਹੱਕ ਵਿੱਚ ਕਿੱਕੁਰ ਲਿੱਖਿਆ ਹੈ ਜੋ ਉਹ ਬਹੁਤ ਦੁੱਖ ਝੱਲੇਗਾ ਅਤੇ ਤੁੱਛ ਗਿਣਿਆ ਜਾਵੇਗਾ?'' ਯਿਸੂ ਨੂੰ ਪਤਾ ਸੀ ਕਿ ਉਸ ਨੂੰ **ਰੱਦਿਆ** (ἀποδοκιμάζω, *ਅਪੋਡੋਕਿਮੇਜ਼ੋ*) ਜਾਣਾ ਸੀ। ਮੂਲ ਵਿਚ ਉਸ ਨੇ ਯਹੂਦੀ ਆਗੂਆਂ ਦੀ ''ਜਾਂਚ ਵਿਚ ਫੇਲ੍ਹ'' ਹੋ ਜਾਣਾ ਸੀ। ਇਹ ਖ਼ੁਦਾਈ ਯੋਜਨਾ ਦਾ ਹਿੱਸਾ ਸੀ ਕਿ ਉਹ ਸਾਡੀ ਖ਼ਾਤਰ ਬਹੁਤ ਦੁੱਖ ਝੱਲੇ। ਯਸਾਯਾਹ 53:3–11 ਉਸ ਗੱਲ ਦਾ ਨਬੂਵਤੀ ਵੇਰਵਾ ਹੈ ਜਿਹੜੀ ਮਸੀਹ ਨੇ ਪਾਪੀਆਂ ਲਈ ਝੱਲਣੀ ਸੀ।

**ਮਨੁੱਖ ਦਾ ਪੁੱਤਰ** ਵਾਕਖੰਡ ਸੰਭਵ ਤੌਰ ਤੇ ਦਾਨੀਏਲ 7:13 ਤੋਂ ਲਿਆ ਗਿਆ। ਇਹ ਇਜ਼ਹਾਰ ''ਅੱਤ ਮਹਾਨ ਦੇ ਸੰਤਾਂ'' ਨਾਲ ਸਬੰਧਿਤ ਉੱਚੇ ਕੀਤੇ ਗਏ ਵਿਅਕਤੀ ਲਈ ਹੈ (ਦਾਨੀਏਲ 7:18)।[30] ਇਸ ਵੱਡੀ ਨਬੂਵਤ ਵਿਚ ਮਨੁੱਖ ਦੇ ਪੁੱਤਰ ਨੂੰ ਇਕ ਮਨੁੱਖ ਦੇ ਰੂਪ ਵਿਚ ਵਿਖਾਇਆ ਗਿਆ ਜਿਸਨੇ **ਜਾਨੋਂ ਮਾਰਿਆ** ਜਾਣਾ ਸੀ।

ਯਿਸੂ ਨੇ ਰਸੂਲਾਂ ਨੂੰ ਇਹ ਖੁਸ਼ਖ਼ਬਰੀ ਵੀ ਦਿੱਤਾ ਕਿ ਉਹ **ਤਿੰਨਾਂ ਦਿਨਾਂ ਪਿੱਛੋਂ ਜੀ ਉੱਠੇ**ਗਾ। ਇਹ ਸ਼ਬਦਾਵਲੀ ਸਿਰਫ਼ ਮਰਕੁਸ ਵਿਚ ਹੈ; ਮੱਤੀ ਅਤੇ ਲੂਕਾ ਵਿਚ ''ਤੀਏ ਦਿਨ'' ਹੈ (ਮੱਤੀ 16:21; 17:23; 20:19; ਲੂਕਾ 9:22)। ਸਮੇਂ ਦੀ ਇਹ ਗਣਨਾ ਦਿਨ ਦੇ ਇਕ ਹਿੱਸੇ ਨੂੰ ਪੂਰਾ ਦਿਨ ਮੰਨਣ ਦੇ ਯਹੂਦੀ ਢੰਗ ਨਾਲ ਵਿਖਾਉਂਦੀ ਹੈ (ਇਕ ਦਿਨ ਵਿਚ ਰਾਤ ਅਤੇ ਅਗਲਾ ਦਿਨ ਹੁੰਦਾ ਸੀ।) ਯਿਸੂ ਨੇ ਦੋਹਾਂ ਇਜ਼ਹਾਰਾਂ ਨੂੰ ਵਰਤਿਆ ਹੋ ਸਕਦਾ ਹੈ ਜਾਂ ਇੰਜੀਲ ਦੇ ਲੇਖਕਾਂ ਨੇ ਆਪੋ ਆਪਣੇ ਢੰਗ ਨਾਲ ਉਸ ਦੀ ਗੱਲ ਦੀ ਵਿਆਖਿਆ ਕੀਤੀ ਹੋ ਸਕਦੀ ਹੈ, ਕਿਉਂ ਜੋ ਦੋਹਾਂ ਦਾ ਅਰਥ ਤਕਰੀਬਨ ਇੱਕੋ ਜਿਹਾ ਹੀ ਹੈ। ਸਾਡੇ ਲਈ ''ਤਿੰਨ ਦਿਨਾਂ ਬਾਅਦ'' ਦਾ ਮਤਲਬ ''ਚੌਥੇ ਦਿਨ'' ਹੋਵੇਗਾ ਪਰ ਯਹੂਦੀ ਗਣਨਾ ਦੇ ਮੁਤਾਬਿਕ ਅਜਿਹਾ ਨਹੀਂ ਸੀ।

**ਆਇਤ 32. ਅਰ ਉਹ ਨੇ ਇਹ ਗੱਲ ਖੋਲ੍ਹ ਕੇ ਕਹਿ ਦਿੱਤੀ।** ਬਾਅਦ ਵਿਚ ਯਰੂਸ਼ਲਮ ਵਿਚ ਜੋ ਕੁਝ ਹੋਇਆ, ਉਸ ਨਾਲ ਯਿਸੂ ਨੂੰ ਕੋਈ ਹੈਰਾਨੀ ਨਹੀਂ ਹੋਈ, ਪਰ ਜੋ ਕੁਝ ਉਸ ਨੇ ਆਖਿਆ ਉਸ ਨਾਲ ਉਹਦੇ ਚੇਲੇ ਜ਼ਰੂਰ ਹੈਰਾਨ ਸਨ। ਸਲੀਬ ਉੱਤੇ ਉਹਦੇ ਮਰਨ ਦੇ ਨਾਲ–ਨਾਲ ਉਹਦੇ ''ਬਹੁਤ ਦੁੱਖ ਝੱਲਣ'' ਦੀ ਯੋਜਨਾ ਪਹਿਲਾਂ ਤੋਂ ਬਣੀ ਹੋਈ ਸੀ। ਉਹ ਦੁਨੀਆਂ ਵਿਚ ਪਿਤਾ ਦੀ ਸਿੱਖਿਆ ਨੂੰ ਪੂਰਾ ਕਰਨ ਲਈ ਆਇਆ ਸੀ। ਫ਼ਿਲਿੱਪੀਆਂ 2:8 ਆਖਦਾ ਹੈ, ''ਅਤੇ ਮਨੁੱਖ ਦੀ ਸ਼ਕਲ ਵਿਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ।'' ਇਬਰਾਨੀਆਂ 10:5–7 ਯਿਸੂ ਨੂੰ ਇਕ ਦੇਹ ਦਿੱਤੇ ਜਾਣ ਦਾ ਸਾਫ਼ ਕਾਰਣ ਦੱਸਦਾ ਹੈ।

> ਇਸ ਲਈ ਉਹ ਸੰਸਾਰ ਵਿਚ ਆਉਂਦਾ ਹੋਇਆ ਆਖਦਾ ਹੈ,–
> ਬਲੀਦਾਨ ਅਰ ਭੇਟ ਤੂੰ ਨਹੀਂ ਚਾਹਿਆ,
> ਪਰ ਮੇਰੇ ਲਈ ਦੇਹੀ ਤਿਆਰ ਕੀਤੀ।
> ਹੋਮਬਲੀ ਅਰ ਪਾਪਬਲੀ ਤੋਂ ਤੂੰ ਪਰਸੰਨ ਨਹੀਂ ਹੁੰਦਾ,
> ਤਦ ਮੈਂ ਆਖਿਆ, ਵੇਖ, ਮੈਂ ਆਇਆ ਹਾਂ,
> ਹੇ ਪਰਮੇਸ਼ੁਰ, ਭਈ ਤੇਰੀ ਇੱਛਿਆ ਨੂੰ ਪੂਰਿਆਂ ਕਰਾਂ,
> ਜਿਵੇਂ ਪੁਸਤਕ ਦੀ ਪੱਤਰੀ ਵਿਚ ਮੇਰੇ ਵਿਖੇ ਲਿਖਿਆ ਹੋਇਆ ਹੈ।[31]

ਯਿਸੂ ਨੇ ਰਸੂਲਾਂ ਨੂੰ ਆਪਣੀ ਆਉਣ ਵਾਲੀ ਮੌਤ ਦੀ ਗੱਲ ਦੱਸਦਿਆਂ ''ਖੋਲ੍ਹ ਕੇ''

(παρρησία, *ਪੱਰੇਸੀਆ*) ਸਮਝਾ ਦਿੱਤਾ, ਜਿਸਦਾ ਅਰਥ ਹੈ, ''ਸਾਫ਼-ਸਾਫ਼'' ਜਾਂ ''ਬਿਨਾ ਲਾਗ ਲਪੇਟ ਕੇ।'' ਹੁਣ ਉਹ ਦ੍ਰਿਸ਼ਟਾਂਤਾਂ ਦੀ ਭਾਸ਼ਾ ਨਹੀਂ ਵਰਤ ਰਿਹਾ ਸੀ ਜਾਂ ਘੁਮਾ ਫਿਰਾ ਕੇ ਨਹੀਂ ਦੱਸ ਰਿਹਾ ਸੀ, ਕਿਉਂ ਜੋ ਹੁਣ ਉਹਦੇ ਲਈ ਇਸ ਦਾ ਸਮਾਂ ਨਹੀਂ ਸੀ। ਮਰਕੁਸ 2:20 ਵਿਚ ਉਹਨੇ ਲਾੜੇ ਦੇ ਅੱਡ ਕੀਤੇ ਜਾਣ ਦੇ ਰੂਪਕ ਦੀ ਵਰਤੋਂ ਕੀਤੀ। ਯੂਹੰਨਾ 2:19-23 ਵਿਚ ਉਹਨੇ ਹੈਕਲ ਦੀ ਬਰਬਾਦੀ ਦਾ ਇਕ ਹੋਰ ਰੂਪਕ ਵਰਤਿਆ:

> ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਇਸ ਹੈਕਲ ਨੂੰ ਢਾਹ ਸੁੱਟੋ ਤਾਂ ਮੈਂ ਤਿੰਨਾਂ ਦਿਨਾਂ ਵਿਚ ਇਹ ਨੂੰ ਖੜਾ ਕਰ ਦਿਆਂਗਾ। ਤਦ ਯਹੂਦੀਆਂ ਨੇ ਕਿਹਾ, ਛਿਤਾਹਲੀਆਂ ਵਰਿਹਾਂ ਵਿਚ ਇਹ ਹੈਕਲ ਬਣੀ ਸੀ, ਫੇਰ ਕੀ ਤੂੰ ਇਹ ਨੂੰ ਤਿੰਨਾਂ ਦਿਨਾਂ ਵਿਚ ਖੜਾ ਕਰੇਂਗਾ? ਪਰ ਉਸ ਨੇ ਆਪਣੇ ਸਰੀਰ ਦੀ ਹੈਕਲ ਦੀ ਗੱਲ ਕਹੀ ਸੀ।

ਮਹਾਸਭਾ ਨੇ ਯਿਸੂ ਦੇ ਦਾਅਵਿਆਂ ਨੂੰ ਸੁਣ ਕੇ ਉਸ ਨੂੰ ਠੁਕਰਾ ਦੇਣਾ ਸੀ। ਯਿਸੂ ਨੇ ਮੁਰਦਿਆਂ ਵਿੱਚੋਂ ਜੀ ਉੱਠ ਕੇ ਉਨ੍ਹਾਂ ਨੂੰ ਗਲਤ ਸਾਬਿਤ ਕਰ ਦੇਣਾ ਸੀ। ਚੇਲਿਆਂ ਨੂੰ ਅਜੇ ਵੀ ਯਿਸੂ ਦੇ ਉਨ੍ਹਾਂ ਲਈ ਮਰਨ ਦੀ ਗੱਲ ਸਮਝ ਵਿਚ ਨਹੀਂ ਆਉਣੀ ਸੀ, ਇਸ ਕਰਕੇ ਉਨ੍ਹਾਂ ਲਈ ਉਹਦੇ ਜੀ ਉੱਠਣ ਦੀ ਗੱਲ ਨੂੰ ਸਮਝਣਾ ਮੁਸ਼ਕਿਲ ਸੀ। ਮਾਰਥਾ ਵਾਂਗ (ਯੂਹੰਨਾ 11:24) ਉਨ੍ਹਾਂ ਲਈ ''ਅੰਤ ਦੇ ਦਿਨ'' ਹੋਣ ਵਾਲੇ ਜੀ ਉੱਠਣ ਨੂੰ ਕਬੂਲ ਕਰ ਲੈਣਾ ਅਸਾਨ ਸੀ, ਪਰ ਇਨ੍ਹਾਂ ਰਸੂਲਾਂ ਨੂੰ ਵੀ ਜਿਨ੍ਹਾਂ ਨੇ ਉਹਦੇ ਹੱਥੋਂ ਐਨੇ ਮੋਅਜਜ਼ੇ ਹੁੰਦੇ ਵੇਖੇ ਸਨ, ਮੁਰਦਿਆਂ ਵਿੱਚੋਂ ਉਸ ਦੇ ਜੀ ਉੱਠਣ ਦੀ ਉਮੀਦ ਨਹੀਂ ਹੋਵੇਗੀ।

ਇਸ ਦਿਨ ਬਾਰੇ **ਪਤਰਸ** ਨੇ ਯਿਸੂ ਨੂੰ ਕੁਝ ਕਹਿਣਾ ਸੀ, ਜਿਸ ਕਰਕੇ ਉਹ **ਉਸ ਨੂੰ ਇਕ ਪਾਸੇ ਕਰਕੇ ਝਿੜਕਨ ਲੱਗਾ।** ਮਰਕੁਸ ਦੇ ਵਿਰਤਾਂਤ ਵਿਚ ਇਸ ਨੂੰ ਉਵੇਂ ਵਿਸਤਾਰ ਨਾਲ ਨਹੀਂ ਵਿਖਾਇਆ ਗਿਆ ਜਿਵੇਂ ਮੱਤੀ 16:22 ਵਿਚ ਵਿਖਾਇਆ ਗਿਆ ਹੈ: ''ਤਦ ਪਤਰਸ ਉਹਨੂੰ ਇਕ ਪਾਸੇ ਕਰ ਕੇ ਝਿੜਕਣ ਲੱਗਾ ਅਤੇ ਉਹਨੂੰ ਕਿਹਾ, ਪ੍ਰਭੂ ਜੀ ਪਰਮੇਸ਼ੁਰ ਇਹ ਨਾ ਕਰੇ! ਤੇਰੇ ਲਈ ਇਹ ਕਦੇ ਨਾ ਹੋਵੇਗਾ!'' ਅਣਜਾਪੁਣੇ ਵਿਚ ਪਤਰਸ ਸ਼ਤਾਨ ਦੀ ਹੀ ਇੱਛਾ ਦੱਸ ਰਿਹਾ ਸੀ (8:33)। ਉਹਦਾ ਇਰਾਦਾ ਨੇਕ ਸੀ ਅਤੇ ਉਹ ਯਿਸੂ ਨੂੰ ਜ਼ਿੰਦਗੀ ਉੱਤੇ ਬਹੁਤਾ ਸਕਾਰਾਤਮਕ ਨਜ਼ਰੀਆ ਰੱਖਣ ਲਈ ਆਖ ਰਿਹਾ ਸ।[32] ਉਹ ਯਿਸੂ ਨੂੰ ਸਮਝਾ ਰਿਹਾ ਸੀ, ''ਐਨਾ ਨਿਰਾਸ਼ਾਵਾਦੀ ਨਹੀਂ ਬਣੀਦਾ!'' ਪਰ ਦੁਨੀਆਂ ਦੀ ਸਾਰੀ ਸਕਾਰਾਤਮਕ ਸੋਚ ਵੀ ਇਨ੍ਹਾਂ ਹਕੀਕਤਾਂ ਨੂੰ ਬਦਲ ਨਹੀਂ ਸਕਦੀ ਸੀ। ਕਈ ਵਾਰ ਸਾਡੇ ਲਈ ਨਕਾਰਾਤਮਕ ਜਾਂ ਮੁਸ਼ਕਿਲ ਸਚਿਆਈਆਂ ਦਾ ਸਾਹਮਣਾ ਕਰਨਾ ਜ਼ਰੂਰੀ ਹੁੰਦਾ ਹੈ।

**ਆਇਤ 33.** ਪਤਰਸ ਨੂੰ ਯਕੀਨ ਨਹੀਂ ਆ ਰਿਹਾ ਸੀ, ਇਸ ਕਰਕੇ ਉਹ ਚੋਟੀ (ਇਕਰਾਰ ਕਰਨ) ਤੋਂ ਗਹਿਰਾਈ ਵਿਚ ਡੁੱਬ ਗਿਆ। ਉਹਨੂੰ ਲੱਗਾ ਕਿ ਉਸ ਵਿਚ ਖ਼ੁਦਾ ਦੇ ਪੁੱਤਰ ਨੂੰ ਸਲਾਹ ਦੇਣ ਦੀ ਸਮਝ ਹੈ! ਪਤਰਸ ਨੇ ਯਿਸੂ ਨੂੰ ਇਕਾਂਤ ਵਿਚ ਲਿਜਾ ਕੇ ਹੁਸ਼ਿਆਰ ਬਣਨ ਦੀ ਕੋਸ਼ਿਸ਼ ਕੀਤੀ ਸੀ (8:32), ਪਰ ਯਿਸੂ ਨੇ ਉਹਨੂੰ ਬਣਨ ਨਹੀਂ ਦਿੱਤਾ ਅਤੇ **ਉਹ ਨੇ ਮੂੰਹ ਫੇਰ ਲਿਆ ਅਤੇ ਆਪਣੇ ਚੇਲਿਆਂ ਵੱਲ ਵੇਖ ਕੇ ਪਤਰਸ ਨੂੰ ਝਿੜਕਿਆ।** ਪਤਰਸ ਨੂੰ ਝਿੜਕਣ ਲਈ ਯਿਸੂ ਨੇ ਦੂਜੇ ਚੇਲਿਆਂ ਵੱਲ ਮੂੰਹ ਭੁਆਂ ਲਿਆ।

ਯਿਸੂ ਨੇ ਪਹਿਲਾਂ ਪਤਰਸ ਨੂੰ ਆਖਿਆ, **ਹੇ ਸ਼ਤਾਨ ਮੈਥੋਂ ਪਿੱਛੇ ਹਟ!** ਜਦੋਂ ਅਸੀਂ ਸ਼ਤਾਨ ਦੇ ਮਨ ਦੀ ਗੱਲ ਕਰਦੇ ਹਾਂ ਤਾਂ ਅਸੀਂ ਉਹਦੇ ਹੱਥਾਂ ਵਿਚ ਖੇਡ ਰਹੇ ਹੁੰਦੇ ਹਾਂ, ਭਾਵੇਂ ਸਾਡੇ ਇਰਾਦੇ ਨੇਕ ਹੀ ਹੋਣ। ਅਜਿਹੇ ਮਾਮਲਿਆਂ ਵਿਚ, ਸਾਨੂੰ ਉਵੇਂ ਹੀ ਝਿੜਕੇ ਜਾਣ ਦੀ ਲੋੜ ਹੁੰਦੀ ਹੈ ਜਿਵੇਂ ਯਿਸੂ ਨੇ ਪਤਰਸ ਨੂੰ ਝਿੜਕਿਆ ਸੀ। ਮੱਤੀ 16:23 ਵਿਚ ਠੋਕਰ ਖਾਣ ਦੇ ਅਪਰਾਧ ਜਾਂ ਮੌਕੇ ਲਈ σκάνδαλον (*ਸਕੈਂਡਲੋਨ*), ਸ਼ਬਦ ਵਰਤਿਆ ਗਿਆ ਹੈ। ਜੇ ਯਿਸੂ ਪਤਰਸ ਦੀ ਸਲਾਹ ਨੂੰ ਮੰਨ ਲੈਂਦਾ ਤਾਂ ''ਠੋਕਰ ਖਾਣੀ'' ਸੀ। ''ਦੁਸ਼ਟ'' ਲਈ ਯੂਨਾਨੀ ਸ਼ਬਦ (διάβολος, *ਡਾਇਆਬੋਲੋ*)

ਦੀ ਥਾਂ ''ਸ਼ਤਾਨ'' ਲਈ (Σατανᾶς, *ਸੈਟਨਸ*) ਸ਼ਬਦ ਦੀ ਵਰਤੋਂ ਇਬਰਾਨੀ ਅਤੇ ਅਰਾਮੀ ਪ੍ਰਭਾਵ ਦਾ ਇਕ ਹੋਰ ਸੰਕੇਤ ਹੈ।

ਅੱਗੇ ਯਿਸੂ ਨੇ ਪਤਰਸ ਨੂੰ ਆਖਿਆ, **''ਕਿਉਂ ਜੋ ਤੂੰ ਪਰਮੇਸ਼ੁਰ ਦੀਆਂ ਨਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ।''** ''ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਣ'' ਦਾ ਮਤਲਬ ਸਾਫ਼ ਤੌਰ ਤੇ ਇਕ ਸ਼ਕਤੀਸ਼ਾਲੀ ਸੰਸਾਰ ਮਸੀਹਾ ਹੋਣ ਦੀ ਇੱਛਾ ਕਰਨਾ ਸੀ, ਕਿਉਂ ਜੋ ਯਹੂਦੀਆਂ ਅਤੇ ਸ਼ਤਾਨ ਇਹੀ ਚਾਹੁੰਦੇ ਸਨ। ਸ਼ਤਾਨ ਪਤਰਸ ਦੇ ਮਨ ਵਿਚ ਆ ਚੁਕਿਆ ਸੀ ਅਤੇ ਉਸ ਨੇ ਉਹਦੇ ਮਨ ਵਿਚ ਅਜਿਹੇ ਵਿਚਾਰ ਪਾ ਦਿੱਤੇ ਸਨ; ਮਸੀਹ ਦੀਆਂ ਗੱਲਾਂ ਨੂੰ ਨਕਾਰ ਕੇ ਉਹ ਸ਼ਤਾਨ ਦੀ ਸੋਚ ਵਿਚ ਫਸ ਗਿਆ ਸੀ।

ਪਤਰਸ ਨੇ ਯਿਸੂ ਦੇ ਮਿਸ਼ਨ ਦੇ ਅਸਲ ਮਕਸਦ ਨੂੰ ਨਹੀਂ ਮੰਨਿਆ। ਇਕ ਅਰਥ ਵਿਚ ਯਿਸੂ ਦਾ ਜਵਾਬ ਸੀ, ''ਤੂੰ ਚਾਹ ਰਿਹਾ ਹੈਂ ਕਿ ਮੈਂ ਦੁਨੀਆਂ ਦੇ ਤੌਰ ਤਰੀਕਿਆਂ ਤੇ ਚੱਲ ਕੇ ਸ਼ਾਨੋ ਸੌਕਤ ਨਾਲ ਅਤੇ ਸਮਾਰੋਹ ਭਰੇ ਢੰਗ ਨਾਲ ਦੁਨਿਆਵੀ ਰਾਜਾ ਬਣ ਜਾਵਾਂ; ਪਰ ਇਹ ਸ਼ਤਾਨ ਦਾ ਤਰੀਕਾ ਹੈ, ਮੇਰਾ ਨਹੀਂ। ਉਹਨੂੰ ਸੁਰਗੀ ਯੋਜਨਾ ਦਾ ਪਤਾ ਸੀ ਅਤੇ ਸੰਸਾਰ ਦੀ ਸੋਚ ਨਾਲ ਉਸ ਨੂੰ ਕੋਈ ਫ਼ਰਕ ਨਹੀਂ ਪੈਣਾ ਸੀ। ਪਤਰਸ ਨੂੰ ਝਿੜਕਣ ਵਿਚ ਦੂਜੇ ਲੋਕ ਵੀ ਲਗ ਗਏ ਹੋ ਸਕਦੇ ਹਨ; ਪਰ ਯਿਸੂ ਨੇ ਬੜੀ ਸਖ਼ਤੀ ਨਾਲ ਪਤਰਸ ਨੂੰ ਸੁਧਾਰ ਦਿੱਤਾ ਤਾਂ ਜੋ ਬਾਕੀ ਦੇ ਲੋਕ ਉਹਦੇ ਖ਼ਿਲਾਫ਼ ਬੋਲਣ ਦੀ ਹਿੰਮਤ ਨਾ ਕਰਨ। ਉਹ ਉਨ੍ਹਾਂ ਸਾਰਿਆਂ ਨੂੰ ਇਹ ਸਮਝਾਉਣਾ ਚਾਹੁੰਦਾ ਸੀ ਕਿ ਜੋ ਕੁਝ ਉਹ ਨੇ ਆਖਿਆ ਸੀ ਉਹ ਪਿਤਾ ਦੀ ਇੱਛਾ ਸੀ ਅਤੇ ਇਸ ਦਾ ਪੂਰਾ ਹੋਣਾ ਲਾਜ਼ਮੀ ਸੀ।

ਹਮੇਸ਼ਾ ਦੇ ਸਨਮਾਨ ਤੋਂ ਪਹਿਲਾਂ ਹਲੀਮੀ ਅਤੇ ਖ਼ੁਦਾ ਦੀ ਇੱਛਾ ਨੂੰ ਮੰਨਣਾ ਜ਼ਰੂਰੀ ਹੈ। ਪਤਰਸ ਨੂੰ ਇਹ ਸਬਕ ਮਿਲ ਚੁਕਿਆ ਸੀ ਅਤੇ ਉਸ ਨੇ ਇਸ ਨੂੰ ਕੀ ਵਾਰ ਦੱਸਿਆ:

> ਇਹ ਦੇ ਵਿਚ ਤੁਸੀਂ ਵੱਡਾ ਅਨੰਦ ਕਰਦੇ ਹੋ ਭਾਵੇਂ ਹੁਣ ਥੋੜ੍ਹਾ ਕੁ ਚਿਰ ਜੇਕਰ ਲੋੜੀਦਾ ਹੋਵੇ ਤਾਂ ਭਾਂਤ ਭਾਂਤ ਦੇ ਪਰਤਾਇਆਂ ਨਾਲ ਦੁਖੀ ਹੋਏ ਹੋਏ ਹੋ। ਤਾਂ ਜੋ ਤੁਹਾਡੀ ਪਰਖੀ ਹੋਈ ਨਿਹਚਾ ਜਿਹੜੀ ਨਾਸ ਹੋਣ ਵਾਲੇ ਸੋਨੇ ਨਾਲੋਂ ਭਾਵੇਂ ਉਹ ਅੱਗ ਵਿਚ ਤਾਇਆ ਵੀ ਜਾਵੇ ਅੱਤ ਭਾਰੇ ਮੁੱਲ ਦੀ ਹੈ ਯਿਸੂ ਮਸੀਹ ਦੇ ਪਰਗਟ ਹੋਣ ਦੇ ਸਮੇਂ ਉਸਤਤ, ਮਹਿਮਾ ਅਤੇ ਆਦਰ ਦੇ ਜੋਗ ਨਿੱਕਲੇ। ਜਿਹ ਦੇ ਨਾਲ ਬਿਨ ਵੇਖੇ ਤੁਸੀਂ ਪ੍ਰੇਮ ਰੱਖਦੇ ਹੋ ਅਤੇ ਭਾਵੇਂ ਹੁਣ ਉਹਨੂੰ ਨਹੀਂ ਵੇਖਦੇ ਤਾਂ ਵੀ ਓਸ ਉੱਤੇ ਨਿਹਚਾ ਕਰ ਕੇ ਐਡਾ ਅਨੰਦ ਕਰਦੇ ਹੋ ਜੋ ਵਰਨਣ ਤੋਂ ਬਾਹਰ ਅਤੇ ਤੇਜ ਨਾਲ ਭਰਪੂਰ ਹੈ। ਅਤੇ ਆਪਣੀ ਨਿਹਚਾ ਦਾ ਫਲ ਅਰਥਾਤ ਜਾਨਾਂ ਦੀ ਮੁਕਤੀ ਪਰਾਪਤ ਕਰਦੇ ਹੋ (1 ਪਤਰਸ 1:6–9; ਵੇਖੋ 4:12–19; 5:10)।

ਮਰਕੁਸ 8:33 ਨਾਲ ਖ਼ਤਮ ਹੋਣ ਵਾਲਾ ਹਿੱਸਾ ਇੰਜੀਲ ਦੇ ਵਿਰਤਾਂਤ ਦੇ ''ਪਹਿਲੇ ਹਿੱਸੇ'' ਦੇ ਅਖ਼ੀਰ ਨੂੰ ਵਿਖਾਉਂਦਾ ਹੈ, ਕਿਉਂ ਜੋ ਯਿਸੂ ਨੇ ਹੁਣ ਆਪਣਾ ਮੂੰਹ ਸਲੀਬ ਵੱਲ ਨੂੰ ਕਰ ਲਿਆ।

## ''ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇ ?'' (8:34-38)[33]

**[34]ਤਦ ਉਹ ਨੇ ਭੀੜ ਨੂੰ ਆਪਣੇ ਚੇਲਿਆਂ ਸਣੇ ਕੋਲ ਸੱਦ ਕੇ ਉਨ੍ਹਾਂ ਨੂੰ ਆਖਿਆ, ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਉਹ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ [35]ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਮੇਰੇ ਅਤੇ ਇੰਜੀਲ ਦੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਬਚਾਵੇਗਾ [36]ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕਮਾਵੇ ਅਤੇ ਆਪਣੀ ਜਾਨ ਦਾ ਨੁਕਸਾਨ ਕਰੇ? [37]ਤਾਂ ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇ? [38]ਕਿਉਂਕਿ ਜੋ ਕੋਈ ਇਸ ਹਰਾਮਕਾਰ ਅਤੇ ਪਾਪੀ ਪੀੜ੍ਹੀ ਦੇ ਲੋਕਾਂ ਵਿੱਚੋਂ ਮੈਥੋਂ ਅਤੇ ਮੇਰਿਆਂ**

**ਬਚਨਾਂ ਤੋਂ ਸ਼ਰਮਾਵੇਗਾ ਮਨੁੱਖ ਦਾ ਪੁੱਤਰ ਭੀ ਉਸ ਤੋਂ ਸ਼ਰਮਾਵੇਗਾ ਜਿਸ ਵੇਲੇ ਉਹ ਆਪਣੇ ਪਿਤਾ ਦੇ ਤੇਜ ਨਾਲ ਪਵਿੱਤਰ ਦੂਤਾਂ ਸਣੇ ਆਵੇਗਾ।**

**ਆਇਤ 34.** ਮਰਕੁਸ ਵਿਚ ਇਸ ਆਇਤ ਵਿਚ, ਪਹਿਲੀ ਵਾਰ ਸਲੀਬ ਦਾ ਜ਼ਿਕਰ ਆਇਆ ਹੈ। ਮੁਜਰਮਾਂ ਨੂੰ ਮੌਤ ਦੀ ਸਜ਼ਾ ਦੇਣ ਦਾ ਇਹ ਤਰੀਕੇ ਵਰਤਣ ਦਾ ਯਹੂਦੀਆਂ ਨੂੰ ਕੋਈ ਹੱਕ ਨਹੀਂ ਸੀ। ਇਸ ਕਰਕੇ ਜ਼ਰੂਰੀ ਸੀ ਕਿ ਯਿਸੂ ਨੂੰ ਸਜ਼ਾ ਦੇਣ ਵਿਚ ਰੋਮੀ ਰਾਜਪਾਲ ਦੀ ਸ਼ਮੂਲੀਅਤ ਹੋਵੇ। **''ਭੀੜ ਨੂੰ ਆਪਣੇ ਚੇਲਿਆਂ ਸਣੇ ਕੋਲ ਸੱਦ ਕੇ''** ਯਿਸੂ ਨੇ ਆਖਿਆ, **''ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਉਹ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ।''** ਉਹ ਆਪਣਾ ਇਨਕਾਰ ਕਰਨ ਦੇ ਰਾਹ ਤੇ ਲਿਜਾਣ ਵਾਲਾ ਸੀ।

ਸੰਸਾਰਕ ਰਾਜ ਅਤੇ ਸੰਸਾਰਕ ਆਦਰ ਦੀ ਤਮੰਨਾ ਦੀ ਬਜਾਇ ਆਦਮੀ ਨੂੰ ਹਮੇਸ਼ਾ ਲਈ ਸ਼ਗਿਰਦੀ ਦੇ ਰਾਹ ਤੇ ਚੱਲਣ ਦੀ ਤਮੰਨਾ ਰੱਖਣੀ ਚਾਹੀਦੀ ਹੈ, ਪਰ ਉਹ ਹੈ ਕੀ? ਆਪਣਾ ਇਨਕਾਰ ਕਰਨ ਤੋਂ ਭਾਵ ਸਿਰਫ਼ ਕੁਝ ਸੁੱਖਾਂ ਦੀ ਤਿਆਰੀ ਨਹੀਂ ਹੈ। ਇਹ ਜੀਣ ਦਾ ਢੰਗ ਭਾਵ ਆਪਣੇ ਆਪ ਦਾ ਤਿਆਗ ਕਰਨਾ ਹੈ। ਯਿਸੂ ਇਹ ਨਹੀਂ ਆਖ ਰਿਹਾ ਸੀ ਕਿ ਉਹਦਾ ਚੇਲਾ ਬਣਨ ਲਈ ਸਰੀਰਕ ਤੌਰ ਤੇ ਦੁੱਖ ਝੱਲਣਾ ਜ਼ਰੂਰੀ ਹੈ। ਸਰੀਰ ਵਿਚ ਦੁੱਖ ਝੱਲਣਾ ਕਈ ਵਾਰ ਜ਼ਰੂਰੀ ਹੋ ਸਕਦਾ ਹੈ ਕਿਉਂਕਿ ਹਰ ਯੁੱਗ ਵਿਚ ਦੁਨੀਆਂ ਦੇ ਵੱਖੋ-ਵੱਖ ਹਿੱਸਿਆਂ ਵਿਚ ਸ਼ਹੀਦ ਹੋਏ ਹਨ (ਵੇਖੋ 2 ਤਿਮੋਥਿਉਸ 3:12)। ਜਦੋਂ ਯਿਸੂ ਵਾਂਗ ਅਸੀਂ ਆਪਣੀਆਂ ਦਿਲਚਸਪੀਆਂ ਨਾਲੋਂ ਵਧ ਕੇ ਖ਼ੁਦਾ ਦੀਆਂ ਦਿਲਚਸਪੀਆਂ ਨੂੰ ਵੇਖਦੇ ਹਾਂ, ਤਾਂ ਇਹਦੇ ਕਰਕੇ ਦੁੱਖ ਝੱਲਣਾ ਪੈ ਸਕਦਾ ਹੈ।

ਪਰ ਇਹ ਸਮਰਪਣ ਰੋਜ਼ ਹੋਣਾ ਜ਼ਰੂਰੀ ਹੈ, ਜਿਸਦਾ ਮਤਲਬ ਇਹ ਹੋਇਆ ਕਿ ਇਹ ਸਚਮੁਚ ਦੀ ਸਲੀਬ ਚੁੱਕਣਾ ਨਹੀਂ ਹੈ। ਲੂਕਾ 9:23 ਵਿਚ, ਯਿਸੂ ਨੇ ਆਖਿਆ, ''ਜੋ ਕੋਈ ਮੇਰੇ ਪਿੱਛੇ ਆਉਣ ਚਾਹੇ ਤਾਂ ਆਪਣੇ ਆਪ ਦਾ ਇਨਕਾਰ ਕਰੇ ਅਤੇ *ਰੋਜ਼* ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ।'' ਸਾਡੇ ਪ੍ਰਭੂ ਦੇ ਧਰਮ ਨੂੰ ਜੇ ਹਫ਼ਤੇ ਵਿਚ ਸਿਰਫ਼ ਇੱਕੋ ਦਿਨ ਮੰਨਿਆ ਜਾਏ ਤਾਂ ਇਹ ਹੋਰ ਮਸ਼ਹੂਰ ਹੋ ਸਕਦਾ ਹੈ। ਇਸ ਦੇ ਉਲਟ ਚੇਲਾ ਹੋਣਾ ਲਗਾਤਾਰ, ਪੱਕੇ ਤੌਰ ਤੇ ਅਤੇ ਰੋਜ਼ ਦਾ ਸੰਕਲਪ ਹੈ।

**ਆਇਤ 35.** ਸਾਡੇ ਪ੍ਰਭੂ ਨੇ ਜਾਨ ਗਵਾਉਣੀ ਦੀ ਗੱਲ ਕੀਤੀ: **''ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਮੇਰੇ ਅਤੇ ਇੰਜੀਲ ਦੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਬਚਾਵੇਗਾ।''** 8:36 ਵਾਂਗ ''ਜਾਨ'' ਲਈ (ψυχή, *ਸਯੂਕ*[34]) ਦਾ ਅਰਥ ਜ਼ਿੰਦਗੀ ਵੀ ਹੋ ਸਕਦਾ ਹੈ (ਵੇਖੋ ਮੱਤੀ 16:26)। ਪੰਜਾਬੀ ਵਿਚ ਦੋਵੇਂ ਥਾਂ ਇਹਦਾ ਅਨੁਵਾਦ ''ਜਾਨ'' ਹੋਇਆ ਹੈ, ਪਰ NASB ਅਤੇ NIV ਵਿਚ 8:35 ਵਿਚ ''life'' (ਜਾਨ) ਅਤੇ 8:36 ਵਿਚ ''soul'' (ਪ੍ਰਾਣ) ਕਰ ਦਿੱਤਾ ਗਿਆ ਹੈ। ਪੁਰਾਣੇ ਨੇਮ ਵਿਚ ''soul'' (שֶׁפֶנ, *ਨੇਪੇਸ਼*) ਅਤੇ ਨਵੇਂ ਨੇਮ ਵਿਚ (ψυχή, *ਸਯੂਕ*) ਦੇ ਅਸਲ ਵਿਚ ਕਈ ਅਰਥ ਹਨ। ਸਯੂਕ ਦਾ ਅਰਥ ਹੈ ''ਜ਼ਿੰਦਗੀ ਦਾ ਸਾਹ''; ''ਵੱਡੀ ਸ਼ਕਤੀ ਜਿਹੜੀ ਸਰੀਰ ਵਿਚ ਜਾਨ ਪਾਉਂਦੀ ਹੈ'' ਅਤੇ ਇਹ ਆਦਮੀ ਦੇ ਨਾਲ-ਨਾਲ ਜਾਨਵਰ ਲਈ ਵਰਤਿਆ ਜਾ ਸਕਦਾ ਹੈ।[35] ਇਹ ਸ਼ਬਦ ਕਿਸੇ ਜੀਉਂਦੇ, ਸਾਹ ਲੈਂਦੇ ਪ੍ਰਾਣੀ ਲਈ, ਖ਼ਾਸ ਕਰਕੇ ਮਨੁੱਖ ਲਈ ਲਾਗੂ ਹੁੰਦਾ ਹੈ, ਭਾਵੇਂ ਪੁਰਾਣੇ ਨੇਮ ਵਿਚ ਜਾਨਵਰਾਂ ਦੇ ਵੀ ''soul'' (ਪ੍ਰਾਣ) ਹੋਣ ਦੀ ਗੱਲ ਦੱਸੀ ਗਈ ਹੈ।[36] ਇਹਦੇ ਉਲਟ (πνεῦμα, *ਨਿਯੂਮਾ*, ''ਆਤਮਾ'') ਮਨੁੱਖ ਜਾਤੀ ਲਈ ਸਹੀ ਅਤੇ ਅਵਿਨਾਸ਼ੀ ਪ੍ਰਾਣ ਹੈ।

**ਆਇਤਾਂ 36, 37.** ਇਨ੍ਹਾਂ ਆਇਤਾਂ ਵਿਚ ਯਿਸੂ ਨੇ ਦੋ ਸਵਾਲ ਪੁੱਛੇ: **''ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕਮਾਵੇ ਅਤੇ ਆਪਣੀ ਜਾਨ ਦਾ ਨੁਕਸਾਨ ਕਰੇ?'' ''ਤਾਂ ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇ?''** ''ਆਪਣੀ ਜਾਨ ਦਾ ਨੁਕਸਾਨ ਕਰੇ'' ਦਾ ਅਰਥ ਸਜ਼ਾ ਦੇ ਕਾਰਣ ਇਸ ਨੂੰ

ਗੁਆਉਣਾ ਹੈ। ਯਿਸੂ ਦੇ ਕਹਿਣ ਦਾ ਮਤਲਬ ਇੱਥੇ ਇਹ ਹੋ ਸਕਦਾ ਹੈ, ''ਜੇ ਕੋਈ ਆਪਣੀ ਅਬਦੀ ਜਾਨ ਨੂੰ ਗੁਆ ਦਿੰਦਾ ਹੈ, ਤਾਂ ਉਹ ਇਸ ਨੂੰ ਕਾਹਦੇ ਨਾਲ ਵਾਪਸ ਖਰੀਦ ਸਕਦਾ ਹੈ? ਪੂਰਾ ਸੰਸਾਰ ਇਹ ਕੀਮਤ ਨਹੀਂ ਚੁਕਾ ਸਕਦਾ! ਇਹਦੇ ਬਦਲੇ ਵਿਚ ਕੁਝ ਨਹੀਂ ਦਿੱਤਾ ਜਾ ਸਕਦਾ!'' ਇਨ੍ਹਾਂ ਆਇਤਾਂ ਵਿਚ *psuche* (ਸਯੂਕ) ਸ਼ਬਦ ਬਾਰ-ਬਾਰ ਦੁਹਰਾਇਆ ਗਿਆ ਹੈ। NASB ਅਤੇ KJV ਵਿਚ ਜਿੱਥੇ ''soul'' ਹੈ ਉੱਥੇ ਹੀ ASV ਵਿਚ 8:35 ਵਿਚ ''life'' ਹੈ। ''life'' ਲਈ ਜਾਨ ਬਿਹਤਰ ਅਨੁਵਾਦ ਲਗਦਾ ਹੈ ਅਤੇ ਨਵੇਂ ਨੇਮ ਵਿਚ ਕਈ ਸੰਸਕਰਣਾਂ ਵਿਚ ਇਹੀ ਸ਼ਬਦ ਵਰਤਿਆ ਗਿਆ ਹੈ।

ਪਰ ਕਿਸੇ ਦੀ ''ਜ਼ਿੰਦਗੀ'' ਤੇ ਰੂਹਾਨੀ ਜਾਂ ਅਬਦੀ ਅਰਥ ਵਿਚ ਵੀ ਵਿਚਾਰ ਕੀਤਾ ਜਾ ਸਕਦਾ ਹੈ, ਸੋ ਇਹ ''ਜਾਨ'' ਦਾ ਸਮਾਨਅਰਥੀ ਹੈ। ਇਹ ਮਸੀਹ ਦੀ ਭੇਤਭਰੀ ਜਾਂ ਵਿਰੋਧਾਭਾਸੀ ਭਾਸ਼ਾ ਦੀ ਇਕ ਉਦਾਹਰਣ ਹੈ, ਕਿਉਂ ਜੋ ਕਈ ਵਾਰ ਉਹਦੀ ਗੱਲ ਲਗਦਾ ਹੈ ਕਿ ਪਹਿਲਾਂ ਕਹੀ ਗਈ ਗੱਲ ਦਾ ਉਲਟ ਹੈ ਜਦਕਿ ਦੋਹਾਂ ਵਿਚ ਗੰਭੀਰ ਸਚਿਆਈਆਂ ਦੱਸੀਆਂ ਗਈਆਂ ਹਨ।[37] ਜਿਨ੍ਹਾਂ ਨੇ ਮਸੀਹ ਲਈ ਅਸਲ ਵਿਚ ਆਪਣੀ ਜਾਨ ਗਵਾਈ ਹੈ, ਯਕੀਨਨ ਹੀ ਉਨ੍ਹਾਂ ਨੂੰ ਉਹ ਜਲਾਲ ਵਿਚ ਆਉਣ ਤੇ ਵਾਪਸ ਮਿਲ ਜਾਵੇਗੀ।

ਸਾਨੂੰ ਸਭ ਨੂੰ ਪਤਾ ਹੈ ਕਿ ਮਰਨ ਵੇਲੇ ਅਸੀਂ ਇਸ ਜ਼ਿੰਦਗੀ ਦੀ ਕਿਸੇ ਦੁਨਿਆਵੀ ਚੀਜ਼ ਨੂੰ ਆਪਣੇ ਨਾਲ ਨਹੀਂ ਲਿਜਾ ਸਕਦੇ। ਪਰ ਜਿਹੜੀ ਜਾਨ ਸਾਡੇ ਕੋਲ ਹੈ ਉਹ ਹਮੇਸ਼ਾ ਤਕ ਰਹੇਗੀ ਅਤੇ ਜੇ ਅਸੀਂ ਮਸੀਹ ਦੇ ਵਫ਼ਾਦਾਰ ਰਹਿੰਦੇ ਹਾਂ ਤਾਂ ਹਮੇਸ਼ਾ ਦੇ ਅਨੰਦ ਵਿਚ ਜਾਂ ਜੇ ਹੁਕਮ ਨਹੀਂ ਮੰਨਦੇ ਹਾਂ ਜਾਂ ਮਰਨ ਤਕ ਵਫ਼ਾਦਾਰ ਨਹੀਂ ਰਹਿੰਦੇ ਤਾਂ ਹਮੇਸ਼ਾ ਲਈ ਦੁਰਦਸ਼ਾ ਵਿਚ ਰਹਾਂਗੇ।

**ਆਇਤ 38.** ਪ੍ਰਭੂ ਨੇ ਇਹ ਆਖਦੇ ਹੋਏ ਗੱਲ ਖ਼ਤਮ ਕੀਤੀ, **''ਕਿਉਂਕਿ ਜੋ ਕੋਈ ਇਸ ਹਰਾਮਕਾਰ ਅਤੇ ਪਾਪੀ ਪੀੜ੍ਹੀ ਦੇ ਲੋਕਾਂ ਵਿੱਚੋਂ ਮੈਥੋਂ ਅਤੇ ਮੇਰਿਆਂ ਬਚਨਾਂ ਤੋਂ ਸ਼ਰਮਾਵੇਗਾ ਮਨੁੱਖ ਦਾ ਪੁੱਤਰ ਭੀ ਉਸ ਤੋਂ ਸ਼ਰਮਾਵੇਗਾ ਜਿਸ ਵੇਲੇ ਉਹ ਆਪਣੇ ਪਿਤਾ ਦੇ ਤੇਜ ਨਾਲ ਪਵਿੱਤਰ ਦੂਤਾਂ ਸਣੇ ਆਵੇਗਾ।''** ''ਇਸ ਹਰਾਮਕਾਰ ਅਤੇ ਪਾਪੀ ਪੀੜ੍ਹੀ'' ਪਿੱਛੇ ਹਟ ਗਏ ਇਸਰਾਏਲੀਆਂ ਦੀ ਗੱਲ ਕਰਨ ਦੇ ਪੁਰਾਣੇ ਨੇਮ ਦੇ ਨਬੂਵਤੀ ਢੰਗ ਨੂੰ ਯਾਦ ਦੁਆਉਂਦਾ ਹੈ, ਜਿਨ੍ਹਾਂ ਲਈ ਕਿਹਾ ਗਿਆ ਸੀ ਕਿ ਖ਼ੁਦਾ ਤੋਂ ਦੂਰ ਜਾ ਕੇ ਉਨ੍ਹਾਂ ਨੇ ਆਤਮਿਕ ਵਿਭਚਾਰ ਕੀਤਾ ਸੀ। ਕਰਨਾਘਨ ਨੇ ਇਸ ਵਾਕਖੰਡ ਨੂੰ ''ਇਸਰਾਏਲ ਦੀਆਂ ਸੰਭਾਵਨਾਵਾਂ ਦਾ ਜੇ ਕੋਈ ਹੋਣ, ਸਭ ਤੋਂ ਨਿਰਾਸ਼ਾਜਨਕ ਮੁਲਾਂਕਣ'' ਕਿਹਾ ਹੈ।[38]

ਯਿਸੂ ਨੇ ''ਮੈਥੋਂ ਅਤੇ ਮੇਰਿਆਂ ਬਚਨਾਂ ਤੋਂ ਸ਼ਰਮਾਵੇਗਾ'' ਇਜ਼ਹਾਰ ਦੀ ਵਰਤੋਂ ਵੀ ਕੀਤੀ। ਜੇ ਅਸੀਂ ਯਿਸੂ ਤੋਂ ਅਤੇ ਉਸ ਦੀਆਂ ਗੱਲਾਂ ਤੋਂ ਸ਼ਰਮਾਉਂਦੇ ਹਾਂ ਤਾਂ ਸਾਨੂੰ ਹਮੇਸ਼ਾ ਦੀ ਬੇਇੱਜ਼ਤੀ ਝੱਲਣੀ ਪਵੇਗੀ। ਭਲਾ ਅਸੀਂ ਅਸਲ ਵਿਚ ਇਨ੍ਹਾਂ ਦੋਹਾਂ ਨੂੰ ਅੱਡ ਕਰ ਸਕਦੇ ਹਾਂ? ਜੇ ਅਸੀਂ ਮਸੀਹ ਨਾਲ ਅਜਿਹਾ ਸਲੂਕਾ ਵਿਖਾਉਂਦੇ ਹਾਂ ਤਾਂ ਉਹਦੇ ਆਪਣੇ ਪੂਰੇ ਤੇਜ ਵਿਚ ਆਉਣ ਤੇ ਸਾਨੂੰ ਸ਼ਰਮਿੰਦੇ ਹੋਣਾ ਪਵੇਗਾ। ਹਰਾਮਕਾਰੀ ਅਤੇ ਪਾਪ ਭਰੀ ਜ਼ਿੰਦਗੀ ਜੀਣਾ ਪ੍ਰਭੂ ਦਾ ਇਨਕਾਰ ਕਰਨਾ ਹੀ ਹੈ।

ਜੇ ਇਸ ਜ਼ਿੰਦਗੀ ਵਿਚ ਅਸੀਂ ਖ਼ੁਦਾ ਦੇ ਪੁੱਤਰ ਦੇ ਰੂਪ ਵਿਚ ਯਿਸੂ ਦਾ ਇਕਰਾਰ ਕਰਨ ਤੋਂ ਇਨਕਾਰ ਕਰਦੇ ਹਾਂ ਤਾਂ ਬਾਅਦ ਵਿਚ ਉਹ ਸਾਡਾ ਇਨਕਾਰ ਕਰੇਗਾ (ਮੱਤੀ 10:32, 33)। ਇਹਦੇ ਉਲਟ ਸਾਡਾ ਹੁਣ ਦਾ ਕੀਤਾ ਇਕਰਾਰ ਯਕੀਨਨ ਅਨੰਦ ਦਾ ਕਾਰਣ ਬਣੇਗਾ। ''ਜਦ ਉਹ ਪਵਿੱਤਰ ਦੂਤਾਂ ਸਣੇ ਆਪਣੇ ਪਿਤਾ ਦੇ ਤੇਜ ਵਿਚ ਆਵੇਗਾ।'' ਆਪਣੇ ਪਿਆਰੇ ਪ੍ਰਭੂ ਅਤੇ ਉਹਦੇ ਦੂਤਾਂ ਦੀਆਂ ਸਭ ਫ਼ੌਜਾਂ ਨੂੰ ਵੇਖਣਾ ਸਾਡੇ ਲਈ ਸਚਮੁਚ ਵਿਚ ਜਲਾਲੀ ਹੋਵੇਗਾ।''

## ਪ੍ਰਾਸੰਗਿਕਤਾ

**ਯਿਸੂ ਦੀਆਂ ਉਮੀਦਾਂ** (8:1-10)

ਯਿਸੂ ਕੁਝ ਦੇਰ ਤਕ ਦਿਕਾਪੁਲਿਸ ਵਿਚ ਰਿਹਾ ਹੋਵੇਗਾ (ਵੇਖੋ 7:31)। ਜਿੰਨਾ ਹੋ ਸਕਿਆ ਉਹ

ਗੈਰਕੌਮਾਂ ਨੂੰ ਉਪਦੇਸ਼ ਰਿਹਾ ਸੀ, ਅਤੇ ਰਸੂਲਾਂ ਨੂੰ ਨਿੱਜੀ ਹਦਾਇਤਾਂ ਦੇ ਰਿਹਾ ਸੀ। ਬਾਈਬਲ ਵਿਚ ਇੱਥੇ (8:1–10) ਇਕ ਵੱਡੀ ਭੀੜ ਤਿੰਨ ਦਿਨਾਂ ਤੋਂ ਯਿਸੂ ਦੇ ਪਿੱਛੇ ਚੱਲ ਰਹੀ ਸੀ। ਲੋਕ ਉਸ ਦੀ ਸ਼ਖ਼ਸੀਅਤ, ਸ਼ਕਤੀ ਅਤੇ ਸੰਦੇਸ਼ ਤੋਂ ਐਨੇ ਪ੍ਰਭਾਵਿਤ ਹੋ ਗਏ ਹੋਣਗੇ ਕਿ ਉਨ੍ਹਾਂ ਨੇ ਉਸ ਨੂੰ ਛੱਡਿਆ ਨਹੀਂ। ਉਹ ਯਿਸੂ ਦੀਆਂ ਗੱਲਾਂ ਸੁਣਨ ਵਿਚ ਐਨੇ ਅੰਤਰਧਿਆਨ ਹੋ ਗਏ ਕਿ ਉਨ੍ਹਾਂ ਨੇ ਰੋਜ਼ ਦੀ ਰੋਟੀ ਦੀ ਆਪਣੀ ਨਿੱਜੀ ਲੋੜ ਵੱਲ ਧਿਆਨ ਨਹੀਂ ਦਿੱਤਾ।

ਯਿਸੂ ਦੇ ਸਾਹਮਣੇ ਭੁੱਖ ਦਾ ਸੰਕਟ ਖੜਾ ਹੋ ਗਿਆ ਸੀ। ਰਸੂਲਾਂ ਨੂੰ ਕੁਝ ਵੀ ਕਰਨ ਲਈ ਕਹੇ ਬਗੈਰ ਯਿਸੂ ਨੇ ਉਨ੍ਹਾਂ ਨੂੰ ਦੱਸਿਆ ਕਿ ਉਸ ਨੂੰ ਉਨ੍ਹਾਂ ਲੋਕਾਂ ਉੱਤੇ ਤਰਸ ਆਉਂਦਾ ਹੈ ਜਿਹੜੇ ਤਿੰਨ ਦਿਨਾਂ ਤੋਂ ਉਹਦੇ ਨਾਲ ਸਨ ਅਤੇ ਉਨ੍ਹਾਂ ਕੋਲ ਖਾਣ ਲਈ ਕੁਝ ਨਹੀਂ ਸੀ (8:2, 3)।

ਰਸੂਲਾਂ ਨੇ ਉੱਥੇ ਮੌਜੂਦ ਲੋਕਾਂ ਬਾਰੇ ਨਹੀਂ ਸੋਚਿਆ ਸੀ, ਜਿਸ ਕਰਕੇ ਉਨ੍ਹਾਂ ਦੇ ਦਿਮਾਗ ਵਿਚ ਇਸ ਹਾਲਾਤ ਨਾਲ ਨਜਿੱਠਣ ਦੀ ਕੋਈ ਯੋਜਨਾ ਨਹੀਂ ਸੀ। ਉਨ੍ਹਾਂ ਨੇ ਯਿਸੂ ਤੋਂ ਪੁੱਛਿਆ, ''ਇਸ ਉਜਾੜ ਵਿੱਚ ਕੋਈ ਇਨ੍ਹਾਂ ਨੂੰ ਰੋਟੀਆਂ ਨਾਲ ਕਿੱਥੋਂ ਰਜਾ ਸੱਕੇ?'' (8:4)। ਯਿਸੂ ਕਈ ਵਾਰ ਸਾਨੂੰ ਇਵੇਂ ਹੀ ਵੇਖਦਾ ਹੈ। ਜਦੋਂ ਅਸੀਂ ਆਲੇ ਦੁਆਲੇ ਦੇ ਲੋਕਾਂ ਦੀ ਬਦਹਾਲੀ ਬਾਰੇ ਨਹੀਂ ਸੋਚਿਆ ਹੁੰਦਾ। ਅਸੀਂ ਕੋਈ ਮੁਸੀਬਤ ਨਹੀਂ ਵੇਖੀ ਹੈ ਪਰ ਜਦ ਮੁਸੀਬਤ ਵੱਡੀ ਹੋ ਜਾਂਦੀ ਹੈ ਤਾਂ ਸਾਡਾ ਧਿਆਨ ਉਹਦੇ ਵੱਲ ਜਾਂਦਾ ਹੈ ਤਾਂ ਅਸੀਂ ਕਹਿੰਦੇ ਹਾਂ ਕਿ ਨਾਮੁਮਕਿਨ ਹੈ ਇਹਦਾ ਕੋਈ ਹੱਲ ਨਹੀਂ ਹੋ ਸਕਦਾ!

ਰਸੂਲਾਂ ਤੋਂ ਕੋਈ ਮਦਦ ਨਾ ਮਿਲਣ ਤੇ ਯਿਸੂ ਮੁਸ਼ਕਿਲ ਦਾ ਹੱਲ ਕਰਨ ਲੱਗਾ। ਇਕ ਅਰਥ ਵਿਚ ਉਸ ਨੇ ਆਖਿਆ, ''ਜੋ ਕੁਝ ਸਾਡੇ ਕੋਲ ਹੈ ਚਲੋ ਓਸੇ ਨਾਲ ਸ਼ੁਰੂਆਤ ਕਰਦੇ ਹਾਂ। ਸਾਡੇ ਵਿੱਚੋਂ ਕਿਸੇ ਕੋਲ ਕੋਈ ਰੋਟੀ ਹੈ?'' (ਵੇਖੋ 8:5)। ਰਸੂਲਾਂ ਨੇ ਆਪੋ ਆਪਣੇ ਥੈਲਿਆਂ ਵਿਚ ਵੇਖਿਆ ਤਾਂ ਉਨ੍ਹਾਂ ਨੂੰ ਸੱਤ ਰੋਟੀਆਂ ਮਿਲ ਗਈਆਂ। ਉਨ੍ਹਾਂ ਕੋਲ ਕੁਝ ਛੋਟੀਆਂ ਮੱਛੀਆਂ ਵੀ ਸਨ ਜਿਹੜੀਆਂ ਸ਼ਾਇਦ ਲੋਕਾਂ ਵੱਲੋਂ ਦਿੱਤੀਆ ਗਈਆਂ ਸਨ।

ਯਿਸੂ ਨੇ ਭੀੜ ਨੂੰ ਖੁਆਉਣ ਦਾ ਜ਼ਿੰਮਾ ਲੈ ਲਿਆ (8:6, 7)। ਜਿਹੜਾ ਭੋਜਨ ਯਿਸੂ ਨੇ ਮੁਹੱਈਆ ਕਰਵਾਇਆ ਉਹ ਉੱਥੇ ਮੌਜੂਦ ਹਰ ਕਿਸੇ ਲਈ ਕਾਫ਼ੀ ਸੀ। ਕਿਸੇ ਨੂੰ ਵੀ ਰਹਿਣ ਨਹੀਂ ਦਿੱਤਾ ਗਿਆ ਸੀ। ਬਾਅਦ ਵਿਚ ਬਚੇ ਹੋਏ ਟੁਕੜਿਆਂ ਨੂੰ ਚੁੱਕ ਲਿਆ ਗਿਆ ਅਤੇ ਇਨ੍ਹਾਂ ਨਾਲ ਸੱਤ ਟੋਕਰੇ ਭਰ ਗਏ (8:8) ਜਿਹੜੇ ਐਨੇ ਵੱਡੇ ਸਨ ਜਿੰਨੇ ਵੱਡੇ ਟੋਕਰੇ ਵਿਚ ਦਮਿਸ਼ਕ ਵਿਚ ਪੌਲੁਸ ਨੂੰ ''ਬਹਾਲ ਕੇ ਸਫ਼ੀਲ ਉੱਪਰੋਂ ਉਤਾਰ ਦਿੱਤਾ'' ਗਿਆ ਸੀ (ਵੇਖੋ ਕਰਤੱਬ 9:25)।

ਪਹਿਲਾਂ ਯਿਸੂ ਨੇ ਔਰਤਾਂ ਅਤੇ ਬੱਚਿਆਂ ਤੋਂ ਛੁੱਟ ਪੰਜ ਹਜ਼ਾਰ ਆਦਮੀਆਂ ਦੀ ਭੀੜ ਨੂੰ ਖੁਆਇਆ ਸੀ (ਮਰਕੁਸ 6:33–44)। ਉਹ ਘਟਨਾ ਇਸ ਖੁਆਉਣ ਵਰਗੀ ਹੀ ਸੀ ਪਰ ਇਸ ਨਾਲੋਂ ਅੱਡ ਸੀ। ਪਰ ਦੋਹਾਂ ਹੀ ਮਾਮਲਿਆਂ ਵਿਚ, ਯਿਸੂ ਨੇ ਲੋਕਾਂ ਨੂੰ ਖੁਆਉਣ ਤੋਂ ਬਾਅਦ ਘੱਲ ਦਿੱਤਾ। ਇਹ ਮੋਅਜਜ਼ੇ ਆਮ ਲੋਕਾਂ ਵਿਚ ਵਿਖਾਏ ਗਏ ਸਨ ਅਤੇ ਇਨ੍ਹਾਂ ਨੂੰ ਅਸਾਨੀ ਨਾਲ ਗਲਤ ਸਮਝਿਆ ਜਾ ਸਕਦਾ ਸੀ। ਲੋਕ ਇਹ ਆਖਦੇ ਹੋਏ ਕਿ ''ਜੇ ਤੂੰ ਸਾਡਾ ਦੁਨਿਆਵੀ ਰਾਜਾ ਬਣ ਜਾਵੇਂ ਤਾਂ ਅਸੀਂ ਹਰ ਥਾਂ ਤੇਰੇ ਪਿੱਛੇ ਚੱਲਾਂਗੇ,'' ਉਨ੍ਹਾਂ ਮੋਅਜਜ਼ਿਆਂ ਦੇ ਪ੍ਰਤੀ ਪ੍ਰਤੀਕਿਰਿਆ ਦੇਣ ਦੇ ਲਾਲਚ ਵਿਚ ਆ ਸਕਦੇ ਸਨ। ਯਿਸੂ ਦੁਨਿਆਵੀ ਰਾਜਾ ਬਣਨ ਲਈ ਨਹੀਂ ਆਇਆ ਸੀ। ਇਸ ਕਰਕੇ ਮੋਅਜਜ਼ੇ ਦੇ ਸੁਭਾਅ ਅਤੇ ਪਿਛੋਕੜ ਦੇ ਕਾਰਣ, ਯਿਸੂ ਲਈ ਲੋਕਾਂ ਨੂੰ ਘੱਲਣਾ ਅਤੇ ਖ਼ੁਦ ਕਿਸੇ ਦੂਜੀ ਥਾਂ ਤੇ ਚਲੇ ਜਾਣਾ ਜ਼ਰੂਰੀ ਸੀ।

ਚਾਰ ਹਜ਼ਾਰ ਨੂੰ ਖੁਆਉਣ ਦੇ ਇਸ ਮੋਅਜਜ਼ੇ ਦੇ ਨਿਰਾਲੇ ਪਹਿਲੂਆਂ ਵਿੱਚੋਂ ਇਕ ਇਹ ਹੈ ਕਿ ਯਿਸੂ ਨੇ ਮਨੁੱਖੀ ਤੱਤ ਨਾਲ ਕਿਵੇਂ ਨਜਿੱਠਿਆ। ਜਿਸ ਤਰੀਕੇ ਨਾਲ ਉਹਨੇ ਇਸ ਘਟਨਾ ਨੂੰ ਅੰਜਾਮ ਦਿੱਤਾ ਉਸ ਤੋਂ ਸਾਨੂੰ ਜ਼ਿੰਦਗੀ ਅਤੇ ਸੇਵਾ ਦੇ ਉਹ ਅਹਿਮ ਸਬਕ ਮਿਲਦੇ ਹਨ ਜਿਨ੍ਹਾਂ ਨੂੰ ਅਸੀਂ ਗੁਆਉਣਾ ਨਹੀਂ ਚਾਹੁੰਦੇ। ਯਿਸੂ ਦੇ ਕੰਮਾਂ ਵਿਚ ਭੀੜ ਨੂੰ ਖੁਆਉਣ ਸ਼ਗਿਰਦੀ ਹੋਣ ਦੀਆਂ ਜ਼ਿੰਮੇਵਾਰੀਆਂ ਸਾਫ਼

ਨਜ਼ਰ ਆਉਂਦੀਆਂ ਹਨ। ਇਨ੍ਹਾਂ ਜ਼ਿੰਮੇਵਾਰੀਆਂ ਵਿਚ ਅਸੀਂ ''ਯਿਸੂ ਦੀਆਂ ਉਮੀਦਾਂ'' ਦੇ ਅਹਿਮ ਵਿਸ਼ੇ ਨੂੰ ਵੇਖ ਸਕਦੇ ਹਾਂ। ਯਿਸੂ ਆਪਣੇ ਚੇਲਿਆਂ ਤੋਂ ਕੀ ਕਰਵਾਉਣ ਦੀ ਉਮੀਦ ਕਰਦਾ ਹੈ?

1. ਬਾਈਬਲ ਤੋਂ ਇਹ ਸੰਕੇਤ ਮਿਲਦਾ ਹੈ ਕਿ *ਯਿਸੂ ਨੇ ਆਪਣੇ ਚੇਲਿਆਂ ਤੋਂ ਇਹ ਸੋਚਣ ਦੀ ਉਮੀਦ ਕੀਤੀ* ਕਿ ਕੀ ਕੀਤਾ ਜਾਵੇ। ਯਿਸੂ ਨੇ ਆਪਣੇ ਚੇਲਿਆਂ ਨੂੰ ਕੋਈ ਹੁਕਮ ਨਹੀਂ ਦਿੱਤਾ, ਨਾ ਹੀ ਉਹਨੇ ਉਨ੍ਹਾਂ ਨੂੰ ਕੋਈ ਸਵਾਲ ਪੁੱਛਿਆ। ਉਸ ਨੇ ਇਕ ਗੱਲ ਕੀਤੀ ਜਿਸ ਵਿਚ ਸੰਕੇਤ ਸ਼ਾਮਿਲ ਸੀ। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਇਨ੍ਹਾਂ ਲੋਕਾਂ ਨੂੰ ਜਿਹੜੇ ਭੁੱਖ ਨਾਲ ਪਰੇਸ਼ਾਨ ਸਨ, ਵੇਖ ਕੇ ਉਹਨੂੰ ਕਿੰਨਾਂ ਤਰਸ ਆ ਰਿਹਾ ਸੀ।

ਉਹ ਚਾਹ ਰਿਹਾ ਸੀ ਕਿ ਇਹ ਲੋਕ ਕੋਈ ਯੋਜਨਾ ਦੱਸਣ। ਭੁੱਖ ਦੀ ਮੁਸ਼ਕਿਲ ਲਈ ਭਲਾ ਉਹਦੇ ਚੇਲਿਆਂ ਨੂੰ ਸੋਚ ਕੇ ਕਿਸੇ ਹੱਲ ਤੇ ਨਹੀਂ ਪਹੁੰਚਣਾ ਚਾਹੀਦਾ ਸੀ?

ਭਲਾ ਉਹ ਸਾਡੇ ਲਈ ਇਵੇਂ ਹੀ ਨਹੀਂ ਕਰਦਾ? ਆਪਣੇ ਗ੍ਰੇਟ ਕਮੀਸ਼ਨ ਵਿਚ, ਉਹਨੇ ਸਾਨੂੰ ਸਿਰਫ਼ ਪੰਜ ਆਮ ਹੁਕਮ ਦਿੱਤੇ। ਉਹਨੇ ਸਾਨੂੰ ਇਹ ਨਹੀਂ ਦੱਸਿਆ ਕਿ ਅਸੀਂ ਕਿਵੇਂ ਜਾਈਏ, ਭਾਵ ਕਾਰ ਵਿਚ, ਬੇੜੀ ਵਿਚ ਜਾਂ ਜਹਾਜ਼ ਵਿਚ ਜਾਂ ਫਿਰ ਪੈਦਲ। ਉਹਨੇ ਸਾਨੂੰ ਇਹ ਵੀ ਨਹੀਂ ਦੱਸਿਆ ਕਿ ਅਸੀਂ ਕਦੋਂ ਜਾਈਏ, ਭਾਵ ਬਚਪਨੇ ਵਿਚ, ਜਵਾਨੀ ਵਿਚ, ਅਧੇੜ ਉਮਰ ਵਿਚ ਜਾਂ ਬੁਢਾਪੇ ਵਿਚ। ਉਹਨੇ ਸਾਨੂੰ ਇਹ ਨਹੀਂ ਦੱਸਿਆ ਕਿ ਉਨ੍ਹਾਂ ਥਾਂਵਾਂ ਤੇ ਜਿਹੜੀਆਂ ਅਸੀਂ ਚੁਣੀਆਂ ਹਨ, ਜਾਣ ਲਈ ਕਿਹੜੇ ਤਰੀਕੇ ਵਰਤੀਏ। ਇਹ ਗੱਲਾਂ ਉਹਨੇ ਸਾਡੇ ਤੇ ਛੱਡ ਦਿੱਤੀਆਂ। ਇਸ ਕਰਕੇ ਉਹ ਸਾਥੋਂ ਇਹ ਸੋਚਣ ਦੀ ਉਮੀਦ ਰੱਖਦਾ ਹੈ ਕਿ ਅਸੀਂ ਕੀ ਕਰਨਾ ਹੈ। ਇਹਦਾ ਮਤਲਬ ਇਹ ਹੈ ਕਿ ਉਹ ਚਾਹੁੰਦਾ ਹੈ ਕਿ ਅਸੀਂ ਆਲੇ ਦੁਆਲੇ ਵੇਖੀਏ, ਆਪਣੇ ਹਾਲਾਤ ਦਾ ਅੰਦਾਜ਼ਾ ਲਾਈਏ, ਉਨ੍ਹਾਂ ਤਰੀਕਿਆਂ ਦਾ ਜਾਇਜ਼ਾ ਲਾਈਏ ਜਿਹੜੇ ਦੂਜਿਆਂ ਨੂੰ ਸਿਖਾਉਣ ਲਈ ਅਸਰਦਾਇਕ ਹਨ ਅਤੇ ਕੰਮ ਦੇ ਕਰਨ ਲਈ ਤਰਕਸੰਗਤ ਯੋਜਨਾਵਾਂ ਬਣਾਏ। ਯਿਸੂ ਸਾਥੋਂ ਕੀ ਉਮੀਦ ਰੱਖਦਾ ਹੈ? ਓਹ ਸਾਥੋਂ ਉਮੀਦ ਰੱਖਦਾ ਹੈ ਕਿ ਅਸੀਂ ਸੋਚੀਏ।

2. ਬਾਈਬਲ ਸੰਕੇਤ ਦਿੰਦੀ ਹੈ ਕਿ *ਯਿਸੂ ਆਪਣੇ ਚੇਲਿਆਂ ਤੋਂ ਉਸ ਨੂੰ* ਉਹਨੇ ਪਹਿਲਾਂ ਕੀਤਾ ਹੁੰਦਾ *ਯਾਦ ਰੱਖਣ ਦੀ ਉਮੀਦ ਰੱਖਦਾ ਸੀ*। ਕੁਝ ਹਫ਼ਤੇ ਪਹਿਲਾਂ ਉਹਨੇ ਅਜਿਹਾ ਹੀ ਇਕ ਮੋਅਜਜ਼ਾ ਕੀਤਾ ਸੀ, ਪਰ ਸਾਫ਼ ਹੈ ਕਿ ਚੇਲਿਆਂ ਨੂੰ ਯਾਦ ਨਹੀਂ ਸੀ ਕਿ ਉਹਨੇ ਇਸ ਨੂੰ ਕਿਵੇਂ ਅਤੇ ਕਿਉਂ ਕੀਤਾ ਸੀ।

ਆਇਤ 4 ਸਾਡੇ ਦਿਲਾਂ ਦੇ ਇਕ ਤਾਰ ਨੂੰ ਛੇੜਦੀ ਹੈः ''ਉਸ ਦੇ ਚੇਲਿਆਂ ਨੇ ਉਸ ਨੂੰ ਉੱਤਰ ਦਿੱਤਾ ਕਿ ਇਸ ਉਜਾੜ ਵਿੱਚ ਕੋਈ ਇਨ੍ਹਾਂ ਨੂੰ ਰੋਟੀਆਂ ਨਾਲ ਕਿੱਥੋਂ ਰਜਾ ਸੱਕੇ?'' (8:4)। ਰਸੂਲ ਅਜਿਹਾ ਕਿਵੇਂ ਆਖ ਸਕਦੇ ਸਨ? ਉਹ ਮਸੀਹ ਭਾਵ ਖ਼ੁਦਾ ਦੇ ਪੁੱਤਰ ਵੱਲ ਵੇਖ ਰਹੇ ਸਨ, ਜਿਸਨੇ ਕੁਝ ਦੇਰ ਪਹਿਲਾਂ ਹੀ ਜੌਂ ਦੀਆਂ ਪੰਜ ਰੋਟੀਆਂ ਤੇ ਦੋ ਮੱਛੀਆਂ ਨਾਲ ਔਰਤਾਂ ਅਤੇ ਬੱਚਿਆਂ ਤੋਂ ਇਲਾਵਾ ਪੰਜ ਹਜ਼ਾਰ ਬੰਦਿਆਂ ਨੂੰ ਰਜਾਇਆ ਸੀ। ਇਸ ਘਟਨਾ ਤੋਂ ਬਾਅਦ ਯਿਸੂ ਨੂੰ ਗਲੀਲ ਦੀ ਝੀਲ ਤੇ ਚੱਲਦੇ ਹੋਏ ਆਪਣੇ ਬੇੜੀ ਵੱਲ ਆਉਂਦਿਆਂ ਵੇਖਿਆ ਸੀ। ਇਸ ਦੇ ਥੋੜ੍ਹੀ ਦੇਰ ਬਾਅਦ ਉਨ੍ਹਾਂ ਨੇ ਉਸ ਨੂੰ ਇਸੇ ਇਲਾਕੇ ਵਿਚ ਭੂਤ ਚੰਬੜੇ ਇਕ ਆਦਮੀ ਨੂੰ ਚੰਗਿਆਈ ਦਿੰਦੇ ਅਤੇ ਬਦਰੂਹਾਂ ਨੂੰ ਸੂਰਾਂ ਦੇ ਇਕ ਝੁੰਡ ਵਿਚ ਘੱਲਦੇ ਵੇਖਿਆ ਸੀ। ਪਰ ਅਜਿਹਾ ਲੱਗਾ ਜਿਵੇਂ ਉਨ੍ਹਾਂ ਦੇ ਦਿਮਾਗ਼ ਵਿਚ ਇਨ੍ਹਾਂ ਵਿੱਚੋਂ ਕੋਈ ਘਟਨਾ ਨਹੀਂ ਸੀ। ਉਹ ਯਿਸੂ ਨੂੰ ਇਵੇਂ ਜਵਾਬ ਦੇ ਰਹੇ ਸਨ ਜਿਵੇਂ ਉਨ੍ਹਾਂ ਨੇ ਉਹਦਾ ਕੋਈ ਮੋਅਜਜ਼ਾ ਕਦੇ ਨਾ ਵੇਖਿਆ ਹੋਵੇ।

ਯਿਸੂ ਦੀ ਸ਼ਕਤੀ ਸਰਵਸ਼ਕਤੀਸ਼ਾਲੀ ਸਮਰੱਥਾ ਹੈ, ਇਸ ਕਰਕੇ ਮੁਸ਼ਕਿਲ ਭਾਵੇਂ ਕੋਈ ਵੀ ਕਿਉਂ ਨਾ ਹੋਵੇ ਉਹ ਹਰ ਹਾਲਾਤ ਨਾਲ ਨਜਿੱਠ ਸਕਦਾ ਹੈ। ਅਜਿਹਾ ਉਹ ਉਦੋਂ ਵੀ ਕਰ ਸਕਦਾ ਸੀ, ਅਤੇ ਅੱਜ ਵੀ ਕਰ ਸਕਦਾ ਹੈ! ਸਾਨੂੰ ਇਹਦਾ ਪਤਾ ਹੋਣਾ ਅਤੇ ਇਸ ਉੱਤੇ ਵਿਸ਼ਵਾਸ ਹੋਣਾ ਚਾਹੀਦਾ ਹੈ। ਯਿਸੂ ਲਈ ਕੋਈ ਵੀ ਮੁਸ਼ਕਿਲ ਵੱਡੀ ਮੁਸ਼ਕਿਲ ਨਹੀਂ ਹੈ। ਜਿਹਨੇ ਸਭ ਕੁਝ ਬਣਾਇਆ ਉਹ ਸਾਡੇ ਹਾਲਾਤ

ਨੂੰ ਸਿਰਫ਼ ਇਕ ਸਪੱਰਸ਼ ਨਾਲ ਰੇਤ ਵਿਚ ਡੁਬਕੀ ਲਾਉਣ ਵਾਂਗ ਬੜੀ ਅਸਾਨੀ ਨਾਲ ਵੇਖ ਸਕਦਾ ਹੈ।

ਭਲਾ ਅਸੀਂ ਆਪਣੀਆਂ ਮੁਸ਼ਕਿਲਾਂ ਨੂੰ ਇਵੇਂ ਵੇਖਦੇ ਹਾਂ ਜਿਵੇਂ ਅਸੀਂ ਯਿਸੂ ਨੂੰ ਕਦੇ ਕੰਮ ਕਰਦਿਆਂ ਨਾ ਵੇਖਿਆ ਹੋਵੇ? ਜੇ ਯਿਸੂ ਕੱਲ ਸਾਡੇ ਨਾਲ ਈਮਾਨਦਾਰ ਸੀ ਤਾਂ ਭਲਾ ਉਹ ਅੱਜ ਸਾਡੇ ਨਾਲ ਈਮਾਨਦਾਰ ਨਹੀਂ ਹੋਵੇਗਾ? ਫ਼ਿਕਰ ਕਿਉਂ ਕਰਦੇ ਹੋ? ਜਿਹੜਾ ਅੱਜ ਸਾਡੇ ਨਾਲ ਈਮਾਨਦਾਰ ਹੈ ਭਲਾ ਉਹ ਕੱਲ੍ਹ ਨੂੰ ਸਾਡੇ ਨਾਲ ਈਮਾਨਦਾਰ ਨਹੀਂ ਹੋਵੇਗਾ?

ਜੇ ਸਾਨੂੰ ਇਹ ਯਾਦ ਨਹੀਂ ਹੈ ਕਿ ਖ਼ੁਦਾ ਨੇ ਕੀ ਕੀਤਾ ਹੈ ਤਾਂ ਅਸੀਂ ਉਹਦੀ ਵਡਿਆਈ ਸਹੀ ਢੰਗ ਨਾਲ ਨਹੀਂ ਕਰ ਸਕਾਂਗੇ। ਜੇ ਅਸੀਂ ਉਸ ਦੇ ਰੱਬੀ ਇੰਤਜ਼ਾਮ ਨੂੰ ਯਾਦ ਨਹੀਂ ਰੱਖਦੇ ਤਾਂ ਬਹੁਤ ਸੰਭਾਵਨਾ ਹੈ ਕਿ ਅਸੀਂ ਆਪਣੇ ਅੱਗੇ ਪੇਸ਼ ਆਉਣ ਵਾਲੇ ਖ਼ਰਾਬ ਹਾਲਾਤ ਦਾ ਸਾਹਮਣਾ ਨਾ ਕਰ ਸਕੀਏ। ਯਿਸੂ ਸਾਥੋਂ ਕੀ ਉਮੀਦ ਰੱਖਦਾ ਹੈ? ਉਹ ਸਾਥੋਂ ਯਾਦ ਰੱਖਣ ਦੀ ਉਮੀਦ ਰੱਖਦਾ ਹੈ।

3. ਬਾਈਬਲ ਸੰਕੇਤ ਦਿੰਦੀ ਹੈ ਕਿ ਯਿਸੂ ਨੇ ਉਸ ਕੰਮ ਵਿਚ ਜਿਹੜਾ ਉਹ ਕਰ ਰਿਹਾ ਸੀ *ਆਪਣੇ ਰਸੂਲਾਂ ਤੋਂ ਯੋਗਦਾਨ ਦੀ ਉਮੀਦ ਕੀਤੀ*। ਹਾਂ ਉਹਨੇ ਮੋਅਜਜ਼ੇ ਕੀਤੇ, ਜਿਸ ਵਿਚ ਉਸ ਨੇ ਖਾਣੇ ਦੇ ਰੂਪ ਵਿਚ ਰੋਟੀ ਤੋੜ ਕੇ ਮੱਛੀ ਵਰਤਾਈ ਪਰ ਉਸ ਨੇ ਉਸ ਭੋਜਨ ਨੂੰ ਉੱਥੇ ਮੌਜੂਦ ਹਰ ਕਿਸੇ ਨੂੰ ਵਰਤਾਉਣ ਲਈ ਚੇਲਿਆਂ ਨੂੰ ਸੱਦਿਆ। ਸ਼ੁਕਰ ਕਰਨ ਅਤੇ ਰੋਟੀਆਂ ਅਤੇ ਮੱਛੀਆਂ ਵਿਚ ਬਰਕਤ ਪਾਉਣ ਤੋਂ ਬਾਅਦ ''ਉਸ ਨੇ ਲੋਕਾਂ ਨੂੰ ਹੁਕਮ ਦਿੱਤਾ ਭਈ ਭੁੰਞੇਂ ਬਹਿ ਜਾਣ। ਤਾਂ ਉਸ ਨੇ ਓਹ ਸੱਤ ਰੋਟੀਆਂ ਲਈਆਂ ਅਤੇ ਸੁਕਰ ਕਰਕੇ ਤੋੜੀਆਂ ਅਤੇ ਆਪਣੇ ਚੇਲਿਆਂ ਨੂੰ ਦਿੱਤੀਆਂ ਜੋ ਉਨ੍ਹਾਂ ਦੇ ਅੱਗੇ ਰੱਖਣ ਸੋ ਉਨ੍ਹਾਂ ਨੇ ਲੋਕਾਂ ਅੱਗੇ ਰੱਖ ਦਿੱਤੀਆਂ'' (8:6)।[39] ਫਿਰ ਉਸ ਨੇ ਮੱਛੀਆਂ ਉੱਤੇ ਬਰਕਤ ਪਾਈ ਅਤੇ ਹੁਕਮ ਦਿੱਤਾ ਕਿ ''ਇਹ ਵੀ ਉਨ੍ਹਾਂ ਦੇ ਅੱਗੇ ਰੱਖੋ'' (8:7)।

ਯਿਸੂ ਦੇ ਰਸੂਲ ਇਕ ਤਰ੍ਹਾਂ ਦੀ ਮੁੱਢਲੀ ਪਾਠਸ਼ਾਲਾ ਵਿਚ ਸਨ। ਛੇਤੀ ਹੀ ਉਨ੍ਹਾਂ ਨੇ ਮੁੱਢਲੀ ਕਲੀਸੀਆ ਦੇ ਆਗੂ ਬਣ ਜਾਣਾ ਸੀ। ਉਨ੍ਹਾਂ ਨੇ ਧਰਤੀ ਤੇ ਉਸ ਦੀ ਜ਼ਿੰਦਗੀ ਅਤੇ ਸੇਵਕਾਈ ਦਾ ਵਿਸਤਾਰ ਬਣਨਾ ਸੀ। ਉਹਦਾ ਉਨ੍ਹਾਂ ਨੂੰ ਇਨ੍ਹਾਂ ਲੋਕਾਂ ਦੀ ਸੇਵਾ ਕਰਨ ਲਈ ਕਹਿਣਾ ਬਾਅਦ ਵਿਚ ਹੋਣ ਵਾਲੀਆਂ ਗੱਲਾਂ ਲਈ ਉਹਦੀ ਚੰਗੀ ਤਿਆਰੀ ਸੀ।

ਲੀਡਰਸ਼ਿਪ ਤਿਆਰ ਹੋਣ ਦਾ ਸਾਫ਼-ਸਾਫ਼ ਪਤਾ ਲਗਦਾ ਹੈ: ਯਿਸੂ ਤੋਂ ਰਸੂਲ, ਮੁੱਢਲੀ ਕਲੀਸੀਆ, ਬਾਅਦ ਦੀ ਕਲੀਸੀਆ ਤਕ। ਸੇਵਾ ਦੀ ਇਸ ਜਗਤ ਵਿਚ ਆਪਣੀ ਵਾਰੀ ਆਉਣ ਤੇ ਅਸੀਂ ਇਸ ਦੁਨੀਆਂ ਵਿਚ ਯਿਸੂ ਦੇ ਹੱਥ ਅਤੇ ਪੈਰ ਬਣ ਗਏ ਹਾਂ। ਸੇਵਕਾਈ ਦਾ ਉਹਦਾ ਕੰਮ ਦੁਨੀਆਂ ਵਿਚ ਵਧਦਾ ਜਾਵੇਗਾ ਪਰ ਉਹ ਕੰਮ ਤੁਹਾਡੇ ਅਤੇ ਮੇਰੇ ਰਾਹੀਂ ਹੋਣਾ ਜ਼ਰੂਰੀ ਹੈ।

ਉਸ ਦੀ ਯੋਜਨਾ ਵਿਚ ਅਸੀਂ ਵੇਖਦੇ ਹਾਂ ਕਿ ਉਸ ਨੇ ਉਜਾੜ ਵਿਚ ਇਸ ਖਾਣੇ ਤੇ ਲੋਕਾਂ ਦੀ ਸੇਵਾ ਕਿਵੇਂ ਕੀਤੀ। ਪੌਲੁਸ ਦੇ ਸ਼ਬਦਾਂ ਵਿਚ ਅਸੀਂ ਉਸ ਨੂੰ ਦੁਬਾਰਾ ਵੇਖਦੇ ਹਾਂ, ''ਅਤੇ ਜਿਹੜੀਆਂ ਗੱਲਾਂ ਤੈਂ ਬਹੁਤਿਆਂ ਗਵਾਹਾਂ ਦੇ ਸਾਹਮਣੇ ਮੈਥੋਂ ਸੁਣੀਆਂ ਅਜੇਹਿਆਂ ਮਾਤਬਰ ਮਨੁੱਖਾਂ ਨੂੰ ਸੌਂਪ ਜਿਹੜੇ ਹੋਰਨਾਂ ਨੂੰ ਵੀ ਸਿੱਖਿਆ ਦੇਣ ਜੋਗ ਹੋਣ'' (2 ਤਿਮੋਥਿਉਸ 2:2)। ਇਸੇ ਤਰ੍ਹਾਂ ਨਾਲ ਅਸੀਂ ਇਸ ਨੂੰ ਮੁੱਢਲੀ ਕਲੀਸੀਆ ਦੀ ਜ਼ਿੰਦਗੀ ਵਿਚ ਅਸੀਂ ਵੇਖਦੇ ਹਾਂ:

> ਇਸ ਲਈ, ਹੇ ਮੇਰੇ ਪਿਆਰਿਓ, ਜਿਵੇਂ ਤੁਸਾਂ ਸਦਾ ਆਗਿਆਕਾਰੀ ਕੀਤੀ ਨਿਰੇ ਮੇਰੇ ਹੁੰਦਿਆਂ ਨਹੀਂ ਸਗੋਂ ਹੁਣ ਬਹੁਤ ਵਧੀਕ ਮੇਰੇ ਪਰੋਖੇ ਹੁੰਦਿਆਂ ਤੁਸੀਂ ਡਰਦੇ ਅਤੇ ਕੰਬਦੇ ਹੋਏ ਆਪਣੀ ਮੁਕਤੀ ਦਾ ਕੰਮ ਨਿਬਾਹੋ। ਕਿਉਂ ਜੋ ਪਰਮੇਸ਼ੁਰ ਹੀ ਹੈ ਜਿਹੜਾ ਤੁਹਾਡੇ ਵਿਚ ਮਨਸ਼ਾ ਤੇ ਅਮਲ ਦੋਹਾਂ ਨੂੰ ਆਪਣੇ ਨੇਕ ਇਰਾਦੇ ਨੂੰ ਪੂਰਾ ਕਰਨ ਲਈ ਪੈਦਾ ਕਰਦਾ ਹੈ (ਫ਼ਿਲਿੱਪੀਆਂ 2:12, 13)

ਯਿਸੂ ਸਾਥੋਂ ਕੀ ਉਮੀਦ ਕਰਦਾ ਹੈ? ਉਹ ਸਾਥੋਂ ਉਸ ਵਿਚ ਜੋ ਉਹ ਕਰ ਰਿਹਾ ਹੈ, ਭਾਗ ਲੈਣ ਦੀ ਉਮੀਦ ਕਰਦਾ ਹੈ।

*ਨਿਚੋੜ:* ਯਿਸੂ ਨੇ ਜਿਵੇਂ ਆਪਣੇ ਰਸੂਲਾਂ ਨੂੰ ਕੰਮ ਤੇ ਲਾਇਆ ਸੀ ਉਵੇਂ ਹੀ ਉਹਨੇ ਸਾਨੂੰ ਵੀ ਕੰਮ ਤੇ ਲੱਗਣ ਲਈ ਸੱਦਿਆ ਹੈ। ਉਹ ਚਾਹੁੰਦਾ ਹੈ ਕਿ ਅਸੀਂ ਧਰਤੀ ਉੱਤੇ ਉਹਦੀ ਸੇਵਕਾਈ ਨੂੰ ਅੱਗੇ ਵਧਾਈਏ। ਉਹਨੇ ਇੰਜੀਲ ਸਾਡੇ ਹੱਥਾਂ ਵਿਚ ਦੇਣਾ ਚੁਣਿਆ ਹੈ। ਅਸੀਂ ਉਸ ਨੂੰ ਨਿਰਾਸ਼ ਕਰਾਂਗੇ ਜਾਂ ਉਹਦੀ ਹਿੰਮਤ ਵਧਾਵਾਂਗੇ?

ਜਿਸ ਤਰੀਕੇ ਨਾਲ ਯਿਸੂ ਨੇ ਇਸ ਖਾਣੇ ਦਾ ਇੰਤਜ਼ਾਮ ਕੀਤਾ ਉਸ ਤੋਂ ਸਾਡੇ ਮੰਨੇ ਜਾਣ ਲਈ ਇਹ ਜ਼ਿੰਮੇਵਾਰੀਆਂ ਨਜ਼ਰ ਆਉਂਦੀਆਂ ਹਨ। (1) ਅਸੀਂ ਹੋਰ ਬਹੁਤੇ ਚੌਕਸ ਹੋਈਏ। ਲੋਕਾਂ ਦੀਆਂ ਜ਼ਿੰਦਗੀਆਂ ਵਿਚ ਭੁੱਖ ਨੂੰ ਵੇਖਣ ਲਈ ਅਸੀਂ ਉਸ ਦੀਆਂ ਅੱਖਾਂ ਹਾਂ। ਹਰ ਮੁਸ਼ਕਿਲ ਸਾਡੇ ਲਈ ਮੌਕਾ ਬਣ ਸਕਦੀ ਹੈ। (2) ਲੋਕਾਂ ਨੂੰ ਆਪਣੇ ਜਵਾਬ ਵਿਚ ਅਸੀਂ ਓਸੇ ਤੋਂ ਸ਼ੁਰੂ ਕਰੀਏ ਜੋ ਸਾਡੇ ਕੋਲ ਹੈ। ਯਿਸੂ ਦੇ ਹੱਥ ਵਿਚ ਥੋੜ੍ਹੀ ਜਿਹੀ ਚੀਜ਼ ਬਹੁਤ ਸਾਰੇ ਲੋਕਾਂ ਕੋਲ ਜਾ ਸਕਦੀ ਹੈ। (3) ਸ਼ੁਰੂਆਤ ਕਰਨ ਲਈ ਅਸੀਂ ਸਭ ਕੁਝ ਠੀਕ ਠਾਕ ਹੋਣ ਦੀ ਉਡੀਕ ਨਾ ਕਰੀਏ। ਯਿਸੂ ਨੇ ਸੱਤ ਰੋਟੀਆਂ ਨਾਲ ਸ਼ੁਰੂਆਤ ਕਰ ਦਿੱਤੀ ਅਤੇ ਕੁਝ ਮੱਛੀਆਂ ਬਾਅਦ ਵਿਚ ਲਈਆਂ। (4) ਜੇ ਯਿਸੂ ਨਵੇਂ ਨੇਮ ਦੇ ਸਮੇਂ ਵਿਚ ਮੋਅਜਜ਼ੇ ਦੇ ਰਾਹੀਂ ਆਪਣੀ ਸਮਰੱਥਾ ਨੂੰ ਵਿਖਾ ਸਕਦਾ ਸੀ ਤਾਂ ਉਹ ਅੱਜ ਆਪਣੀ ਸਮਰੱਥਾ ਨੂੰ ਰੱਬੀ ਇੰਤਜ਼ਾਮ ਦੇ ਰਾਹੀਂ ਵਿਖਾ ਸਕਦਾ ਹੈ। ਸਾਨੂੰ ਆਪਣੀ ਮਦਦ ਲਈ ਯਿਸੂ ਵੱਲ ਵੇਖਣਾ ਜ਼ਰੂਰੀ ਹੈ। (5) ਲੋਕਾਂ ਦੀ ਸੇਵਾ ਕਰਦਿਆਂ ਸਾਨੂੰ ਉਸ ਵਿਚ ਭਰੋਸਾ ਰੱਖਣਾ ਜ਼ਰੂਰੀ ਹੈ। ਹੋ ਸਕਦਾ ਹੈ ਕਿ ਉ੍ਸਦੀ ਯੋਜਨਾ ਉਸ ਨਾਲੋਂ ਜੋ ਅਸੀਂ ਸੋਚ ਰਹੇ ਹਾਂ ਫ਼ਰਕ ਹੋਵੇ, ਪਰ ਉਹਦੀ ਯੋਜਨਾ ਹੀ ਵਧੀਆ ਯੋਜਨਾ ਹੁੰਦੀ ਹੈ। (6) ਅਸੀਂ ਇਹ ਯਕੀਨੀ ਬਣਾਈਏ ਕਿ ਕੋਈ ਵੀ ਰਹਿ ਨਾ ਜਾਵੇ। ਯਿਸੂ ਸਾਨੂੰ ਹਰ ਕਿਸੇ ਦੀ ਮਦਦ ਕਰਨ ਲਈ ਸੱਦਦਾ ਹੈ। (7) ਅਸੀਂ ਆਪਣੇ ਨੇੜਲੇ ਉਨ੍ਹਾਂ ਲੋਕਾਂ ਨੂੰ ਸੱਦੀਏ ਜਿਨ੍ਹਾਂ ਦੀ ਅਸੀਂ ਮਦਦ ਕਰ ਸਕਦੇ ਹਾਂ। ਲਾਖਣਿਕ ਰੂਪ ਵਿਚ ਕਹੀਏ ਤਾਂ ਹੋ ਸਕਦਾ ਹੈ ਕਿ ਉਨ੍ਹਾਂ ਕੋਲ ਕੁਝ ਮੱਛੀਆਂ ਹੋਣ। (8) ਅਸੀਂ ਆਪਣੇ ਵਸੀਲਿਆਂ ਨੂੰ ਦੂਰ ਤਕ ਲਿਜਾਉਣ ਲਈ ਵਚਨਬੱਧ ਹੋਈਏ। ਸਾਨੂੰ ਟੁਕੜਿਆਂ ਨੂੰ ਬਚਾਉਣਾ ਚਾਹੀਦਾ ਹੈ। (9) ਯਾਦ ਰੱਖੋ ਕਿ ਯਿਸੂ ਨੇ ਆਪਣਾ ਕੰਮ ਇਕੱਲੇ ਕਰਨਾ ਨਹੀਂ ਚੁਣਿਆ ਹੈ। (10) ਜੋ ਕੁਝ ਉਹਨੇ ਕੱਲ੍ਹ ਕੀਤਾ ਸੀ ਉਹਨੂੰ ਯਾਦ ਰੱਖੋ ਤਾਂ ਜੋ ਅੱਜ ਅਸੀਂ ਉਸ ਨੂੰ ਯਾਦ ਰੱਖੀਏ।

ਸ਼ਾਇਦ ਯਸਾਯਾਹ 6:8 ਨੂੰ ਖ਼ੁਦਾ ਦੀ ਬੁਲਾਹਟ ਅਤੇ ਉਸ ਦੇ ਜਵਾਬ ਨੂੰ ਆਪਣੇ ਉੱਤੇ ਲਾਗੂ ਕਰਨਾ ਸਹੀ ਹੈ: ''ਮੈਂ ਇੰਜੀਲ ਦੇ ਵਿਰਤਾਂਤ ਵਿੱਚੋਂ ਯਿਸੂ ਦੀ ਅਵਾਜ਼ ਨੂੰ ਮੈਨੂੰ ਇਹ ਆਖਦਿਆਂ ਸੁਣਿਆ, 'ਮੈਂ ਕਿਹਨੂੰ ਘੱਲਾਂ ਅਤੇ ਕੌਣ ਸਾਡੇ ਲਈ ਜਾਵੇਗਾ? ਮੈਂ ਤਾਂ ਸੁਰਗ ਵਿਚ ਚਲਿਆ ਗਿਆ ਹਾਂ, ਪਰ ਧਰਤੀ ਉੱਤੇ ਮੇਰਾ ਮਿਸ਼ਨ ਅਧੂਰਾ ਹੈ। ਮੈਂ ਇਸ ਨੂੰ ਪੂਰਾ ਕਰਨ ਵਿਚ ਆਪਣੀ ਮਦਦ ਲਈ ਕਿਸਨੂੰ ਆਖ ਸਕਦਾ ਹਾਂ?''' ਫਿਰ ਸਾਡਾ ਜਵਾਬ ਹੋਵੇ, ''ਹੇ ਪ੍ਰਭੂ ਯਿਸੂ ਅਸੀਂ ਹਾਜ਼ਰ ਹਾਂ, ਸਾਨੂੰ ਘੱਲੋ!'' ਜੇ ਤੁਸੀਂ ਸਾਨੂੰ ਘੱਲੋ ਤਾਂ ਅਸੀਂ ਬਾਹਰ ਜਾ ਕੇ ਤੁਹਾਡਾ ਕੰਮ ਕਰਾਂਗੇ।'' ਜਵਾਬ ਵਿਚ ਯਿਸੂ ਸਾਨੂੰ ਆਖਦਾ ਹੈ, ''ਜਾਓ ਅਤੇ ਲੋਕਾਂ ਨੂੰ ਦੱਸੋ ਕਿ ਮੈਂ ਸੰਸਾਰ ਵਿਚ ਆਇਆ ਹਾਂ, ਸੰਸਾਰ ਲਈ ਮਰਿਆ ਹਾਂ, ਅਤੇ ਉਨ੍ਹਾਂ ਲਈ ਜਿਹੜੇ ਮੇਰਾ ਹੁਕਮ ਮੰਨਦੇ ਹਨ, ਸੁਰਗ ਵਿਚ ਮਕਾਨ ਤਿਆਰ ਕਰਨ ਲਈ ਗਿਆ ਹਾਂ। ਲੋਕਾਂ ਕੋਲ ਜਾਓ ਅਤੇ ਉਦੋਂ ਤਕ ਨਾ ਰੁਕੋ ਜਦੋਂ ਤਕ ਹਰ ਬੰਦਾ ਮੇਰੀ ਇੰਜੀਲ ਨੂੰ ਸੁਣ ਨਹੀਂ ਲੈਂਦਾ। ਜੇ ਤੁਸੀਂ ਮੇਰੇ ਲਈ ਇਹ ਕੰਮ ਕਰਦੇ ਹੋ ਤਾਂ ਮੈਂ ਤੁਹਾਡੇ ਨਾਲ–ਨਾਲ ਚੱਲਾਂਗੇ ਅਤੇ ਮਿਸ਼ਨ ਨੂੰ ਪੂਰਾ ਕਰਨ ਲਈ ਤੁਹਾਨੂੰ ਸਮਰੱਥਾ ਦਿਆਂਗਾ (ਵੇਖੋ ਯਸਾਯਾਹ 6:9; ਮੱਤੀ 28:19, 20)।

**ਤਿਹਰਾ ਠੁਕਰਾਇਆ ਜਾਣਾ** (8:11-13)

ਯਿਸੂ ਗਲੀਲ ਦੀ ਝੀਲ ਦੇ ਪੱਛਮ ਵੱਲ ਗਿਆ ਹੋਵੇਗਾ। ਉਹ ਦਲਮਨੂਥਾ ਵਿਚ ਗਿਆ ਸੀ ਜੋ ਕਿ ਤਿਬਰਿਆਸ ਦੇ ਨੇੜੇ ਗਲੀਲ ਦੀ ਝੀਲ ਦੇ ਪੱਛਮ ਵੱਲ ਹੋਵੇਗਾ।

ਫ਼ਰੀਸੀਆਂ (ਮੱਤੀ 16:1 ਵਿਚ ਸਦੂਕੀਆਂ ਦਾ ਵੀ ਜ਼ਿਕਰ ਹੈ) ਨੇ ਯਿਸੂ ਤੋਂ ਉਨ੍ਹਾਂ ਨੂੰ ਸੁਰਗ

ਵੱਲੋਂ ਕੋਈ ਨਿਸ਼ਾਨ ਵਿਖਾਉਣ ਲਈ ਆਖਿਆ। ਉਨ੍ਹਾਂ ਨੇ ਧਰਤੀ ਉੱਤੇ ਉਹਦੇ ਮੋਅਜਜ਼ਿਆਂ ਨੂੰ ਵੇਖਿਆ ਸੀ ਪਰ ਉਨ੍ਹਾਂ ਮੋਅਜਜ਼ਿਆਂ ਨੂੰ ਉਨ੍ਹਾਂ ਨੇ ਉਸ ਦੇ ਮਸੀਹਾ ਹੋਣ ਦੇ ਦਾਅਵਿਆਂ ਦੀ ਤਸਦੀਕ ਲਈ ਕਾਫ਼ੀ ਨਹੀਂ ਮੰਨਿਆ ਸੀ। ਜਿਹੜੇ ਮੋਅਜਜ਼ੇ ਯਿਸੂ ਨੇ ਕੀਤੇ ਸਨ ਉਨ੍ਹਾਂ ਨਾਲ ਉਨ੍ਹਾਂ ਨੂੰ ਯਕੀਨ ਨਹੀਂ ਆਇਆ ਸੀ ਕਿ ਉਹ ਖ਼ੁਦਾ ਦਾ ਘੱਲਿਆ ਮਸੀਹਾ ਹੈ। ਉਨ੍ਹਾਂ ਨੂੰ ਉਹਦੇ ਮੋਅਜਜ਼ੇ ਕਮਜ਼ੋਰ ਅਤੇ ਬੇਜਾਨ ਲੱਗੇ, ਭਾਵ ਇਹ ਧਾਰਮਿਕ ਆਗੂ ਇਸ ਨਾਲੋਂ ਵੀ ਵੱਡੇ ਅਜੂਬੇ ਕਰਨ ਲਈ ਆਖ ਰਹੇ ਸਨ।

ਯਿਸੂ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਲੋਕ ਹਵਾਵਾਂ ਦਾ ਰੁਖ਼ ਵੇਖ ਕੇ ਮੌਸਮ ਦਾ ਹਾਲ ਤਾਂ ਦੱਸ ਸਕਦੇ ਹਨ ਪਰ ਉਨ੍ਹਾਂ ਨੂੰ ਮਸੀਹਾ ਦੇ ਆਉਣ ਦੇ ਨਿਸ਼ਾਨ ਪੜ੍ਹਨੇ ਨਹੀਂ ਆਉਂਦੇ। ਉਹਨੇ ਆਖਿਆ, ''ਸੰਝ ਦੇ ਵੇਲੇ ਤੁਸੀਂ ਕਹਿੰਦੇ ਹੋ ਜੇ ਭਲਕੇ ਨਿੰਬਲ ਹੋਊ ਕਿਉਂ ਜੋ ਅਕਾਸ਼ ਲਾਲ ਹੈ। ਅਤੇ ਸਵੇਰ ਨੂੰ ਆਖਦੇ ਹੋ, ਅੱਜ ਅਨ੍ਹੇਰੀ ਵਗੇਗੀ ਕਿਉਂ ਜੋ ਅਕਾਸ਼ ਲਾਲ ਅਤੇ ਗਹਿਰਾ ਹੈ'' (ਮੱਤੀ 16:2, 3) । ਯਿਸੂ ਨੇ ਉਨ੍ਹਾਂ ਨੂੰ ਇਹ ਆਖ ਕੇ ਝਾੜ ਪਾਈ, ''ਅਕਾਸ਼ ਦੇ ਤੌਰ ਭੌਰ ਦੀ ਜਾਚ ਕਰਨੀ ਤੁਹਾਨੂੰ ਆਉਂਦੀ ਹੈ ਪਰ ਸਮਿਆਂ ਦੇ ਨਿਸ਼ਾਨ ਮਲੂਮ ਨਹੀਂ ਕਰ ਸਕਦੇ'' (ਮੱਤੀ 16:3)।

ਚਰਚਾ ਦੇ ਦੌਰਾਨ ਕਿਤੇ, ਮਰਕੁਸ ਨੇ ਸ਼ਾਇਦ ਮੁੱਢਲੀ ਗਿਣਤੀ ਤੋਂ ਬਿਲਕੁਲ ਬਾਅਦ, ਯਿਸੂ ਨੂੰ ਆਪਣੀ ''ਆਤਮਾ ਥੀਂ ਹਾਉਕਾ'' ਭਰਦਿਆਂ ਵਿਖਾਇਆ (8:12)। ਲੋਕਾਂ ਵੱਲੋਂ ਉਸ ਦੇ ਵਚਨ ਨੂੰ ਕਬੂਲ ਕਰਨ ਅਤੇ ਉਸ ਵਿਚ ਨਿਹਚਾ ਕਰਨ ਤੇ ਉਹਦਾ ਮਨ ਅਨੰਦ ਨਾਲ ਭਰ ਗਿਆ, ਪਰ ਜਦੋਂ ਉਨ੍ਹਾਂ ਨੇ ਉਸ ਨੂੰ ਠੁਕਰਾ ਦਿੱਤਾ ਤਾਂ ਉਹਦਾ ਮਨ ਦੁਖੀ ਹੋਇਆ। ਅਨੁਵਾਦ ਹੋਏ ਸ਼ਬਦ ''ਹਾਉਕਾ ਭਰ ਕੇ'' ਨੂੰ ''ਕਰਾਹੁੰਦੇ ਹੋਏ'' ਵੀ ਕਿਹਾ ਜਾ ਸਕਦਾ ਹੈ। ਖ਼ੁਦਾ ਦਾ ਪੁੱਤਰ ਬੇਪਰਤੀਤੇ ਮਨਾਂ ਵੱਲੋਂ ਉਸ ਨੂੰ ਪੁੱਛੇ ਗਏ ਸਵਾਲ ਤੇ ਕਰਾਹਿਆ।

ਆਪਣੇ ਕਰਾਹੁਣ ਤੋਂ ਬਾਅਦ ਯਿਸੂ ਨੇ ਇਨ੍ਹਾਂ ਧਾਰਮਿਕ ਆਗੂਆਂ ਲਈ ਸਖ਼ਤ ਸਜ਼ਾ ਦਾ ਐਲਾਨ ਕੀਤਾ। ਉਸ ਨੇ ਆਖਿਆ, ''ਇਸ ਪੀੜ੍ਹੀ ਦੇ ਬੁਰੇ ਅਤੇ ਹਰਾਮਕਾਰ ਲੋਕ ਨਿਸ਼ਾਨ ਚਾਹੁੰਦੇ ਹਨ'' (ਮੱਤੀ 16:4)। ਉਨ੍ਹਾਂ ਦੀ ਬੇਨਤੀ ਨਾਲ ਯਿਸੂ ਨੂੰ ਫ਼ਰੀਸੀਆਂ ਅਤੇ ਸਦੂਕੀਆਂ ਦੋਹਾਂ ਦੇ ਜਿਹੜੇ ਉਹਦੇ ਕੋਲ ਆਏ ਸਨ, ਸਖ਼ਤ ਮਨਾਂ ਦੀ ਬੁਰਿਆਈ ਦਾ ਪਤਾ ਲੱਗਾ।

ਆਪਣੀ ਗੱਲਬਾਤ ਦੇ ਅਖ਼ੀਰ ਵਿਚ ਯਿਸੂ ਨਬੀ ਦੀ ਭੂਮਿਕਾ ਵਿਚ ਆ ਗਿਆ: ''ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਇਸ ਪੀੜ੍ਹੀ ਦੇ ਲੋਕਾਂ ਨੂੰ ਕੋਈ ਨਿਸ਼ਾਨ ਨਾ ਦਿੱਤਾ ਜਾਵੇਗਾ'' (8:12; ਵੇਖੋ 16:4)। ਮੱਤੀ 16:4ਏ ਸਾਡੇ ਪ੍ਰਭੂ ਦੇ ਫ਼ੈਸਲੇ ਵਿਚ ਇਕ ਵਾਕਖੰਡ ''ਯੂਨਾਹ ਦੇ ਨਿਸ਼ਾਨ ਬਿਨਾ'' ਜੋੜ ਦਿੰਦਾ ਹੈ। ਇਹ ਯਿਸੂ ਦੇ ਜੀ ਉੱਠਣ ਦੇ ਪ੍ਰਤੀਕ ਦੇ ਰੂਪ ਵਿਚ ਹੈ। ਦੂਜਾ ਵੱਡਾ ਨਿਸ਼ਾਨ ਉਨ੍ਹਾਂ ਨੂੰ ਸਿਰਫ਼ ਉਸ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦਾ ਮਿਲਣਾ ਸੀ।

ਵਿਸ਼ਵਾਸ ਕਰਨ ਦੇ ਚਾਹਵਾਨ ਕਿਸੇ ਲਈ ਵੀ ਯਕੀਨ ਦੁਆਉਣ ਲਈ ਯਿਸੂ ਦੇ ਮੋਅਜਜ਼ੇ ਕਾਫ਼ੀ ਸਨ। ਜੇ ਕੋਈ ਯਿਸੂ ਦੇ ਅਤੇ ਉਸ ਦੇ ਮੋਅਜਜ਼ਿਆਂ ਨੂੰ ਠੁਕਰਾ ਦਿੰਦਾ ਤਾਂ ਉਹਨੂੰ ਯਿਸੂ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਤੇ ਵੀ ਉਸ ਉੱਤੇ ਯਕੀਨ ਨਹੀਂ ਆਉਣਾ ਸੀ! ਯਿਸੂ ਭਾਵੇਂ ਜੋ ਵੀ ਕਰ ਲੈਂਦਾ ਉਸ ਨੇ ਯਕੀਨ ਨਹੀਂ ਕਰਨਾ ਸੀ।

ਸਭ ਤੋਂ ਵੱਡਾ ਦੁਖਾਂਤ ਜਿਸਦੀ ਕੋਈ ਕਲਪਨਾ ਕਰ ਸਕਦਾ ਹੈ, ਉਹ ਯਿਸੂ ਨੂੰ ਠੁਕਰਾਉਣਾ ਹੀ ਹੈ। ਫ਼ਰੀਸੀਆਂ ਅਤੇ ਸਦੂਕੀਆਂ ਦੇ ਇਸ ਮਾਮਲੇ ਵਿਚ ਯਿਸੂ ਨੂੰ ਠੁਕਰਾਉਣ ਵਿਚ ਹੋਰ ਵੀ ਕਈ ਦੁਖਾਂਤ ਸਨ।

1. *ਜਾਣ–ਬੁੱਝ ਕੇ ਅਗਿਆਨਤਾ ਦਾ ਦੁਖਾਂਤ*। ਜੇ ਫ਼ਰੀਸੀ ਯਿਸੂ ਦੀ ਸਚਿਆਈ ਦੀ ਖੋਜ ਵਿਚ ਹੁੰਦੇ, ਤਾਂ ਉਨ੍ਹਾਂ ਨੂੰ ਇਹ ਮਿਲ ਜਾਣੀ ਸੀ। ਜੇ ਉਹ ਯਿਸੂ ਕੋਲ ਖੁੱਲ੍ਹੇ ਮਨ ਲੈ ਕੇ ਆਏ ਹੁੰਦੇ ਤਾਂ ਉਨ੍ਹਾਂ ਨੂੰ ਉਸ ਦੇ ਮੋਅਜਜ਼ਿਆਂ, ਵਿਹਾਰ ਅਤੇ ਸੰਦੇਸ਼ਾਂ ਨਾਲ ਯਕੀਨ ਹੋ ਜਾਣਾ ਸੀ।

ਰੂਹਾਨੀ ਮਾਮਲਿਆਂ ਵਿਚ ਮੰਸ਼ਾ ਬੜੀ ਨਿਰਣਾਇਕ ਹੁੰਦੀ ਹੈ। ਫ਼ਰੀਸੀ ਗਲਤ ਮੰਸ਼ਾ ਲੈ ਕੇ

ਆਏ ਸਨ। ਉਹ ਯਿਸੂ ਨੂੰ ਫ਼ਸਾਉਣ ਦੇ ਇਰਾਦੇ ਨਾਲ, ਉਹਦੀ ਗਲਤੀ ਫੜ੍ਹਨ ਦੀ ਕੋਸ਼ਿਸ਼ ਕਰਨ, ਉਸ ਉੱਤੇ ਇਲਜ਼ਾਮ ਲਾਉਣ ਦਾ ਕੋਈ ਕਾਰਣ ਲੱਭਣ ਲਈ ਆਏ ਸਨ। ਉਹ ਯਿਸੂ ਤੋਂ ਸਚਿਆਈ ਜਾਣਨ ਲਈ ਨਹੀਂ ਆਏ ਸਨ। ਉਸ ਸਚਿਆਈ ਨੂੰ, ਜਿਹੜੀ ਉਹ ਲਿਆਇਆ ਸੀ, ਜਾਣ–ਬੁੱਝ ਕੇ ਅਤੇ ਉਸ ਤੋਂ ਪਿੱਛਾ ਛੁਡਾਉਣ ਦੀ ਇੱਛਾ ਨਾਲ ਉਨ੍ਹਾਂ ਨੇ ਹਮਲਾਵਰ ਤਰੀਕੇ ਨਾਲ ਨਕਾਰ ਦਿੱਤਾ।

ਉਨ੍ਹਾਂ ਮੋਅਜਜ਼ਿਆਂ ਨੂੰ ਜਿਹੜੇ ਯਿਸੂ ਵਿਖਾ ਰਿਹਾ ਸੀ, ਵੇਖ ਕੇ ਪਹਿਲਾਂ ਉਨ੍ਹਾਂ ਨੇ ਉਸ ਦੀ ਸਮਰੱਥਾ ਨੂੰ ਬਆਲ–ਜ਼ਬੂਲ ਦੀ ਸ਼ਕਤੀ ਦੱਸਿਆ ਸੀ। ਉਹ ਉਸ ਦੀ ਸ਼ਕਤੀ ਨੂੰ ਨਕਾਰ ਨਹੀਂ ਸਕੇ, ਇਸ ਕਰਕੇ ਉਨ੍ਹਾਂ ਨੂੰ ਇਹ ਦਲੀਲ ਦੇਣੀ ਪਈ ਕਿ ਉਹ ਬੁਰਿਆਈ ਦੇ ਹਾਕਮ ਸ਼ਤਾਨ ਦੇ ਰਾਹੀਂ ਇਹ ਕੰਮ ਕਰ ਰਿਹਾ ਸੀ।

ਸਚਿਆਈ ਇਹ ਹੈ ਕਿ ਉਹ ਯਿਸੂ ਨੂੰ ਨਹੀਂ ਚਾਹੁੰਦੇ ਸਨ। ਉਹ ਸਚਿਆਈ ਦੀ ਮੂਰਤ ਸੀ ਅਤੇ ਜੇ ਉਹ ਯਹੂਦੀਆ ਨੂੰ ਸਚਿਆਈ ਨਾਲ ਭਰ ਜਾਣ ਦਿੰਦੇ ਤਾਂ ਉਨ੍ਹਾਂ ਦਾ ਰੁਤਬਾ, ਸ਼ਕਤੀ, ਦੌਲਤ ਅਤੇ ਪ੍ਰਭਾਵ ਖ਼ਤਮ ਹੋ ਜਾਣਾ ਸੀ। ਇਸ ਕਰਕੇ ਉਨ੍ਹਾਂ ਨੇ ਉਸ ਅਸਲੀ ਗਿਆਨ ਨੂੰ ਜਿਹੜਾ ਯਿਸੂ ਉਨ੍ਹਾਂ ਕੋਲ ਲਿਆਇਆ ਸੀ, ਨਕਾਰ ਦੇਣਾ ਚੁਣਿਆ। ਉਹ ਬਗ਼ਾਵਤੀ ਢੰਗ ਅਪਣਾ ਰਹੇ ਸਨ, ‘‘ਅਸੀਂ ਤਾਂ ਓਸੇ ਦੇ ਨਾਲ ਰਹਾਂਗੇ ਜਿਸਨੂੰ ਅਸੀਂ ਮੰਨਦੇ ਹਾਂ, ਭਾਵੇਂ ਸਾਡਾ ਮੰਨਣਾ ਗਲਤ ਸਾਬਿਤ ਹੋ ਚੁੱਕਿਆ ਹੋਵੇ।’’

2. *ਹੱਥੋਂ ਗੁਆਏ ਮੌਕੇ ਦਾ ਦੁਖਾਂਤ*। ਅਸੀਂ ਇਹ ਕਹਿਣ ਦੀ ਪਰੀਖਿਆ ਵਿਚ ਪੈ ਸਕਦੇ ਹਾਂ, ‘‘ਜੇ ਮੈਂ ਉਸ ਨੂੰ ਵੇਖਿਆ ਹੁੰਦਾ, ਸੁਣਿਆ ਹੁੰਦਾ, ਅਤੇ ਉਸ ਦੇ ਮੋਅਜਜ਼ਿਆਂ ਨੂੰ ਵੇਖਿਆ ਹੁੰਦਾ ਤਾਂ ਮੈਂ ਯਕੀਨ ਕਰ ਲੈਣਾ ਸੀ। ਮੈਂ ਸਮਰਪਤ ਮਨ ਵਾਲੇ ਉਸ ਅਦੁੱਤੀ ਪਲ ਦਾ ਫ਼ਾਇਦਾ ਲੈ ਲੈਣਾ ਸੀ।’’

ਯਿਸੂ ਦੇ ਇਸ ਧਰਤੀ ਉੱਤੇ ਹੋਣ ਵੇਲੇ ਉਸ ਦੀ ਮੌਜੂਦਗੀ ਵਿਚ ਹੋਣ ਦਾ ਸੁਭਾਗ ਯਕੀਨਨ ਹੀ ਦੁਨੀਆਂ ਦੀ ਹੁਣ ਤਕ ਅਤੇ ਆਉਣ ਵਾਲੇ ਸਮੇਂ ਦੀ ਸਭ ਤੋਂ ਵੱਡੀ ਖੁਸ਼ਕਿਸਮਤੀ ਹੈ। ਸਾਨੂੰ ਇਸ ਨਾਲੋਂ ਵੀ ਵੱਡੀ ਖੁਸ਼ਕਿਸਮਤੀ ਮਿਲੇਗੀ ਜਦੋਂ ਅਸੀਂ ਅਨਾਦੀਕਾਲ ਵਿਚ ਉਹਦੇ ਨਾਲ ਹੋਵਾਂਗੇ। ਪਰ ਇਸ ਜ਼ਿੰਦਗੀ ਵਿਚ ਧਰਤੀ ਉੱਤੇ ਰਹਿਣ ਦੌਰਾਨ ਉੱਥੇ ਹੋਣਾ, ਸਭ ਤੋਂ ਵੱਡਾ ਮੌਕਾ, ਸਭ ਤੋਂ ਵੱਡਾ ਮਾਣ, ਸਭ ਤੋਂ ਵੱਡਾ ਅਨੰਦ ਸੀ, ਜਿਹੜਾ ਧਰਤੀ ਉੱਤੇ ਕਦੇ ਕਿਸੇ ਨੂੰ ਮਿਲਿਆ ਹੋਵੇ।

ਇਨ੍ਹਾਂ ਲੋਕਾਂ ਲਈ ਭਾਵ ਇਨ੍ਹਾਂ ਫ਼ਰੀਸੀਆਂ ਅਤੇ ਸਦੂਕੀਆਂ ਲਈ ਜਿਹੜੇ ਆਪਣੀ ਜ਼ਿੰਦਗੀ ਧਾਰਮਿਕ ਸੇਵਾ ਲਈ ਦੇ ਰਹੇ ਸਨ, ਉਹਦੇ ਨਾਲ ਗੱਲ ਕਰਨ ਅਤੇ ਧਰਤੀ ਉਤਲੀ ਉਹਦੀ ਸੇਵਕਾਈ ਨੂੰ ਵੇਖਣ ਦਾ ਮੌਕਾ ਉਨ੍ਹਾਂ ਦੀਆਂ ਖ਼ਾਹਿਸ਼ਾਂ ਅਤੇ ਸੇਵਕਾਈਆਂ ਦੇ ਪੂਰਾ ਹੋਣ ਦਾ ਮੌਕਾ ਹੋਣਾ ਚਾਹੀਦਾ ਸੀ। ਇਹ ਸੁਨਹਿਰੀ ਪਲ ਉਨ੍ਹਾਂ ਦੇ ਮਨਾਂ ਦੀ ਪ੍ਰੇਰਣਾ, ਇਰਾਦੇ ਅਤੇ ਸੁਪਨਿਆਂ ਦਾ ਪੂਰਾ ਹੋਣਾ, ਹੋਣਾ ਚਾਹੀਦਾ ਸੀ।

ਉਨ੍ਹਾਂ ਨੇ ਉਸ ਬੇਸ਼ਕੀਮਤੀ ਸਮੇਂ ਦਾ ਜਿਹੜਾ ਉਨ੍ਹਾਂ ਨੂੰ ਖ਼ੁਦਾ ਦੇ ਪੁੱਤਰ ਦੇ ਹੋਣ ਨਾਲ ਮਿਲਿਆ ਸੀ, ਕੀ ਕੀਤਾ? ਉਨ੍ਹਾਂ ਨੇ ਕਿਰਪਾ ਦੇ ਇਸ ਦਾਨ ਨੂੰ ਇਵੇਂ ਸੁੱਟ ਦਿੱਤਾ ਜਿਵੇਂ ਇਹ ਸ਼ਤਾਨ ਵੱਲੋਂ ਦਿੱਤਾ ਗਿਆ ਹੋਵੇ।

3. *ਟੁੱਟੀ ਹੋਈ ਸੰਗਤੀ ਦਾ ਦੁਖਾਂਤ*। ਫ਼ਰੀਸੀਆਂ ਅਤੇ ਸਦੂਕੀਆਂ ਨੂੰ ਸਚਿਆਈ ਨੂੰ ਜਾਣਨ ਦਾ ਮੌਕਾ ਹੀ ਨਹੀਂ ਮਿਲਿਆ ਸੀ, ਬਲਕਿ ਉਨ੍ਹਾਂ ਨੂੰ ਯਿਸੂ ਦੀ ਜੋ ਕਿ ਮਸੀਹ ਹੈ, ਧਰਤੀ ਉਤਲੀ ਸੰਗਤੀ ਵਿਚ ਹੋਣ ਦੀ ਬਰਕਤ ਵੀ ਮਿਲੀ ਸੀ। ਉਹ ਉਨ੍ਹਾਂ ਦੇ ਸਾਹਮਣੇ ਬੈਠਦਾ ਸੀ, ਉਨ੍ਹਾਂ ਦੇ ਸਾਹਮਣੇ ਚੱਲਦਾ ਸੀ ਅਤੇ ਉਨ੍ਹਾਂ ਵੱਲ ਵੇਖਦਾ ਸੀ।

ਰਸੂਲਾਂ ਨੂੰ ਯਿਸੂ ਤੋਂ ਸਿੱਖਣ ਦਾ ਜਦੋਂ ਵੀ ਮੌਕਾ ਮਿਲਿਆ ਉਨ੍ਹਾਂ ਨੇ ਇਹਦਾ ਫ਼ਾਇਦਾ ਚੁੱਕਿਆ। ਯਿਸੂ ਇਨ੍ਹਾਂ ਲੋਕਾਂ ਨਾਲ ਪਿਆਰ ਕਰਦਾ ਸੀ ਅਤੇ ਉਹ ਉਹਦੇ ਨਾਲ ਪਿਆਰ ਕਰਦੇ ਸਨ। ਖ਼ੁਦਾ ਦੇ ਰੱਬੀ ਪੁੱਤਰ ਯਿਸੂ ਨਾਲ ਇਹ ਸੰਗਤੀ ਸਭ ਤੋਂ ਨਿਰੋਲ ਅਤੇ ਸਭ ਤੋਂ ਸਾਰਥਕ ਹੈ ਜਿਹੜੀ ਕਿਸੇ ਨੂੰ ਮਿਲ ਸਕਦੀ ਹੈ।

ਫ਼ਰੀਸੀਆਂ ਅਤੇ ਸਦੂਕੀਆਂ ਨੇ ਯਿਸੂ ਨਾਲ ਦੋਸਤੀ ਨੂੰ ਠੁਕਰਾ ਦਿੱਤਾ ਕਿਉਂ ਜੋ ਉਹ ਉਹਨੂੰ ਨਾਪਸੰਦ ਕਰਦੇ ਸਨ। ਜਿਵੇਂ ਹੀ ਮੌਕਾ ਮਿਲਿਆ ਉਨ੍ਹਾਂ ਨੇ ਉਸ ਨੂੰ ਮਾਰ ਸੁੱਟਿਆ।

ਵੱਡੇ ਨਿਸ਼ਾਨ ਦੀ ਉਨ੍ਹਾਂ ਦੀ ਮੰਗ ਲਈ ਯਿਸੂ ਦੀ ਪ੍ਰਤੀਕਿਰਿਆ ਵੱਡਾ ਹੌਕਾ ਸੀ। ਫ਼ਰੀਸੀਆਂ ਅਤੇ ਸਦੂਕੀਆਂ ਨੇ ਸਚਿਆਈ ਨੂੰ ਜਾਣਨ ਲਈ ਉਹਨੂੰ ਲੱਭਣ ਦੀ ਥਾਂ ਉਹਨੂੰ ਪਰਖਣਾ ਚਾਹਿਆ। ਯਿਸੂ ਉਨ੍ਹਾਂ ਨੂੰ ਹਮੇਸ਼ਾ ਦੀ ਜ਼ਿੰਦਗੀ ਦੇ ਰਿਹਾ ਸੀ, ਪਰ ਉਨ੍ਹਾਂ ਦੀ ਦਿਲਚਸਪੀ ਉਸ ਨੂੰ ਦੋਸ਼ੀ ਠਹਿਰਾ ਕੇ ਮਾਰ ਸੁੱਟਣਾ ਯਕੀਨੀ ਬਣਾਉਣ ਵਿਚ ਸੀ। ਯਿਸੂ ਨੂੰ ਉਨ੍ਹਾਂ ਦੇ ਠੁਕਰਾਉਣ ਦਾ ਮਤਲਬ ਇਲਾਹੀ ਮਸੀਹ ਨਾਲ ਟੁੱਟੀ ਹੋਈ ਸੰਗਤੀ ਸੀ।

*ਨਿਚੋੜ:* ਯਿਸੂ ਨੂੰ ਠੁਕਰਾਉਣਾ ਸਭ ਤੋਂ ਵੱਡਾ ਦੁਖਾਂਤ ਹੈ। ਇਨ੍ਹਾਂ ਆਇਤਾਂ ਵਾਲੀ ਘਟਨਾ ਵਿਚ ਜਾਣ–ਬੁੱਝ ਕੇ ਅਗਿਆਨਤਾ ਵਿਚ ਉਹਦੀ ਸਚਿਆਈ ਤੋਂ ਦੂਰ ਜਾਣ, ਅਜਿਹੀ ਬਗ਼ਾਵਤ ਜਿਸ ਨਾਲ ਯਿਸੂ ਦੀ ਧਰਤੀ ਉਤਲੀ ਸੇਵਕਾਈ ਦੇ ਫ਼ਾਇਦੇ ਮਿਲਣ ਦਾ ਮੌਕਾ ਖੁੱਸ ਗਿਆ, ਅਤੇ ਜਾਣ–ਬੁੱਝ ਕੇ ਖ਼ੁਦਾ ਦੇ ਪੁੱਤਰ ਨਾਲ ਸੰਗਤੀ ਦੀ ਥਾਂ ਬੁਰਿਆਈ ਨਾਲ ਸੰਗਤੀ ਨੂੰ ਚੁਣਨ ਦੀ ਪਸੰਦ ਸ਼ਾਮਿਲ ਸੀ।

ਬਾਈਬਲ ਇੱਥੇ ਇਕ ਦੁਖਦ ਟਿੱਪਣੀ ਨਾਲ ਖ਼ਤਮ ਕਰਦੀ ਹੈ: ''ਉਹ ਉਨ੍ਹਾਂ ਨੂੰ ਛੱਡ ਕੇ ਫੇਰ ਬੇੜੀ ਉੱਤੇ ਚੜ੍ਹਿਆ ਅਤੇ ਪਾਰ ਚੱਲਿਆ ਗਿਆ'' (8:13)। ਯਿਸੂ ਦੇ ਜਾਣ ਨੂੰ ਸੰਖੇਪ ਵਿਚ ਦੱਸਿਆ ਗਿਆ ਹੈ, ਪਰ ਇਹ ਕਿੰਨਾ ਗੰਭੀਰ ਅਤੇ ਦੋਸ਼ ਲਾਉਣ ਵਾਲਾ ਹੈ। ਯਿਸੂ ਚਲਿਆ ਗਿਆ ਕਿਉਂ ਜੋ ਇਸ ਪਿੰਡ ਵਿਚ ਉਸ ਰੱਬੀ ਕੰਮ ਨੂੰ ਨਹੀਂ ਕਰ ਸਕਿਆ ਜਿਸ ਨੂੰ ਕਰਨ ਲਈ ਉਹ ਦੁਨੀਆਂ ਵਿਚ ਆਇਆ ਸੀ।

ਖ਼ੁਦਾ ਦੇ ਫ਼ਜ਼ਲ ਦੀਆਂ ਆਪਣੀਆਂ ਹੱਦਾਂ ਹਨ। ਉਹਦੇ ਪਿਆਰ ਦੀ ਹੱਦ ਹੈ। ਉਹ ਹਰ ਕਿਸੇ ਨੂੰ ਬਚਾਉਣ ਲਈ ਆਇਆ, ਪਰ ਬਚਾ ਉਹ ਉਨ੍ਹਾਂ ਨੂੰ ਹੀ ਸਕਦਾ ਹੈ ਜਿਹੜੇ ਉਹਦੇ ਲਈ ਆਪਣੇ ਮਨਾਂ ਨੂੰ ਖੋਲ੍ਹ ਦਿੰਦੇ ਹਨ।

ਇੰਜੀਲ ਦੇ ਚਾਰੇ ਵਿਰਤਾਂਤਾਂ ਵਿਚ ਯਿਸੂ ਸਾਡੇ ਕੋਲ ਆਇਆ ਹੈ। ਭਲਾ ਅਸੀਂ ਇਹ ਆਖਾਂਗੇ ਕਿ ''ਮੈਨੂੰ ਹੋਰ ਸਬੂਤ ਚਾਹੀਦਾ ਹੈ?'' ਜੇ ਸਾਡੇ ਕਹਿਣ ਤੋਂ ਭਾਵ ਇਹ ਹੈ ਕਿ ''ਸਾਨੂੰ ਉਸ ਨਾਲੋਂ ਜੋ ਬਾਈਬਲ ਵਿਚ ਲਿਖਿਆ ਗਿਆ ਹੈ, ਵੱਧ ਸਬੂਤ ਚਾਹੀਦਾ ਹੈ'' ਤਾਂ ਸਾਡੇ ਲਈ ਇਹ ਕਹਿਣਾ ਪਵੇਗਾ, ''ਇੱਕੋ ਇਕ ਸਬੂਤ ਜਿਹੜਾ ਤੁਹਾਨੂੰ ਹੋਰ ਮਿਲੇਗਾ ਉਹ ਸਮੇਂ ਦੇ ਅੰਤ ਵਿਚ ਮੁਰਦਿਆਂ ਦਾ ਜੀ ਉੱਠਣਾ ਹੈ।'' ਪੱਕੀ ਗੱਲ ਹੈ ਕਿ ਜਦੋਂ ਉਹ ਸਬੂਤ ਦਿੱਤਾ ਜਾਵੇਗਾ ਤਾਂ ਹਰ ਕੋਈ ਵਿਸ਼ਵਾਸ ਕਰ ਲਵੇਗਾ, ਪਰ ਉਦੋਂ ਬਹੁਤ ਦੇਰ ਹੋ ਚੁੱਕੀ ਹੋਵੇਗੀ। ਸਬੂਤ ਨੂੰ ਮੰਨ ਕੇ ਯਕੀਨ ਕਰਨ ਦਾ ਸਮਾਂ ਸਾਡੇ ਕੋਲ ਹੁਣੇ ਹੈ। ਸਾਡੀ ਸੁਨਹਿਰੀ ਘੜੀ ਆ ਚੁੱਕੀ ਹੈ ਅਤੇ ਸਾਨੂੰ ਇਹਦਾ ਫ਼ਾਇਦਾ ਲੈਣਾ ਜ਼ਰੂਰੀ ਹੈ।

**ਯਿਸੂ ਅਤੇ ਸਾਡੀਆਂ ਮੁਸ਼ਕਿਲਾਂ** (8:14-21)

8:14–21 ਵਿਚ ਤਕਰੀਬਨ ਅੱਠ ਦੀਆਂ ਅੱਠੇ ਆਇਤਾਂ ਆਪਣੇ ਰਸੂਲਾਂ ਨਾਲ ਯਿਸੂ ਦੀ ਹੋਈ ਚਰਚਾ ਨੂੰ ਵਿਖਾਉਂਦੀਆਂ ਹਨ। ਇਸ ਚਰਚਾ ਦੀ ਸ਼ੁਰੂਆਤ ਦਲਮਨੂਥਾ ਤੋਂ ਗਲੀਲ ਦੀ ਝੀਲ ਦੇ ਦੂਜੇ ਪਾਸੇ ਜਾਂਦਿਆਂ ਬੇੜੀ ਵਿਚ ਹੋਈ ਹੋਵੇਗੀ, ਪਰ ਉਨ੍ਹਾਂ ਦੇ ਕੰਢੇ ਤਕ ਪਹੁੰਚਣ ਤਕ ਇਹ ਗੱਲਬਾਤ ਖ਼ਤਮ ਨਹੀਂ ਹੋਈ ਹੋਵੇਗੀ। ਯਿਸੂ ਦੀ ਸੇਵਕਾਈ ਛੇਤੀ ਛੇਤੀ ਖ਼ਤਮ ਹੋ ਜਾਣ ਵਾਲੀ ਸੀ, ਜਿਸ ਕਰਕੇ ਉਹ ਆਪਣੇ ਰਸੂਲਾਂ ਨੂੰ ਉਨ੍ਹਾਂ ਅੱਗੇ ਆਉਣ ਵਾਲੀਆਂ ਗੱਲਾਂ ਲਈ ਤਿਆਰ ਕਰਨ ਵਿਚ ਵੱਧ ਤੋਂ ਵੱਧ ਸਮਾਂ ਦੇ ਰਿਹਾ ਸੀ। ਯਿਸੂ ਉਨ੍ਹਾਂ ਨੂੰ ਆਉਣ ਵਾਲੇ ਖ਼ਤਰਿਆਂ ਬਾਰੇ ਸਮਝਾਉਣਾ ਚਾਹੁੰਦਾ ਸੀ। ਇਹ ਪੱਕਾ ਕਰਦੇ ਹੋਏ ਕਿ ਉਹ ਮਜ਼ਬੂਤ ਸੇਵਕ ਬਣੇ ਰਹਿਣ ਜਿਹੜੇ ਉਹ ਉਨ੍ਹਾਂ ਨੂੰ ਬਨਾਉਣਾ ਚਾਹ ਰਿਹਾ ਸੀ, ਉਹ ਉਨ੍ਹਾਂ ਨੂੰ ਖ਼ਬਰਦਾਰ ਕਰ ਰਿਹਾ ਸੀ। ਇਕ ਖ਼ਾਸ ਮੁਸ਼ਕਿਲ ਜਿਸ ਉੱਤੇ ਯਿਸੂ ਨੇ ਜ਼ੋਰ ਦਿੱਤਾ, ਉਹ ਫ਼ਰੀਸੀਆਂ, ਸਦੂਕੀਆਂ (ਮੱਤੀ 16:1 ਵਿਚ ਇਸ ਦਾ ਜ਼ਿਕਰ ਹੈ)

ਅਤੇ ਹੇਰੋਦੀਆਂ ਦੀਆਂ ਸਿੱਖਿਆਵਾਂ ਦੀ ਸੀ। ਉਸ ਨੇ ਉਨ੍ਹਾਂ ਦੇ ਬੁਰੇ ਪ੍ਰਭਾਅ ਨੂੰ ਖ਼ਮੀਰ ਵਰਗਾ ਦੱਸਦੇ ਹੋਏ ਪ੍ਰਤੀਕਾਤਮਕ ਭਾਸ਼ਾ ਵਿਚ ਇਨ੍ਹਾਂ ਸਿੱਖਿਆਵਾਂ ਦੀ ਚੁਣੌਤੀ ਦੀ ਗੱਲ ਕੀਤੀ। ਰਸੂਲਾਂ ਨੂੰ ਗੱਲਬਾਤ ਦੇ ਪ੍ਰਤੀਕਾਤਮਕ ਅਰਥ ਦੀ ਸਮਝ ਉਦੋਂ ਤਕ ਨਹੀਂ ਆਈ ਜਦੋਂ ਤਕ ਉਹ ਝੀਲ ਦੇ ਪੂਰਬ ਵੱਲ ਨੂੰ ਬੈਤਸੈਦਾ ਯੂਲੀਆਸ ਦੇ ਨੇੜੇ ਨਹੀਂ ਪਹੁੰਚੇ। ਯਿਸੂ ਦੀ ਇਸ ਗੱਲਬਾਤ ਵਿਚ ਤਿੰਨ ਮੁਸ਼ਕਿਲਾਂ ਦੀ ਗੱਲ ਕੀਤੀ ਗਈ ਜਿਹੜੀਆਂ ਰਾਜ ਵਿਚ ਆਗੂ ਬਣਨ ਵਾਲੇ ਲੋਕਾਂ ਦੀ ਕਿਸੇ ਵੀ ਜਮਾਤ ਵਿਚ ਕਿਸੇ ਨਾ ਕਿਸੇ ਤਰ੍ਹਾਂ ਆ ਹੀ ਜਾਣਗੀਆਂ।

ਇਸ ਪਿਛੋਕੜ ਵਾਲੀਆਂ ਮੁਸ਼ਕਿਲਾਂ ਕਦੇ ਨਾ ਕਦੇ ਹਰ ਕਿਸੇ ਤੇ ਆ ਸਕਦੀਆਂ ਹਨ। ਜਿਹੜੀਆਂ ਕਮਜ਼ੋਰੀਆਂ ਯਿਸੂ ਨੇ ਆਪਣੇ ਰਸੂਲਾਂ ਵਿਚ ਵੇਖੀਆਂ ਉਹੀ ਕਮਜ਼ੋਰੀਆਂ ਉਹ ਸਾਡੇ ਵਿਚ ਵੀ ਵੇਖਦਾ ਹੋਵੇਗਾ। ਆਓ ਇਸ ਗੱਲਬਾਤ ਦੀ ਸਮੀਖਿਆ ਕਰਦੇ ਹੋਏ ਇਸ ਨੂੰ ਦਿਆਨਤਦਾਰੀ ਨਾਲ ਉਸ ਦੇ ਰਾਜ ਵਿਚ ਸੇਵਾ ਦੀ ਤਿਆਰੀ ਕਰਦੇ ਹੋਏ ਆਪਣੇ ਉੱਤੇ ਲਾਗੂ ਕਰੀਏ।

1. *ਭੁੱਲ ਜਾਣ (ਜਾਂ ਲਾਪਰਵਾਹੀ) ਦੀ ਮੁਸ਼ਕਿਲ*। 8:14–21 ਵਿਚ ਸ਼ੁਰੂ ਵਿਚ ਰਸੂਲਾਂ ਦੀ ਇਕ ਛੋਟੀ ਜਿਹੀ ਭੁੱਲ ਵੱਲ ਧਿਆਨ ਦੁਆਇਆ ਗਿਆ ਹੈ, ''ਓਹ ਰੋਟੀ ਲੈਣੀ ਭੁੱਲ ਗਏ ਸਨ ਅਰ ਬੇੜੀ ਵਿੱਚ ਇਕ ਰੋਟੀ ਦੇ ਬਿਨਾ ਉਨ੍ਹਾਂ ਕੋਲ ਹੋਰ ਕੁਝ ਨਾ ਸੀ'' (8:14)।

ਭੁੱਲ ਜਾਣਾ ਸਾਨੂੰ ਪਰੇਸ਼ਾਨੀ ਵਿਚ ਪਾ ਸਕਦਾ ਹੈ, ਜਿਵੇਂ ਇਸ ਨੇ ਇਸ ਸਫ਼ਰ ਵਿਚ ਇਨ੍ਹਾਂ ਨੂੰ ਪਾਇਆ। ਅੱਗੇ ਦੀ ਸੋਚ ਕੇ ਸਫ਼ਰ ਲਈ ਸਮਾਨ ਨਾਲ ਨਾ ਲੈਣਾ ਰਸੂਲਾਂ ਦੀ ਇਕ ਵੱਡੀ ਭੁੱਲ ਸੀ। ਉਨ੍ਹਾਂ ਕੋਲ ਸਿਰਫ਼ ਇੱਕੋ ਰੋਟੀ ਸੀ

ਜਿੱਥੋਂ ਤਕ ਸਾਨੂੰ ਪਤਾ ਹੈ ਅੱਗੇ ਦਾ ਸੋਚ ਕੇ ਉਸ ਕੰਮ ਲਈ ਜਿਸ ਨੂੰ ਉਹ ਕਰਨ ਜਾ ਰਹੇ ਸਨ, ਤਿਆਰ ਨਾ ਹੋਣ ਦੇ ਨਤੀਜੇ ਰਸੂਲਾਂ ਨੂੰ ਅਤੇ ਯਿਸੂ ਨੂੰ ਭੁਗਤਣੇ ਪਏ ਸਨ। ਯਿਸੂ ਨੇ ਇਸ ਮੌਕੇ ਤੇ ਉਨ੍ਹਾਂ ਦੀ ਲਾਪਰਵਾਹੀ ਤੋਂ ਬਚਾਉਣ ਲਈ ਮੋਅਜਜ਼ਾ ਨਹੀਂ ਕੀਤਾ। ਜੇ ਉਹਨੇ ਕੀਤਾ ਵੀ ਹੋਵੇ ਤਾਂ ਘੱਟੋ–ਘੱਟ ਸਾਡੇ ਕੋਲ ਲਿਖਤੀ ਰੂਪ ਵਿਚ ਨਹੀਂ ਹੈ। ਦੇਹ ਵਿਚ ਉਨ੍ਹਾਂ ਦੇ ਨਾਲ ਹੋਣ ਵਾਲੇ ਦੇ ਤੌਰ ਤੇ ਆਪਣੀ ਚਮਤਕਾਰੀ ਸ਼ਕਤੀ ਦੀ ਵਰਤੋਂ ਨਿੱਜੀ ਸੰਤੁਸ਼ਟੀ, ਨਿੱਜੀ ਰੱਖਿਆ, ਜਾਂ ਨਿੱਜੀ ਰੱਖਿਆ, ਜਾਂ ਨਿੱਜੀ ਲਾਭ ਜਾਂ ਨਿੱਜੀ ਸੁੱਖ ਲਈ ਨਹੀਂ ਕੀਤੀ। ਉਹਨੇ ਕਈ ਦਿਨਾਂ ਤਕ ਭੁੱਖਾ ਰਹਿਣ ਦੇ ਬਾਅਦ ਉਜਾੜ ਵਿਚ ਸ਼ਤਾਨ ਦੀਆਂ ਅਜ਼ਮਾਇਸ਼ਾਂ ਤੋਂ ਆਪਣੇ ਆਪ ਨੂੰ ਛੁਡਾਉਣ ਲਈ ਵੀ ਆਪਣੀ ਚਮਤਕਾਰੀ ਸ਼ਕਤੀ ਦੀ ਵਰਤੋਂ ਨਹੀਂ ਕੀਤੀ ਸੀ।

ਰਸੂਲਾਂ ਦੀ ਇਸ ਗਲਤੀ ਨੇ ਉਨ੍ਹਾਂ ਨੂੰ ਕੰਮ ਵਿਚ ਅਤੇ ਕੰਮ ਤੋਂ ਪਹਿਲਾਂ ਅਤੇ ਕੰਮ ਤੋਂ ਬਾਅਦ ਧਿਆਨ ਨਾਲ ਯੋਜਨਾ ਬਨਾਉਣ ਦੀ ਲੋੜ ਨੂੰ ਵਿਖਾ ਦਿੱਤਾ। ਕਹਿੰਦੇ ਹਨ ਕਿ ''ਇਲਾਜ ਨਾਲੋਂ ਪਰਹੇਜ਼ ਚੰਗਾ।'' ਭਲਾ ਅਸੀਂ ਵੀ ਇਹ ਨਹੀਂ ਆਖ ਸਕਦੇ, ''ਬਾਅਦ ਵਿਚ ਤੋਬਾ ਕਰਨ ਨਾਲੋਂ ਪਹਿਲਾਂ ਕੀਤੀ ਤਿਆਰੀ ਚੰਗੀ''? ਇਹ ਪਤਾ ਲਗ ਜਾਣ ਦੇ ਕਿ ਅਸੀਂ ਬਿਨਾਂ ਤਿਆਰੀ ਦੇ ਕੰਮ ਨੂੰ ਪੂਰਾ ਕਰਨ ਆਏ ਹਾਂ, ਸਾਨੂੰ ਸਮਝ ਵਿਚ ਆ ਜਾਂਦਾ ਹੈ ਕਿ ਜੇ ਅਸੀਂ ਇਹਦੇ ਲਈ ਤਿਆਰੀ ਕੀਤੀ ਹੁੰਦੀ ਤਾਂ ਅਸੀਂ ਕੰਮ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਕਰਦੇ ਅਤੇ ਇਸ ਵਿਚ ਕਿਨਾਂ ਮਜ਼ਾ ਆਉਂਦਾ। ਘੱਟੋ–ਘੱਟ ਇਸ ਮੌਕੇ ਤੇ ਰਸੂਲਾਂ ਨੂੰ ਹੋਰ ਸਮਝਦਾਰੀ ਦੀ ਲੋੜ ਸੀ ਅਤੇ ਬਹੁਤੇ ਮਾਮਲਿਆਂ ਵਿਚ ਸਾਨੂੰ ਵੀ ਹੁੰਦੀ ਹੈ।

2. *ਝੂਠੀਆਂ ਸਿੱਖਿਆਵਾਂ (ਜਾਂ ਬੁਰੇ ਪ੍ਰਭਾਵਾ) ਦੀ ਮੁਸ਼ਕਿਲ*। ਇਹ ਉਹ ਮੁੱਖ ਵਿਸ਼ਾ ਸੀ ਜਿਸ ਉੱਤੇ ਯਿਸੂ ਇਸ ਗੱਲਬਾਤ ਵਿਚ ਆਪਣੇ ਰਸੂਲਾਂ ਨਾਲ ਚਰਚਾ ਕਰਨੀ ਚਾਹ ਰਿਹਾ ਸੀ। ਉਸ ਨੇ ਆਪਣੇ ਚੇਲਿਆਂ ਨੂੰ ਫ਼ਰੀਸੀਆਂ, ਸਦੂਕੀਆਂ ਅਤੇ ਹੇਰੋਦੀਆਂ ਦੀਆਂ ਝੂਠੀਆਂ ਸਿੱਖਿਆਵਾਂ ਬਾਰੇ ਖ਼ਬਰਦਾਰ ਕੀਤਾ। ''ਖ਼ਬਰਦਾਰ!'' ਸ਼ਬਦਾਂ ਵਿਚ ''ਚੌਕਸ ਰਹੋ'' ਸ਼ਬਦਾਂ ਵਿਚ ਤਗੀਦ ਮਿਲਦੀ ਹੈ। ਮਰਕੁਸ 8:15 ਜਿੱਥੇ ਇਹ ਆਖਦਾ ਹੈ ਕਿ ''ਫ਼ਰੀਸੀਆਂ ਦੇ ਖ਼ਮੀਰ ਅਤੇ ਹੇਰੋਦੇਸ ਦੇ ਖ਼ਮੀਰ ਤੋਂ ਚੌਕਸ ਰਹੋ,'' ਉੱਥੇ ਹੀ ਮੱਤੀ 16:6 ਵਿਚ ''... ਫ਼ਰੀਸੀਆਂ ਅਤੇ ਸਦੂਕੀਆਂ'' ਹੈ। ਸਾਡੇ ਪ੍ਰਭੂ ਨੇ

''ਖ਼ਮੀਰ'' ਸ਼ਬਦ ਦੇ ਹੇਠਾਂ ਤਿੰਨ ਤਰ੍ਹਾਂ ਦੇ ਸਿਖਾਉਣ ਵਾਲੇ ਦੱਸ ਦਿੱਤੇ: ਫ਼ਰੀਸੀ, ਸਦੂਕੀ ਅਤੇ ਹੇਰੋਦੀ।

ਪੁਰਾਣੇ ਅਤੇ ਨਵੇਂ ਨੇਮਾਂ ਵਿਚ ''ਖ਼ਮੀਰ'' ਸ਼ਬਦ ਦੀ ਵਰਤੋਂ ਆਮ ਤੌਰ ਤੇ ਬੁਰਿਆਈ ਜਾਂ ਬਰਬਾਦੀ ਨੂੰ ਵਿਖਾਉਣ ਲਈ ਪ੍ਰਤੀਕਾਤਮਕ ਤੌਰ ਤੇ ਹੋਈ ਹੈ। ਇੱਥੇ ਯਿਸੂ ਇਹਦੀ ਵਰਤੋਂ ਇਨ੍ਹਾਂ ਧਾਰਮਿਕ ਅਤੇ ਸਿਆਸੀ ਗੁਰੂਆਂ ਦੀਆਂ ਸਿੱਖਿਆਵਾਂ ਦੇ ਤਬਾਹ ਕਰਨ ਵਾਲੀਆਂ ਹੋਣ ਦੀ ਗੱਲ ਕਰਨ ਲਈ ਕਰ ਰਿਹਾ ਸੀ।

ਫ਼ਰੀਸੀ ਲੋਕ ਪਰੰਪਰਾਵਾਦੀ ਸਨ। ਉਹ ਆਪਣੀਆਂ ਪਰੰਪਰਾਵਾਂ ਨੂੰ ਖ਼ੁਦਾ ਦੇ ਵਚਨ ਜਿੰਨੀ ਹੀ ਅਹਿਮੀਅਤ ਦਿੰਦੇ ਸਨ। ਜਦੋਂ ਵੀ ਉਨ੍ਹਾਂ ਦਾ ਟਕਰਾਅ ਖ਼ੁਦਾ ਦੇ ਵਚਨ ਦੇ ਨਾਲ ਹੋ ਜਾਂਦਾ, ਉਹ ਆਪੋ ਆਪਣੀਆਂ ਪਰੰਪਰਾਵਾਂ ਨੂੰ ਹੀ ਮੰਨਦੇ ਸਨ। ਸਦੂਕੀ ਲੋਕ ਤਰਕਵਾਦੀ ਸਨ। ਉਹ ਫ਼ਰੀਸੀਆਂ, ਚਮਤਕਾਰਾਂ, ਪਰਲੋਕ ਜਾਂ ਆਮ ਜੀ ਉੱਠਣ ਨੂੰ ਨਹੀਂ ਮੰਨਦੇ ਸਨ। ਉਹ ਪੁਰਾਣੇ ਨੇਮ ਦੀਆਂ ਸਿਰਫ਼ ਪਹਿਲੀਆਂ ਪੰਜ ਕਿਤਾਬਾਂ ਨੂੰ ਮੰਨਦੇ ਸਨ। ਹੇਰੋਦੀ ਲੋਕ ਹੱਠਵਾਦੀ ਸਨ। ਉਹ ਹੇਰੋਦੀ ਰਾਜਵੰਸ਼ ਦੇ ਖ਼ਾਸ ਹਮਾਇਤੀ ਬਣ ਕੇ ਰੋਮੀ ਸਾਮਰਾਜ ਦੀ ਲੀਡਰਸ਼ਿਪ ਨੂੰ ਮੰਨਦੇ ਸਨ।

ਸਾਡਾ ਪ੍ਰਭੂ ਇਨ੍ਹਾਂ ਤਿੰਨਾਂ ਸਿਖਾਉਣ ਵਾਲਿਆਂ ਵਿੱਚੋਂ ਕਿਸੇ ਦੇ ਨਾਲ ਨਹੀਂ ਹੋ ਸਕਦਾ ਸੀ। ਹਰ ਕੋਈ ਗਲਤ ਸਿੱਖਿਆ ਦੇ ਇਕ ਫ਼ਰਕ ਤਰੀਕੇ ਨੂੰ ਪੇਸ਼ ਕਰਦਾ ਸੀ। ਸਚਿਆਈ ਹੋਣ ਕਰਕੇ (ਵੇਖੋ ਯੂਹੰਨਾ 14:6), ਉਹ ਤਿੰਨਾਂ ਦਾ ਵਿਰੋਧ ਕਰਦਾ ਸੀ।

ਗਲਤ ਸਿੱਖਿਆ ਲਈ ਰਸੂਲਾਂ ਨੂੰ ਆਪਣੇ ਜਵਾਬ ਵਿਚ ਯਿਸੂ ਅਟੱਲ ਸੀ। ਉਹਦੇ ਸ਼ਬਦਾਂ ''ਚੌਕਸ ਰਹੋ'' ਦਾ ਅਰਥ ਉਨ੍ਹਾਂ ਲਈ ਜ਼ਬਰਦਸਤ ਚਿਤਾਵਨੀ ਦੇਣਾ ਸੀ। ਭਾਵੇਂ ਉਹ ਉਨ੍ਹਾਂ ਦੇ ਨਾਲ ਸੀ, ਪਰ ਉਸ ਨੂੰ ਪਤਾ ਸੀ ਕਿ ਇਨ੍ਹਾਂ ਤਿੰਨਾਂ ਸਮੂਹਾਂ ਦੀਆਂ ਗਲਤ ਸਿੱਖਿਆਵਾਂ ਕਈ ਤਰੀਕਿਆਂ ਨਾਲ ਉਨ੍ਹਾਂ ਦੇ ਮਨਾਂ ਤੇ ਹਮਲਾ ਕਰ ਸਕਦੀਆਂ ਹਨ। ਉਸ ਨੇ ਉਨ੍ਹਾਂ ਨੂੰ ਗਲਤ ਸਿੱਖਿਆ ਤੋਂ ਪ੍ਰਭਾਵਿਤ ਹੋਣ ਤੋਂ ਮਨ੍ਹਾਂ ਕਰਨ ਲਈ ਆਖਿਆ।

''ਪ੍ਰਭਾਵ'' ਸ਼ਬਦ ਨੂੰ ਧਿਆਨ ਨਾਲ ਸਮਝਣਾ ਚਾਹੀਦਾ ਹੈ। ਇਹ ਭਲਿਆਈ ਜਾਂ ਬੁਰਿਆਈ ਦੀ ਉਸ ਸ਼ਕਤੀ ਨੂੰ ਵਿਖਾਉਂਦਾ ਹੈ ਜਿਹੜੀ ਸਿਰਫ਼ ਸਿਖਾਉਣ ਵਾਲਿਆਂ ਵੱਲੋਂ ਹੀ ਨਹੀਂ ਬਲਕਿ ਹਰ ਤਰ੍ਹਾਂ ਦੇ ਲੋਕਾਂ ਵੱਲੋਂ ਨਿੱਕਲਦੀ ਹੈ। ਹਰ ਸਿਖਾਉਣ ਵਾਲੇ, ਹਰ ਵਿਅਕਤੀ ਵਿੱਚੋਂ ਇਹ ਸ਼ਕਤੀ ਨਿੱਕਲਦੀ ਹੈ। ਪ੍ਰਭਾਵ ਦੇ ਅਸਰ ਪਾਉਣ ਵਾਲੇ ਪ੍ਰਵਾਹ ਦੀਆਂ ਚਾਰ ਖੂਬੀਆਂ ਹਨ: ਇਹ ਸਾਫ਼-ਸਾਫ਼ ਸੁਣਾਈ ਨਹੀਂ ਦਿੰਦਾ, ਆਮ ਤੌਰ ਤੇ ਨਜ਼ਰ ਨਹੀਂ ਆਉਂਦਾ, ਬੇਹੱਦ ਸ਼ਕਤੀਸ਼ਾਲੀ ਹੈ ਅਤੇ ਬੇਹਿਸਾਬ ਰਹਿੰਦਾ ਹੈ। ਇਹ ਸਾਡੇ ਤੋਂ ਦੂਜਿਆਂ ਤਕ ਜਾਂਦਾ ਹੈ ਅਤੇ ਦੂਜਿਆਂ ਤੋਂ ਸਾਡੇ ਤਕ ਆਉਂਦਾ ਹੈ। ਇਹ ਸੂਖਮ, ਸਹਿਜ, ਸ਼ਾਂਤ ਅਤੇ ਜਾਂ ਤਾਂ ਸ਼ਕਤੀ ਦੇਣ ਵਾਲਾ ਜਾਂ ਬਰਬਾਦ ਕਰਨ ਵਾਲਾ ਹੁੰਦਾ ਹੈ। ਅਸੀਂ ਕਦੇ ਵੀ ਇਸ ਦੇ ਕਿਸੇ ਨਾ ਕਿਸੇ ਰੂਪ ਦੇ ਬਗੈਰ ਨਹੀਂ ਹੁੰਦੇ। ਜਦ ਅਸੀਂ ਬਾਹਰ ਲੋਕਾਂ ਵਿਚ ਹੁੰਦੇ ਹਾਂ ਤਾਂ ਅਸੀਂ ਪ੍ਰਭਾਵ ਦੇ ਉਨ੍ਹਾਂ ਦੇ ਦਾਇਰੇ ਦਾ ਹਿੱਸਾ ਹੁੰਦੇ ਹਾਂ। ਅਸੀਂ ਦੂਜਿਆਂ ਨੂੰ ਪ੍ਰਭਾਵਿਤ ਕਰਦੇ ਹਾਂ ਅਤੇ ਉਨ੍ਹਾਂ ਤੋਂ ਪ੍ਰਭਾਵਿਤ ਹੁੰਦੇ ਹਾਂ।

ਪਰ ਝੂਠੀ ਸਿੱਖਿਆ ਦੇਣ ਵਾਲਿਆਂ ਵੱਲੋਂ ਵਿਗਾੜੇ ਜਾਣ ਤੋਂ ਅਸੀਂ ਕਿਵੇਂ ਬਚ ਸਕਦੇ ਹਾਂ। ਰਸੂਲ ਵਿਗੜ ਸਕਦੇ ਸਨ, ਤਾਂ ਅਸੀਂ ਵੀ ਵਿਗੜ ਸਕਦੇ ਹਾਂ। ਯਿਸੂ ਨੇ ਆਖਿਆ, ''ਚੌਕਸ ਰਹੋ!'' ਉਹ ਚਾਹੁੰਦਾ ਹੈ ਕਿ ਅਸੀਂ ਝੂਠੀਆਂ ਸਿੱਖਿਆਵਾਂ ਤੋਂ ਖ਼ਬਰਦਾਰ ਹੋ ਜਾਈਏ। ਅਸੀਂ ਝੂਠੀ ਸਿੱਖਿਆ ਦੇਣ ਵਾਲਿਆਂ ਤੋਂ ਦੂਰ ਰਹੀਏ ਅਤੇ ਆਪਣੇ ਦਿਮਾਗ ਵਿਚ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਨਾ ਵੜਨ ਦਈਏ।

3. *ਬੇਪਰਤੀਤੀ (ਜਾਂ ਕੁਧਰਮ) ਦੀ ਮੁਸ਼ਕਿਲ*। ਪਹਿਲਾਂ ਜਦ ਯਿਸੂ ਨੇ ਰਸੂਲਾਂ ਨੂੰ ਝੂਠੀਆਂ ਸਿੱਖਿਆਵਾਂ ਦੇ ਖ਼ਮੀਰ ਤੋਂ ਖ਼ਬਰਦਾਰ ਕੀਤਾ ਸੀ, ''ਤਦ ਓਹ ਆਪੋ ਵਿੱਚ ਵਿਚਾਰ ਕਰ ਕੇ ਆਖਣ ਲੱਗੇ ਭਈ ਸਾਡੇ ਕੋਲ ਰੋਟੀ ਜੋ ਨਹੀਂ'' (8:16)। ਉਨ੍ਹਾਂ ਨੂੰ ਲੱਗਾ ਹੋਵੇਗਾ ਕਿ ਉਨ੍ਹਾਂ ਦੇ ਝੀਲ ਨੂੰ ਪਾਰ ਕਰਨ ਲਈ ਜਾਣ ਦੀ ਸਹੀ ਢੰਗ ਨਾਲ ਤਿਆਰੀ ਨਾ ਕਰਨ ਕਰਕੇ ਯਿਸੂ ਉਨ੍ਹਾਂ ਨੂੰ ਬਹਾਨੇ

ਨਾਲ ਝਾੜ ਰਿਹਾ ਸੀ।

8: 17 ਵਿਚ ਯਿਸੂ ਆਪਣੇ ਰਸੂਲਾਂ ਨੂੰ ਸਵਾਲ ਪੁੱਛਣ ਲੱਗਾ। ਉਸ ਨੇ ਆਖਿਆ, ''ਤੁਸੀਂ ਕਿਉਂ ਵਿਚਾਰ ਕਰਦੇ ਹੋ ਭਈ ਸਾਡੇ ਕੋਲ ਰੋਟੀ ਨਹੀਂ?''; ''ਭਲਾ, ਤੁਸੀਂ ਅਜੇ ਨਹੀਂ ਜਾਣਦੇ ਅਤੇ ਨਹੀਂ ਸਮਝਦੇ?'' ''ਕੀ ਤੁਹਾਡਾ ਦਿਲ ਸੁੰਨ ਹੋ ਗਿਆ?'' ਯਿਸੂ ਉਨ੍ਹਾਂ ਨੂੰ ਰੋਟੀ ਲਿਆਉਣਾ ਭੁੱਲ ਜਾਣ ਲਈ ਨਹੀਂ ਬਲਕਿ ਉਨ੍ਹਾਂ ਨੂੰ ਇਸ ਦੀ ਫ਼ਿਕਰ ਕਰਨ ਲਈ ਡਾਂਟ ਰਿਹਾ ਸੀ। ਉਸ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਉਸ ਤੇ ਜੋ ਉਨ੍ਹਾਂ ਨੂੰ ਕਰਨਾ ਚਾਹੀਦਾ ਸੀ, ਐਨੇ ਸ਼ਿਕਾਇਤੀ ਹੋ ਕੇ ਉਸ ਉੱਤੇ ਵਿਸ਼ਵਾਸ ਦੀ ਘਾਟ ਨੂੰ ਵਿਖਾ ਰਹੇ ਸਨ। ਚੇਲਿਆਂ ਦੇ ਉਸ ਉੱਤੇ ਭਰੋਸਾ ਨਾ ਕਰਨ ਤੇ ਯਿਸੂ ਦਿਲੋਂ ਦੁਖੀ ਹੋਇਆ। ਅੱਜ ਜਦ ਅਸੀਂ ਉਸ ਉੱਤੇ ਭਰੋਸਾ ਨਹੀਂ ਕਰ ਪਾਉਂਦੇ ਤਾਂ ਵੀ ਉਹ ਦੁਖੀ ਹੁੰਦਾ ਹੋਵੇਗਾ। ਖ਼ੁਦਾ ਦੇ ਮੁਕੰਮਲ ਹੋ ਚੁਕੇ ਮੁਕਾਸ਼ਫ਼ੇ (ਅਰਥਾਤ ਬਾਈਬਲ) ਨਾਲ, ਸਾਡੇ ਕੋਲ ਉਨ੍ਹਾਂ ਮੁੱਢਲੇ ਚੇਲਿਆਂ ਨਾਲੋਂ ਵੀ ਵਧ ਕੇ ਵਿਸ਼ਵਾਸ ਕਰਨ ਦਾ ਅਧਾਰ ਹੈ।

ਰਸੂਲਾਂ ਨੂੰ ਉਹਦੀ ਤਿੱਖੀ ਝਾੜ ਅੱਗੇ ਵੀ ਜਾਰੀ ਰਹੀ ਜਦੋਂ ਉਸ ਨੇ 8: 18–21 ਵਿਚ ਅੱਗੇ ਸਵਾਲ ਪੁੱਛੇ। ''ਅੱਖਾਂ ਦੇ ਹੁੰਦੇ ਸੁੰਦੇ ਕੀ ਤੁਸੀਂ ਨਹੀਂ ਵੇਖਦੇ ਅਤੇ ਕੰਨਾਂ ਦੇ ਹੁੰਦਿਆਂ ਸੁੰਦਿਆਂ ਨਹੀਂ ਸੁਣਦੇ ਅਰ ਚੇਤੇ ਨਹੀਂ ਰੱਖਦੇ?''; ''ਜਦ ਮੈਂ ਓਹ ਪੰਜ ਰੋਟੀਆਂ ਪੰਜਾਂ ਹਜ਼ਾਰਾਂ ਲਈ ਤੋੜੀਆਂ ਤਦ ਤੁਸਾਂ ਟੁਕੜਿਆਂ ਦੀਆਂ ਕਿੰਨੀਆਂ ਟੋਕਰੀਆਂ ਭਰੀਆਂ ਹੋਈਆਂ ਚੁੱਕੀਆਂ?'' (ਇਸ ਤੇ ਉਨ੍ਹਾਂ ਨੇ ਜਵਾਬ ਦਿੱਤਾ, ''ਬਾਰਾਂ।''); ''ਅਤੇ ਜਦ ਸੱਤ ਰੋਟੀਆਂ ਚੋਹੁੰ ਹਜ਼ਾਰਾਂ ਲਈ ਤੋੜੀਆਂ ਤਦ ਤੁਸਾਂ ਟੁਕੜਿਆਂ ਦੇ ਕਿੰਨੇ ਟੋਕਰੇ ਭਰੇ ਹੋਏ ਚੁੱਕੇ?'' (ਇਸ ਤੇ ਉਨ੍ਹਾਂ ਆਖਿਆ, ''ਸੱਤ।'') ਫਿਰ, ''ਤੁਹਾਨੂੰ ਅਜੇ ਸਮਝ ਨਹੀਂ ਆਈ?''

ਯਿਸੂ ਉਨ੍ਹਾਂ ਨੂੰ ਉਹਦੇ ਬਾਰੇ ਸੋਚਣ ਤੇ ਆਪਣੀਆਂ ਅੱਖਾਂ, ਕੰਨਾਂ ਅਤੇ ਸਮਝ ਦੀ ਵਰਤੋਂ ਕਰਨ ਲਈ ਆਖ ਰਿਹਾ ਸੀ। ਉਹਦੇ ਕੰਮਾਂ ਨੂੰ ਵੇਖਣ ਲਈ ਉਨ੍ਹਾਂ ਕੋਲ ਅੱਖਾਂ ਸਨ, ਉਹਦੀਆਂ ਗੱਲਾਂ ਨੂੰ ਸੁਣਨ ਲਈ ਕੰਨ ਅਤੇ ਉਹਦੇ ਵਾਅਦਿਆਂ ਨੂੰ ਕਬੂਲ ਕਰਨ ਲਈ ਦਿਮਾਗ ਸੀ। ਯਿਸੂ ਨੂੰ ਇਹ ਨਾਮੰਜ਼ੂਰ ਸੀ ਕਿ ਉਹਦੇ ਰਸੂਲਾਂ ਅੱਗੇ ਉਸ ਵਿਚ ਵਿਸ਼ਵਾਸ ਦੀ ਘਾਟ ਦਾ ਸੰਕਟ ਹੋਵੇ। ਇਹ ਰਸੂਲ ਉਸ ਨੂੰ ਚੰਗੀ ਤਰ੍ਹਾਂ ਜਾਣਦੇ ਸਨ; ਫਿਰ ਵੀ ਜਦੋਂ ਕੋਈ ਮੁਸ਼ਕਿਲ ਆ ਜਾਂਦੀ ਤਾਂ ਉਹ ਉਸ ਦੀ ਸ਼ਕਤੀ ਦੀ ਰੌਸ਼ਨੀ ਵਿੱਚੋਂ ਦੀ ਨਹੀਂ ਵੇਖ ਪਾਉਂਦੇ ਸਨ।

ਜੇ ਯਿਸੂ ਮੌਜੂਦ ਹੈ, ਤਾਂ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ ਹੈ। ਪਰ ਇਹ ਸੋਚਣਾ ਗਲਤੀ ਹੈ ਕਿ ਹਮੇਸ਼ਾ ਸਾਨੂੰ ਮਜ਼ਬੂਤ ਕਰਨ ਜਾਂ ਛੁਡਾਉਣ ਲਈ ਯਿਸੂ ਕੋਈ ਚਮਤਕਾਰ ਹੀ ਕਰੇਗਾ। ਉਸ ਨੇ ਰਸੂਲਾਂ ਨੂੰ ਭੀੜ ਨੂੰ ਖੁਆਉਣ ਵਿਚ ਉਹਦੀ *ਸ਼ਕਤੀ* ਨੂੰ ਯਾਦ ਕਰਨ ਅਤੇ ਉਸ ਜਾਣਕਾਰੀ ਦੀ ਵਰਤੋਂ ਮੌਜੂਦਾ ਹਾਲਾਤ ਲਈ ਕਰਨ ਦੀ ਚੁਣੌਤੀ ਦਿੱਤੀ। ਭਾਵੇਂ ਚਮਤਕਾਰ ਕਰੇ ਤੇ ਭਾਵੇਂ ਨਾ, ਉਹ ਸਰਵਸ਼ਕਤੀਮਾਨ ਮਸੀਹ ਹੈ! ਯਿਸੂ ਇੱਥੇ ਹੈ, ਐਨਾ ਹੀ ਕਾਫ਼ੀ ਹੈ। ਜਿਵੇਂ ਉਸ ਨੇ ਬੀਤੇ ਵਿਚ ਆਪਣੀ ਸ਼ਕਤੀ ਨੂੰ ਚਮਤਕਾਰੀ ਢੰਗ ਨਾਲ ਵਿਖਾਇਆ ਸੀ, ਉਵੇਂ ਹੀ ਹੁਣ ਉਹ ਓਸੇ ਸ਼ਕਤੀ ਨਾਲ ''ਰੱਬੀ ਇੰਤਜ਼ਾਮ'' ਦੇ ਰਾਹੀਂ ਕੰਮ ਕਰੇਗਾ।

*ਨਿਚੋੜ:* ਯਿਸੂ ਵੱਡਾ ਤਾਰਣਹਾਰ ਹੈ, ਸਾਡੇ ਲਈ ਉਹ ਮੁਸ਼ਕਿਲਾਂ ਭਾਵੇਂ ਵੱਡੀਆਂ ਹੋਣ ਜਾਂ ਛੋਟੀਆਂ। ਇੱਥੇ ਯਿਸੂ ਨੇ ਚੁਣੌਤੀ ਭਰੀਆਂ ਤਿੰਨ ਮੁਸ਼ਕਿਲਾਂ ਦਾ ਚੇਤਾ ਕਰਵਾਇਆ, ਅਤੇ ਉਹ ਇਨ੍ਹਾਂ ਸਾਰੀਆਂ ਮੁਸ਼ਕਿਲਾਂ ਦਾ ਹੱਲ ਸੀ।

ਭੁੱਲ ਜਾਣ ਦੀ ਮੁਸ਼ਕਿਲ ਲਈ, ਉਸ ਨੇ ਆਖਿਆ, ''ਇਹਦੀ ਫ਼ਿਕਰ ਨਾ ਕਰੋ। ਯਾਦ ਰੱਖੋ ਕਿ ਮੈਂ ਇੱਥੇ ਹਾਂ।'' ਝੂਠੀ ਸਿੱਖਿਆ ਦੀ ਮੁਸ਼ਕਿਲ ਲਈ ਉਹਨੇ ਆਖਿਆ, ''ਝੂਠੀਆਂ ਸਿੱਖਿਆਵਾਂ ਤੋਂ ਖ਼ਬਰਦਾਰ ਰਹੋ ਅਤੇ ਮੇਰੀ ਗੱਲ ਸੁਣੋ।'' ਹਰ ਅਵਾਜ਼ ਨਾਲੋਂ ਵਧਕੇ ਮੇਰੀ ਅਵਾਜ਼ ਨੂੰ ਸੁਣੋ। ਵਫ਼ਾਦਾਰੀ ਦੀ ਮੁਸ਼ਕਿਲ ਲਈ, ਉਸ ਨੇ ਆਖਿਆ, ''ਵੇਖੋ ਕਿ ਮੈਂ ਕੌਣ ਹਾਂ। ਤੁਸੀਂ ਮੇਰੀ ਸ਼ਕਤੀ ਨੂੰ ਵੇਖਿਆ ਹੈ

ਅਤੇ ਤੁਹਾਨੂੰ ਪਤਾ ਹੈ ਕਿ ਮੈਂ ਕੀ ਕਰ ਸਕਦਾ ਹਾਂ। ਮੇਰੇ ਵਿਚ ਪੂਰਾ ਭਰੋਸਾ ਰੱਖੋ। ਜਦੋਂ ਮੈਂ ਤੁਹਾਡੇ ਨਾਲ ਹੁੰਦਾ ਹਾਂ, ਤਾਂ ਤੁਹਾਨੂੰ ਕਿਸੇ ਚੀਜ਼ ਦੀ ਫ਼ਿਕਰ ਕਰਨ ਦੀ ਕੋਈ ਲੋੜ ਨਹੀਂ।''

ਯਿਸੂ ਚਾਹੁੰਦਾ ਹੈ ਕਿ ਅਸੀਂ ਉਸ ਦੀ ਸ਼ਖ਼ਸ਼ੀਅਤ ਅਤੇ ਵਜੂਦ ਦੇ ਅਨੋਖੇ ਪਿਆਰ ਅਤੇ ਸ਼ਕਤੀ ਨੂੰ ਜਮ੍ਹਾ ਕਰ ਲਈਏ। ਬਾਈਬਲ ਵਿਚ ਜਿੱਥੇ ਵੀ ਅਸੀਂ ਉਹਦੀ ਸ਼ਕਤੀ ਅਤੇ ਉਹਦੇ ਪਿਆਰ ਬਾਰੇ ਪੜ੍ਹਦੇ ਹਾਂ ਜਾਂ ਉਨ੍ਹਾਂ ਤੇ ਵਿਚਾਰ ਕਰਦੇ ਹਾਂ ਤਾਂ ਸਾਡੇ ਮਨਾਂ ਵਿਚ ਅਤੇ ਦਿਮਾਗ ਵਿਚ ਉਹ ਬੈਠ ਜਾਂਦੇ ਹਨ। ਫਿਰ, ਜਦੋਂ ਸਾਨੂੰ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ, ਤਾਂ ਉਹ ਮੁਸ਼ਕਿਲਾਂ ਭਾਵੇਂ ਕਿਹੋ ਜਿਹੀਆਂ ਵੀ ਕਿਉਂ ਨਾ ਹੋਣ, ਉਹ ਚਾਹੁੰਦਾ ਹੈ ਕਿ ਅਸੀਂ ਉਸ ਉੱਤੇ ਭਰੋਸਾ ਰੱਖੀਏ। ਸਾਨੂੰ ਕਿਸੇ ਚੀਜ਼ ਦੀ ਫ਼ਿਕਰ ਨਹੀਂ ਕਰਨੀ ਚਾਹੀਦੀ, ਕਿਉਂ ਜੋ ਸਾਨੂੰ ਪਤਾ ਹੈ ਕਿ ਆਪਣੀ ਯੋਜਨਾ ਦੇ ਮੁਤਾਬਿਕ ਉਹ ਸਾਨੂੰ ਸਾਡੀਆਂ ਮੁਸ਼ਕਿਲਾਂ ਦੇ ਵਿੱਚੋਂ ਦੀ ਵੇਖਦਾ ਹੈ। ਜੇ ਅਸੀਂ ਸਹੀ ਢੰਗ ਨਾਲ ਯਿਸੂ ਵਿਚ ਭਰੋਸਾ ਰੱਖੀਏ ਤਾਂ ਸਾਡੇ ਮਾੜੇ ਤੋਂ ਮਾੜੇ ਅਤੇ ਚੰਗੇ ਤੋਂ ਚੰਗੇ ਸਮਿਆਂ ਵਿਚ ਉਹ ਸਾਡਾ ਸਭ ਕੁਝ ਹੋਵੇਗਾ।

### **ਯਿਸੂ ਦੀ ਸ਼ਕਤੀ ਵੱਲ ਵੇਖਣਾ** (8:22-26)

ਯਿਸੂ ਅਤੇ ਉਸ ਦੇ ਰਸੂਲ ਇਸ ਛੋਟੇ ਜਿਹੇ ਪਿੰਡ ਬੈਤਸੈਦਾ ਯੂਲੀਆਸ ਵਿਚ ਆਏ ਹਨ, ਜੋ ਕਿ ਗਲੀਲ ਦੀ ਝੀਲ ਦੇ ਉੱਤਰ ਵੱਲ ਸੀ। ਇਕ ਅੰਨ੍ਹੇ ਨੂੰ ਸੁਜਾਖਾ ਕੀਤੇ ਜਾਣ ਲਈ ਯਿਸੂ ਕੋਲ ਲਿਆਂਦਾ ਗਿਆ ਸੀ। ਉਹਦੇ ਨਾਲ ਆਏ ਲੋਕਾਂ ਨੇ ਯਿਸੂ ਨੇ ਬੇਨਤੀ ਕੀਤੀ ਕਿ ਉਹ ''ਉਸ ਨੂੰ ਛੋਹੇ।'' ਯਿਸੂ ਪਹਿਲਾਂ ਉਨ੍ਹਾਂ ਦੇ ਇਲਾਕੇ ਦੇ ਨੇੜੇ ਆਇਆ ਸੀ ਅਤੇ ਉਨ੍ਹਾਂ ਨੇ ਇਸ ਬਾਰੇ ਸੁਣਿਆ ਸੀ। ਇਸ ਅਰਥ ਵਿਚ, ਉਨ੍ਹਾਂ ਨੂੰ ਉਸ ਦੀ ਸ਼ਕਤੀ ਦਾ ਪਤਾ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜੇ ਯਿਸੂ ਉਸ ਨੂੰ ਛੂਹ ਹੀ ਦਏ ਤਾਂ ਇਸ ਆਦਮੀ ਦੀ ਨਜ਼ਰ ਮੁੜ ਆਵੇਗੀ।

ਇਕ ਅਰਥ ਵਿਚ, ਇਸ ਅੰਨ੍ਹੇ ਦੀ ਚੰਗਿਆਈ ਨੂੰ ਉਹਦੇ ਮੋਅਜਜ਼ਿਆਂ ਵਿੱਚੋਂ ਸਭ ਤੋਂ ਸ਼ਾਨਦਾਰ ਮੰਨਿਆ ਜਾਂਦਾ ਹੈ ਕਿਉਂ ਜੋ ਇਹ ਹੌਲੀ ਹੌਲੀ ਹੋਈ। ਯਿਸੂ ਨੇ ਇਸ ਚਮਤਕਾਰ ਨੂੰ ਥੋੜ੍ਹੇ ਜਿਹੇ ਤੋਂ ਲੈ ਕੇ ਪੂਰੇ ਤਕ ਲਿਜਾਂਦੇ ਹੋਏ ਦੋ ਚਰਣਾ ਵਿਚ ਕੀਤਾ। ਕੋਈ ਹੋਰ ਚਮਤਕਾਰ ਇਸ ਤਰ੍ਹਾਂ ਨਾਲ ਨਹੀਂ ਹੋਇਆ।

ਯਿਸੂ ਨੇ ਇਸ ਮੋਅਜਜ਼ੇ ਨੂੰ ਇਵੇਂ ਕਿਉਂ ਕੀਤਾ? ਉਹ ਇਸ ਆਦਮੀ ਦੇ ਅੰਨ੍ਹੇਪਣ ਨੂੰ ਇੱਕੋ ਸ਼ਬਦ ਨਾਲ ਠੀਕ ਕਰ ਸਕਦਾ ਸੀ; ਪਰ ਇਸ ਮੌਕੇ ਤੇ ਉਸ ਨੇ ਇਸ ਨੂੰ ਇਕ ਦੀ ਬਜਾਇ ਦੋ ਚਰਣਾਂ ਵਿਚ ਕਰਨਾ ਚੁਣਿਆ। ਇਸ ਆਦਮੀ ਨੂੰ ਉਸ ਵੱਲੋਂ ਚੰਗਾ ਕਰਨ ਦੇ ਫ਼ਰਕ ਹੋਣ ਦਾ ਕਾਰਣ ਬਾਈਬਲ ਵਿਚ ਨਹੀਂ ਦਿੱਤਾ ਗਿਆ। ਫਿਰ ਵੀ ਯਿਸੂ ਦੇ ਇਲਾਹੀ ਕੰਮ ਨੇ ਇਸ ਅੰਨ੍ਹੇ ਨੂੰ ਪੂਰੀ ਤਰ੍ਹਾਂ ਨਾਲ ਸੁਜਾਖਾ ਕੀਤਾ। ਯਿਸੂ ਦੀ ਇਹ ਤਸਵੀਰ ਸਾਨੂੰ ਉਸ ਦੇ ਚਰਿੱਤਰ ਦੀ ਤਸਦੀਕ ਕਰਦੇ ਹੋਏ ਅਤੇ ਇਸ ਵਿਚ ਨਵੇਂ ਪਹਿਲੂਆਂ ਨੂੰ ਵਿਖਾਉਂਦੇ ਹੋਏ ਉਸ ਨੂੰ ਉਸ ਨਾਲੋਂ ਜੋ ਅਸਾਂ ਪਹਿਲਾਂ ਵੇਖਿਆ ਸੀ ਫ਼ਰਕ ਢੰਗ ਨਾਲ ਵਿਖਾਉਂਦੀ ਹੈ।

ਮਰਕੁਸ ਇਸ ਘਟਨਾ ਨੂੰ ਦੱਸਦੇ ਹੋਏ ਅਜੇ ਵੀ ਯਹੋਵਾਹ ਦੇ ਸੇਵਕ ਯਿਸੂ ਦੀ ਭਰੋਸੇਯੋਗਤਾ ਅਤੇ ਸ਼ਕਤੀ ਨੂੰ ਵਿਖਾ ਰਿਹਾ ਸੀ। ਰੋਮੀ ਸੋਚ ਨੂੰ ਧਿਆਨ ਵਿਚ ਰੱਖਦਿਆਂ, ਸ਼ਾਇਦ ਉਹ ਇਸ ਘਟਨਾ ਵਿਚ ਯਿਸੂ ਦੀ ਸ਼ਕਤੀ ਦਾ ਇਕ ਹੋਰ ਵਿਚਾਰ ਵਿਖਾਉਣਾ ਚਾਹ ਰਿਹਾ ਸੀ। ਯਿਸੂ ਵਿਚ ਕਿਹੋ ਜਿਹੀ ਸ਼ਕਤੀ ਹੈ?

1. ਇਸ ਅੰਨ੍ਹੇ ਨੂੰ ਯਿਸੂ ਵੱਲੋਂ ਦਿੱਤੀ ਗਈ ਚੰਗਿਆਈ ਪਾਠਕ ਨੂੰ ਇਹ ਸੰਦੇਸ਼ ਦਿੰਦੀ ਹੈ ਕਿ ਜਿਹੜੀ ਸ਼ਕਤੀ ਉਸ ਵਿਚ ਵਿਖਾਈ ਗਈ ਉਹ *ਨਿੱਜੀ ਸ਼ਕਤੀ* ਸੀ। ਭਾਵ ਯਿਸੂ ਹੀ ਸ਼ਕਤੀ ਹੈ। ਉਸ ਨੂੰ ਕਿਤਿਉਂ ਹੋਰ ਸ਼ਕਤੀ ਲੈਣ ਦੀ ਲੋੜ ਨਹੀਂ ਹੈ ਕਿਉਂ ਜੋ ਉਹ ਆਪ ਸ਼ਕਤੀ ਹੈ। ਉਹ ਖ਼ੁਦਾਈ ਵਿੱਚੋਂ ਦੂਜਾ ਭਾਵ ਸਰਵਸ਼ਕਤੀਮਾਨ ਮਸੀਹ ਹੈ। ਉਸ ਦੀ ਸ਼ਕਤੀ ਅੰਦਰੂਨੀ ਹੈ। ਉਹ ਬੋਲਦਾ ਹੈ ਤਾਂ ਜ਼ਿੰਦਗੀ ਸ਼ੁਰੂ ਹੋ ਜਾਂਦੀ ਹੈ, ਤਾਰੇ ਚਮਕਣ ਲਗ ਪੈਂਦੇ ਹਨ ਅਤੇ ਫੁੱਲ ਖਿੜਨ ਲਗ ਪੈਂਦੇ ਹਨ। ਉਸ

ਦੇ ਸ਼ਬਦਾਂ ਨਾਲ ਉਸ ਦੀ ਸ਼ਕਤੀ ਚਲਦੀ ਹੈ।

ਜਿਸ ਸ਼ਕਤੀ ਨੂੰ ਯਿਸੂ ਵਿਖਾ ਰਿਹਾ ਸੀ, ਉਸ ਦਾ ਉਸ ਵੱਲੋਂ ਵਰਤੀ ਜਾਣ ਵਾਲੀ ਕਾਰਜਪ੍ਰਣਾਲੀ ਨਾਲ ਕੋਈ ਵਾਸਤਾ ਨਹੀਂ ਸੀ। ਸਰਵਸ਼ਕਤੀਮਾਨ ਸ਼ਕਤੀ ਹੋਣ ਕਰਕੇ ਯਿਸੂ ਜਿਵੇਂ ਚਾਹੁੰਦਾ ਮੋਅਜਜ਼ਾ ਕਰ ਸਕਦਾ ਸੀ।

ਅਸੀਂ ਇਹ ਆਖ ਸਕਦੇ ਹਾਂ ਕਿ ਇਹ ਐਲਾਨ ਕਰਨ ਲਈ ਕਿ ਉਹ ਆਪ ਸ਼ਕਤੀ ਹੈ ਉਹਨੇ ਇਸ ਅਨੋਖੇ ਢੰਗ ਨਾਲ ਚਮਤਕਾਰ ਕੀਤਾ। ਉਸ ਨੂੰ ਕਿਸੇ ਨਿਰਧਾਰਿਤ ਢੰਗ ਨਾਲ ਚਮਤਕਾਰ ਕਰਨ ਦੀ ਲੋੜ ਨਹੀਂ ਸੀ। ਹਰ ਮਾਮਲੇ ਵਿਚ ਚੰਗਿਆਈ ਯਿਸੂ ਦੀ ਛੋਹ ਨਾਲ ਹੀ ਮਿਲੀ। ਯਿਸੂ ਨੂੰ ਛੱਡ ਹੋਰ ਕਿਸੇ ਨੇ ਕਦੇ ਇਸ ਤਰ੍ਹਾਂ ਦੀ ਸ਼ਕਤੀ ਨਹੀਂ ਵਿਖਾਈ। ਖ਼ੁਦਾਈ ਦੇ ਤਿੰਨਾਂ ਵਿਚ ਇਕ ਹੋਣ ਦੇ ਰੂਪ ਵਿਚ, ਉਸ ਵਿਚ ਸਾਰੀ ਸ਼ਕਤੀ ਹੈ।

2. ਇਸ ਘਟਨਾ ਨਾਲ ਯਿਸੂ ਦੀ ਸਾਰੀ ਸ਼ਕਤੀ ਨੂੰ *ਨਰਮਾਈ ਦੀ ਸ਼ਕਤੀ* ਦੇ ਰੂਪ ਵਿਚ ਵਿਖਾਇਆ ਗਿਆ। ਬਿਜਲੀ ਡਿੱਗਣ ਨਾਲ ਦਰੱਖ਼ਤ ਪਾਟ ਸਕਦਾ ਹੈ, ਤੂਫ਼ਾਨ ਦੀ ਧਮਕ ਨਾਲ ਮਕਾਨ ਡਿੱਗ ਸਕਦੇ ਹਨ। ਪਰ ਯਿਸੂ ਦੀ ਸ਼ਕਤੀ ਵਿਚ ਉਸ ਦੀ ਸ਼ਖ਼ਸੀਅਤ ਅਤੇ ਕਿਰਪਾ ਦੀ ਨਰਮਾਈ ਅਤੇ ਤਰਸ ਨੂੰ ਵਿਖਾਇਆ ਗਿਆ। ਜਿਨ੍ਹਾਂ ਨੂੰ ਮੁਕਤੀ ਦੀ ਉਸ ਦੀ ਸ਼ਕਤੀ ਮਿਲੀ ਹੈ ਉਹ ਪੌਲੁਸ ਦੇ ਸ਼ਬਦਾਂ ਨੂੰ ਉਧਾਰ ਲੈ ਕੇ ਕਹਿ ਸਕਦੇ ਹਨ, ''ਪਰ ਉਹਦੀ ਕਿਰਪਾ ਤੁਹਾਡੇ ਵਿਚ ਅਜੇਹੀ ਅਸੀਲ ਸੀ ਜਿਹੀ ਮਾਤਾ ਜੋ ਆਪਣੇ ਬੱਚਿਆਂ ਨੂੰ ਪਾਲਦੀ ਹੈ'' (1 ਥੱਸਲੁਨੀਕੀਆਂ 2:7)।

ਅਸੀਂ ਇਹ ਗੌਰ ਕੀਤੇ ਬਗੈਰ ਨਹੀਂ ਰਹਿ ਸਕਦੇ ਕਿ ਯਿਸੂ ਨੇ ਇਸ ਆਦਮੀ ਵੱਲ ਉਚੇਚਾ ਧਿਆਨ ਦਿੱਤਾ। ਮਰਕੁਸ 8:23 ਆਖਦਾ ਹੈ, ''ਉਹ ਉਸ ਅੰਨ੍ਹੇ ਦਾ ਹੱਥ ਫੜ੍ਹ ਕੇ ਉਸ ਨੂੰ ਪਿੰਡੋਂ ਬਾਹਰ ਲੈ ਗਿਆ।'' ਹੋ ਸਕਦਾ ਹੈ ਕਿ ਯਿਸੂ ਇਸ ਘਟਨਾ ਨਾਲ ਲੋਕਾਂ ਵਿਚ ਉਤੇਜਨਾ ਨਾ ਵਧਾਉਣਾ ਚਾਹੁੰਦਾ ਹੋਵੇ, ਜਿਸ ਕਰਕੇ ਉਹਨੇ ਇਹ ਮੋਅਜਜ਼ਾ ਇਕਾਂਤ ਵਿਚ ਕਰਨਾ ਚਾਹਿਆ। ਉਸ ਆਦਮੀ ਦੀਆਂ ਲੋੜਾਂ ਵਿੱਚੋਂ ਕੁਝ ਅਜਿਹਾ ਹੋਵੇਗਾ ਜਿਸ ਕਰਕੇ ਯਿਸੂ ਨੂੰ ਉਸ ਨੂੰ ਚੰਗਿਆਈ ਦੇਣ ਲਈ ਇਕ ਪਾਸੇ ਲਿਜਾਣਾ ਪਿਆ। ਹੋ ਸਕਦਾ ਹੈ ਕਿ ਉਹ ਆਦਮੀ ਵਿਸ਼ਵਾਸੀ ਨਾ ਹੋਵੇ, ਅਤੇ ਉਹਨੂੰ ਇਹ ਪਤਾ ਨਾ ਹੋਵੇ ਕਿ ਯਿਸੂ ਉਹਦੇ ਨਾਲ ਕੀ ਕਰਨ ਵਾਲਾ ਹੈ। ਯਿਸੂ ਨੇ ਉਹਨੂੰ ਛੂਹ ਕੇ ਅਤੇ ਉਹਦੀਆਂ ਅੱਖਾਂ ਵਿਚ ਨਮੀ ਪਾ ਕੇ ਉਹਨੂੰ ਸੰਕੇਤ ਦਿੱਤਾ ਕਿ ਉਹ ਕੀ ਕਰਨ ਵਾਲਾ ਹੈ।

3. ਇਸ ਘਟਨਾ ਵਿਚ, ਯਿਸੂ ਨੇ *ਇਖ਼ਤਿਆਰ ਵਾਲੀ ਸਕਤੀ* ਨੂੰ ਵਿਖਾਇਆ। ਜਿਸ ਸ਼ਕਤੀ ਨੂੰ ਅਸੀਂ ਵੇਖਦੇ ਹਾਂ ਉਹ ਯਿਸੂ ਦੇ ਮਤਹਿਤ ਸੀ। ਇਹ ਉਹਦੇ ਹੁਕਮਾਂ ਅਤੇ ਹਦਾਇਤਾਂ ਨਾਲ ਚਲਦੀ ਸੀ। ਉਹਨੇ ਇਸ ਨੂੰ ਜਿਵੇਂ ਚਾਹਿਆ ਉਵੇਂ ਵਿਖਾਇਆ ਅਤੇ ਜਦੋਂ ਚਾਹਿਆ ਉਦੋਂ ਦਿੱਤਾ।

ਮਰਕੁਸ ਨੇ ਯਿਸੂ ਦੇ ਇਸ ਆਦਮੀ ਦੀ ਚੰਗਿਆਈ ਦੇ ਕੰਮ ਬਾਰੇ ਦੱਸਦਿਆਂ ਵਿਸਤਾਰ ਨਾਲ ਉਹਦੇ ਢੰਗ ਨੂੰ ਦੱਸਿਆ। (ਜੋ ਕਿ ਖ਼ਾਸ ਤੌਰ ਤੇ ਓਸ ਲੇਖਣੀ ਵਿਚ ਹੈ।) ਪਹਿਲਾ ਚਰਣ ਇਵੇਂ ਹੋਇਆ: ''ਅਰ ਉਸ ਦੀਆਂ ਅੱਖਾਂ ਵਿੱਚ ਥੁੱਕ ਕੇ ਉਸ ਉੱਤੇ ਹੱਥ ਰੱਖੇ ਅਤੇ ਉਸ ਨੂੰ ਪੁੱਛਿਆ, ਤੈਨੂੰ ਕੁਝ ਦਿੱਸਦਾ ਹੈ? ਉਸ ਨੇ ਨਜ਼ਰ ਪੱਟ ਕੇ ਵੇਖਿਆ ਅਤੇ ਕਿਹਾ, ਮੈਂ ਮਨੁੱਖਾਂ ਨੂੰ ਵੇਖਦਾ ਹਾਂ ਪਰ ਓਹ ਤੁਰਦੇ ਫਿਰਦੇ ਮੈਨੂੰ ਰੁੱਖਾਂ ਵਾਂਙੁ ਦਿੱਸਦੇ ਹਨ'' (8:23, 24)।

ਯਿਸੂ ਨੇ ਉਸ ਆਦਮੀ ਦੀਆਂ ਅੱਖਾਂ ਤੇ ਥੁੱਕ ਦੀ ਨਮੀ ਪਾਈ, ਜੋ ਸ਼ਾਇਦ ਉਸ ਨੂੰ ਉਨ੍ਹਾਂ ਨਾਲ ਵੇਖਣ ਨੂੰ ਕਹਿਣ ਤੋਂ ਪਹਿਲਾਂ ਅਰਾਮ ਅਤੇ ਹਲਕਾ ਮਹਿਸੂਸ ਕਰਵਾਉਣ ਲਈ ਸੀ। ਇਸ ਕੰਮ ਦਾ ਚੰਗਿਆਈ ਨਾਲ ਕੋਈ ਸਬੰਧ ਨਹੀਂ ਸੀ। ਉਸ ਦੀਆਂ ਅੱਖਾਂ ਤੇ ਲਾਈ ਗਈ ਨਮੀ ਨਾਲ ਉਸ ਨੂੰ ਇਹ ਸਮਝਣ ਵਿਚ ਮਦਦ ਮਿਲੀ ਹੋਵੇਗੀ ਕਿ ਯਿਸੂ ਉਹਦੀਆਂ ਅੱਖਾਂ ਦਾ ਕੁਝ ਕਰਨ ਵਾਲਾ ਹੈ। ਇਸ ਆਦਮੀ ਨੂੰ ਉਸ ਪਲ ਲਈ ਤਿਆਰ ਕਰਦਿਆਂ ਜਦੋਂ ਉਹਨੇ ਸੁਭਾਵਕ ਤੌਰ ਤੇ ਵੇਖਣ ਲਗ ਪੈਣਾ ਸੀ, ਯਿਸੂ ਉਹਦੇ ਨਾਲ ਨਰਮਾਈ ਨਾਲ ਪੇਸ਼ ਆ ਰਿਹਾ ਸੀ।

ਇਸ ਤੋਂ ਬਾਅਦ ਬੇਸ਼ੱਕ ਉਹਨੇ ਇਕ ਪਲ ਲਈ ਨਰਮਾਈ ਨਾਲ ਉਸ ਆਦਮੀ ਦੀਆਂ ਅੱਖਾਂ ਤੇ ਹੱਥ ਰੱਖੇ। ਯਿਸੂ ਉਸ ਆਦਮੀ ਦੀਆਂ ਅੱਖਾਂ ਤੋਂ ਹੱਥ ਚੁੱਕਦੇ ਹੋਏ ਪੁੱਛਣ ਲੱਗਾ, ''ਤੈਨੂੰ ਕੁਝ ਦਿੱਸਦਾ ਹੈ?'' ਇਹ ਉਸ ਵੱਡੇ ਵੈਦ ਦੇ ਕੰਮ ਕਰਨ ਦੀ ਝਲਕ ਹੈ। ਉਹ ਕਿੰਨਾ ਨਰਮ ਅਤੇ ਰਹਿਮ ਦਿਲ ਸੀ! ਉਸ ਆਦਮੀ ਨੇ ਬਹੁਤ ਦੁੱਖ ਝੱਲ ਲਿਆ ਸੀ ਅਤੇ ਵੱਡੇ ਚੰਗਿਆਈ ਦੇਣ ਵਾਲੇ ਦੇ ਹੱਥੋਂ ਇਹ ਦੁੱਖ ਦੂਰ ਹੋ ਜਾਣਾ ਸੀ।

ਜਦ ਯਿਸੂ ਨੇ ਉਹਦੀਆਂ ਅੱਖਾਂ ਖੋਲ੍ਹ ਦਿੱਤੀਆਂ ਤਾਂ ਉਸ ਆਦਮੀ ਨੂੰ ਸਾਫ਼-ਸਾਫ਼ ਨਜ਼ਰ ਨਹੀਂ ਆਇਆ। ਉਸ ਨੇ ਯਿਸੂ ਨੂੰ ਦੱਸਿਆ, ''ਮੈਂ ਮਨੁੱਖਾਂ ਨੂੰ ਵੇਖਦਾ ਹਾਂ ਪਰ ਓਹ ਤੁਰਦੇ ਫਿਰਦੇ ਮੈਨੂੰ ਰੁੱਖਾਂ ਵਾਂਙੁ ਦਿੱਸਦੇ ਹਨ'' (8:24)। ਸਾਫ਼ ਹੈ ਕਿ ਇਹ ਆਦਮੀ ਜਮਾਂਦਰੂ ਅੰਨ੍ਹਾ ਨਹੀਂ ਸੀ ਬਲਕਿ ਬੀਤੇ ਵਿਚ ਕਿਸੇ ਸਮੇਂ ਉਹਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਸੀ। ਨਜ਼ਰ ਗੁਆਉਣ ਤੋਂ ਪਹਿਲਾਂ ਉਹਨੇ ਆਦਮੀਆਂ ਅਤੇ ਦਰੱਖ਼ਤਾਂ ਨੂੰ ਵੇਖਿਆ ਹੋਇਆ ਸੀ। ਉਹਨੂੰ ਪਤਾ ਸੀ ਕਿ ਉਹ ਕੀ ਵੇਖ ਰਿਹਾ ਹੈ। ਪਰ ਉਹਨੂੰ ਸਾਫ਼-ਸਾਫ਼ ਨਜ਼ਰ ਨਹੀਂ ਆ ਰਿਹਾ ਸੀ। ਹੋ ਸਕਦਾ ਹੈ ਯਿਸੂ ਚਾਹੁੰਦਾ ਹੋਵੇ ਕਿ ਪਹਿਲਾਂ ਉਹਨੂੰ ਥੋੜ੍ਹਾ ਥੋੜ੍ਹਾ ਨਜ਼ਰ ਆਵੇ ਤਾਂ ਜੋ ਉਹਨੂੰ ਪਤਾ ਲਗ ਸਕੇ ਕਿ ਯਿਸੂ ਆਪਣੀ ਸ਼ਕਤੀ ਨਾਲ ਲੋਕਾਂ ਨੂੰ ਪੂਰੀ ਤਰ੍ਹਾਂ ਨਾਲ, ਸਹੀ ਢੰਗ ਨਾਲ ਅਤੇ ਸਾਫ਼-ਸਾਫ਼ ਵਿਖਾ ਸਕਦਾ ਹੈ।

ਯਿਸੂ ਨੇ ਇਸ ਆਦਮੀ ਨਾਲ ਇਹਦੇ ਬਾਅਦ ਜੋ ਕੁਝ ਕੀਤਾ, ਉਸ ਨੇ ਉਸ ਆਦਮੀ ਨੂੰ ਉਹਦੀ ਚੰਗਿਆਈ ਦੇ ਆਖ਼ਰੀ ਚਰਣ ਵਿਚ ਲੈ ਆਂਦਾ। ਮਰਕੁਸ 8:25 ਦੱਸਦਾ ਹੈ, ''ਤਦ ਉਹ ਨੇ ਫੇਰ ਉਸ ਦੀਆਂ ਅੱਖਾਂ ਉੱਤੇ ਹੱਥ ਰੱਖੇ ਅਰ ਉਸ ਨੇ ਨਜ਼ਰ ਟਿਕਾ ਕੇ ਵੇਖਿਆ ਤਾਂ ਉਹ ਸੁਜਾਖਾ ਹੋਕੇ ਸਭ ਕੁਝ ਸਾਫ਼-ਸਾਫ਼ ਵੇਖਣ ਲੱਗਾ।'' ਇਸ ਚਰਣ ਨਾਲ ਉਹਦੀ ਨਜ਼ਰ ਪੂਰੀ ਤਰ੍ਹਾਂ ਨਾਲ ਠੀਕ ਹੋ ਗਈ।

ਦੋ ਚਰਣਾਂ ਦੀ ਵਰਤੋਂ ਕਰਕੇ ਯਿਸੂ ਹੋਰ ਗੱਲਾਂ ਦੇ ਨਾਲ-ਨਾਲ ਇਕ ਅਹਿਮ ਗੱਲ ਸਾਬਿਤ ਕਰ ਰਿਹਾ ਸੀ। ਉਹ ਇਸ ਗੱਲ ਤੇ ਜ਼ੋਰ ਦੇ ਰਿਹਾ ਸੀ ਕਿ ਉਹਦੇ ਚਮਤਕਾਰ ਅੱਧੇ ਅਧੂਰੇ ਨਹੀਂ ਬਲਕਿ ਮੁਕੱਮਲ ਇਲਾਜ ਹਨ। ਉਸ ਨੇ ਇਸ ਆਦਮੀ ਦੀ ਨਜ਼ਰ ਥੋੜ੍ਹੀ ਮੋੜੀ; ਪਰ ਉੱਥੇ ਥੋੜ੍ਹਾ ਰੁਕਣ ਤੋਂ ਬਾਅਦ, ਸਾਫ਼ ਹੈ ਕਿ ਉਹਨੇ ਉਸ ਆਦਮੀ ਦੀ ਨਜ਼ਰ ਪੂਰੀ ਮੋੜ ਦਿੱਤੀ।

ਯਿਸੂ ਉਸ ਆਦਮੀ ਨੂੰ ਲੋਕਾਂ ਕੋਲ ਵਾਪਸ ਨਹੀਂ ਲਿਆਇਆ। ਬੇਸ਼ੱਕ ਬਾਅਦ ਵਿਚ ਉਹਨੇ ਸ਼ਹਿਰ ਵਿਚ ਜਾ ਕੇ ਜੋ ਕੁਝ ਹੋਇਆ ਸੀ ਉਹਦੇ ਲਈ ਆਪਣੇ ਮਿੱਤਰਾਂ ਅਤੇ ਦੂਜੇ ਲੋਕਾਂ ਨਾਲ ਅਨੰਦ ਮਨਾਇਆ।

*ਨਿਚੋੜ:* ਅਸੀਂ ਪੱਕਾ ਨਹੀਂ ਕਹਿ ਸਕਦੇ ਕਿ ਯਿਸੂ ਨੇ ਉਹ ਮੋਅਜਜ਼ਾ ਇਵੇਂ ਕਿਉਂ ਕੀਤਾ, ਪਰ ਇਸ ਘਟਨਾ ਤੋਂ ਅਸੀਂ ਕੁਝ ਵਿਚਾਰ ਕੱਢ ਸਕਦੇ ਹਾਂ। ਯਿਸੂ ਨੇ ਧੁੰਦਲੀ ਨਜ਼ਰ ਨੂੰ ਸਾਫ਼ ਨਜ਼ਰ ਵਿਚ ਬਦਲ ਦਿੱਤਾ। ਉਹਦੇ ਮੋਅਜਜ਼ਿਆਂ ਵਿਚ ਤਿੰਨ ਗੱਲਾਂ ਹਮੇਸ਼ਾ ਹੁੰਦੀਆਂ ਸਨ: ਤਰਸ, ਭਰੋਸੇਯੋਗਤਾ ਅਤੇ ਸੰਪੂਰਣਤਾ।

ਯਿਸੂ ਕਿਹੋ ਜਿਹਾ ਮੁਕਤੀਦਾਤਾ ਹੈ? ਉਹ ਨਕਲੀ ਨਹੀਂ ਬਲਕਿ ਅਸਲੀ ਅਤੇ ਵਫ਼ਾਦਾਰ ਮੁਕਤੀਦਾਤਾ ਹੈ। ਉਹ ਰਹਿਮਦਿਲ, ਤਰਸ ਕਰਨ ਵਾਲਾ ਅਤੇ ਪ੍ਰੇਮ ਕਰਨ ਵਾਲਾ ਹੈ। ਉਹਦੀ ਦਿਲਚਸਪੀ ਭੀੜ ਵਿਚ ਹੈ, ਪਰ ਉਹਦੀ ਦਿਲਚਸਪੀ ਨਿੱਜੀ ਵਿਅਕਤੀ ਵਿਚ ਵੀ ਹੈ। ਉਹ ਸਾਡੇ ਵਿੱਚੋਂ ਹਰ ਕਿਸੇ ਨੂੰ ਇਕ ਪਾਸੇ ਲਿਜਾ ਕੇ ਸਾਨੂੰ ਆਪਣੀ ਸ਼ਖ਼ਸੀਅਤ ਨੂੰ ਵਿਖਾਉਂਦਾ ਹੈ। ਉਹ ਅਜਿਹਾ ਮੁਕਤੀਦਾਤਾ ਹੈ ਜਿਹੜਾ ਪਾਪ ਦੀ ਸਾਡੀ ਹਾਲਤ ਦਾ ਇਲਾਜ ਕਰਕੇ ਸਾਨੂੰ ਤੰਦਰੁਸਤ ਕਰ ਦਵੇਗਾ। ਉਹ ਅਧੂਰਾ ਮੁਕਤੀਦਾਤਾ ਨਹੀਂ ਹੈ, ਨਾ ਹੀ ਉਹ ਸਾਨੂੰ ਥੋੜ੍ਹਾ ਥੋੜ੍ਹਾ ਬਚਾਉਂਦਾ ਹੈ। ਉਸ ਦਾ ਧਰਮੀ ਠਹਿਰਾਉਣਾ ਮੁਕੱਮਲ ਅਤੇ ਪੂਰਾ ਹੈ।

ਇਸ ਸਰਵਸ਼ਕਤੀਮਾਨ ਮੁਕਤੀਦਾਤੇ ਦੀ ਸ਼ਕਤੀ, ਜਿਹਨੂੰ ਵੀ ਇਹਦੀ ਲੋੜ ਹੋਵੇ, ਹਰ ਕਿਸੇ ਲਈ ਉਪਲਬਧ ਹੈ। ਉਹ ਸਾਡੇ ਲਈ ਮੋਅਜਜ਼ੇ ਕਰਨ ਦਾ ਵਾਅਦਾ ਨਹੀਂ ਕਰਦਾ, ਪਰ ਉਹ ਵਾਅਦਾ

ਕਰਦਾ ਹੈ ਕਿ ਉਹ ਸਾਡੇ ਨਾਲ ਰਹੇਗਾ (ਮੱਤੀ 28: 19, 20)। ਯਿਸੂ ਆਪਣੀ ਸ਼ਕਤੀ ਨਾਲ ਸਾਨੂੰ ਘੇਰੀ ਰੱਖਦਾ ਹੈ ਅਤੇ ਇਸ ਨੂੰ ਉਹ ਜਿਵੇਂ ਉਹਨੂੰ ਸਹੀ ਲੱਗੇ, ਉਵੇਂ ਸਾਡੇ ਅੰਦਰ ਅਤੇ ਸਾਡੇ ਰਾਹੀਂ ਵਫ਼ਾਦਾਰੀ ਨਾਲ ਵਿਖਾਵੇਗਾ।

ਯਿਸੂ ਸਾਡੇ ਵਿੱਚੋਂ ਹਰ ਇਕ ਦੀ ਉਡੀਕ ਕਰਦਾ ਹੈ ਕਿ ਅਸੀਂ ਉਹਦੇ ਕੋਲ ਆਈਏ, ਉਹਦੇ ਪਿਆਰ ਨੂੰ ਅਤੇ ਚੰਗਿਆਈ ਦੇਣ ਵਾਲੇ ਉਹਦੇ ਹੱਥ ਦੀ ਛੋਹ ਨੂੰ ਮੰਨ ਕੇ ਉਹਦੀ ਵੱਡੀ ਸ਼ਕਤੀ ਨਾਲ ਬਚਾਏ ਜਾਈਏ।

**ਭਵਿੱਖ ਲਈ ਤਿਆਰੀ ਕਰਨਾ** (8: 27-30)

ਯਿਸੂ ਆਪਣੇ ਰਸੂਲਾਂ ਨਾਲ ਫ਼ਲਸਤੀਨ ਦੇਸ਼ ਦੀ ਉੱਤਰੀ ਹੱਦ ਵਾਲੇ ਇਲਾਕੇ ਕੈਸਰੀਆ ਫ਼ਿਲਿੱਪੀ ਵਿਚ ਆਇਆ ਸੀ। ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਉਹਨੇ ਧਰਤੀ ਉਤਲੀ ਆਪਣੀ ਸੇਵਕਾਈ ਦੇ ਆਖ਼ਰੀ ਹਿੱਸੇ ਦੀ ਸ਼ੁਰੂਆਤ ਕੀਤੀ। ਉਹ ਆਪਣੀ ਮੌਤ ਅਤੇ ਪਿਤਾ ਕੋਲ ਆਪਣੇ ਉੱਪਰ ਉਠਾਏ ਜਾਣ ਲਈ ਜ਼ਰੂਰੀ ਇੰਤਜ਼ਾਮ ਕਰ ਰਿਹਾ ਸੀ।

ਯਿਸੂ ਦੇ ਚੇਲਿਆਂ ਦੇ ਤੌਰ ਤੇ, ਸਾਡਾ ਭਵਿੱਖ ਕੁਝ ਕੁਝ ਉਹਦੇ ਭਵਿੱਖ ਵਰਗਾ ਹੋਵੇਗਾ। ਇਸ ਕਰਕੇ ਸਾਨੂੰ ਵੀ ਭਵਿੱਖ ਲਈ ਰੂਹਾਨੀ ਤੌਰ ਤੇ ਤਿਆਰੀ ਕਰਨੀ ਜ਼ਰੂਰੀ ਹੈ।

1. ਮੱਤੀ ਅਤੇ ਲੂਕਾ ਦੇ ਸਮਾਨਾਂਤਰ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਯਿਸੂ ਨੇ ਆਪਣੀ ਤਿਆਰੀ *ਸ਼ਿਫਾਰਿਸ਼ ਕਰਨ ਵਿਚ ਵਫ਼ਾਦਾਰ* ਹੋ ਕੇ ਕੀਤੀ (ਵੇਖੋ ਮੱਤੀ 16: 13–20; ਲੂਕਾ 9: 18–21)। ''ਸਿਫ਼ਾਰਿਸ਼'' ਖ਼ੁਦਾ ਅੱਗੇ ਬੇਨਤੀ ਕੀਤੇ ਜਾਣ ਦਾ ਕੰਮ ਹੈ। ਇਹਦਾ ਕੋਈ ਬਦਲ ਨਹੀਂ ਹੋ ਸਕਦਾ।

ਲੂਕਾ ਨੇ ਆਪਣੇ ਪਾਠਕਾਂ ਲਈ ਨਾਲ ਇਕ ਟੱਪਣੀ ਜੋੜ ਦਿੱਤੀ ਜਿਸ ਵਿਚ ਉਹਨੇ ਯਿਸੂ ਅਤੇ ਉਹਦੇ ਰਸੂਲਾਂ ਵਿਚਕਾਰ ਹੋਣ ਵਾਲੀ ਗੱਲਬਾਤ ਦਾ ਪਿਛੋਕੜ ਦੱਸਿਆ। ਉਹਨੇ ਲਿਖਿਆ, ''ਫੇਰ ਅਜਿਹਾ ਹੋਇਆ ਕਿ ਜਾਂ ਉਹ ਨਿਰਾਲੇ ਵਿਚ ਪ੍ਰਾਰਥਨਾ ਕਰਦਾ ਸੀ ਤਾਂ ਚੇਲੇ ਉਹਦੇ ਨਾਲ ਸਭ ਅਰ ਉਸ ਨੇ ਇਹ ਕਹਿ ਕੇ ਉਨ੍ਹਾਂ ਨੂੰ ਪੁੱਛਿਆ ਭਈ ਲੋਕ ਕੀ ਕਹਿੰਦੇ ਹਨ ਜੋ ਮੈਨੂੰ ਕੌਣ ਹਾਂ?'' (ਲੂਕਾ 9: 18)। ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਉਹ ਅੱਗੇ ਵਧਦੇ ਵਧਦੇ ਰੁਕ ਗਏ; ਅਤੇ ਸ਼ਾਇਦ ਉਨ੍ਹਾਂ ਦੇ ਸੁਸਤਾਉਣ ਦੌਰਾਨ ਯਿਸੂ ਰਸੂਲਾਂ ਤੋਂ ਦੂਰ ਜਾ ਕੇ ਉਹਦੇ ਲਈ ਜੋ ਉਹਨੇ ਕਰਨਾ ਸੀ, ਦੁਆ ਕਰਨ ਲੱਗਾ।

ਸਾਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਇਹੋ ਜਿਹੇ ਸਮਿਆਂ ਤੇ ਉਹ ਦੁਆ ਕਰਦਾ ਹੁੰਦਾ ਸੀ। ਬਪਤਿਸਮਾ ਲੈ ਕੇ ਪਾਣੀ ਵਿੱਚੋਂ ਬਾਹਰ ਆਉਣ ਵੇਲੇ ਯਿਸੂ ਦੁਆ ਕਰ ਰਿਹਾ ਸੀ ਅਤੇ ਰਸੂਲਾਂ ਨੂੰ ਸੁਣਨ ਤੋਂ ਪਹਿਲਾਂ ਉਹਨੇ ਪੂਰੀ ਰਾਤ ਦੁਆ ਵਿਚ ਬਿਤਾਈ ਸੀ (ਲੂਕਾ 3: 21; 6: 21)। ਪੰਜ ਹਜ਼ਾਰ ਆਦਮੀਆਂ (ਔਰਤਾਂ ਅਤੇ ਬੱਚਿਆਂ ਤੋਂ ਅਲਹਿਦਾ) ਨੂੰ ਖੁਆਉਣ ਤੋਂ ਬਾਅਦ ਲੋਕਾਂ ਨੂੰ ਅਤੇ ਰਸੂਲਾਂ ਨੂੰ ਘੱਲ ਕੇ ਯਿਸੂ ''ਆਪ ਪ੍ਰਾਰਥਨਾ ਕਰਨ ਲਈ ਪਹਾੜ ਉੱਤੇ ਚਲਿਆ ਗਿਆ'' (ਮਰਕੁਸ 6: 46)।

ਕਿਹਾ ਗਿਆ ਹੈ ਕਿ ''ਦੁਖਾਂਤ ਇਹ ਨਹੀਂ ਹੈ ਕਿ ਅਸੀਂ ਦੁਆ ਨਹੀਂ ਕਰਦੇ। ਦੁਖਾਂਤ ਇਹ ਹੈ ਕਿ ਅਸੀਂ ਦੁਆ ਕਰਨ ਦੀ ਲੋੜ ਨੂੰ ਨਹੀਂ ਵੇਖਦੇ।'' ਆਪਣੀ ਸਪੱਸ਼ਟ, ਸਿੱਧ ਸੋਚ ਨਾਲ ਪਰਮੇਸ਼ੁਰ ਦਾ ਪੁੱਤਰ ਹਮੇਸ਼ਾ ਦੁਆ ਕਰਨ ਲਈ ਰੁਕਦਾ ਸੀ। ਯਿਸੂ ਲਈ ਇਕਾਂਤ ਵਿਚ ਜਾ ਕੇ ਆਪਣੀ ਸੇਵਕਾਈ, ਆਪਣੇ ਭਵਿੱਖ ਅਤੇ ਆਪਣੀਆਂ ਯੋਜਨਾਵਾਂ ਨੂੰ ਖ਼ੁਦਾ ਅੱਗੇ ਲਿਆਉਣਾ ਉਵੇਂ ਹੀ ਸੁਭਾਵਕ ਸੀ ਜਿਵੇਂ ਸਾਡੇ ਲਈ ਸਾਹ ਲੈਣਾ ਹੈ। ਇਸ ਦੇ ਬਗੈਰ ਉਹਨੇ ਇਸ ਧਰਤੀ ਉੱਤੇ ਨਹੀਂ ਰਹਿਣਾ ਸੀ।

ਸਾਡੇ ਲਈ ਵੀ ਦੁਆ ਕਰਨਾ ਅਹਿਮ ਹੋਣਾ ਚਾਹੀਦਾ ਹੈ। ਅਸੀਂ ਇਹ ਨਹੀਂ ਆਖ ਸਕਦੇ ਕਿ ਸਾਡੇ ਕੋਲ ਸਮਾਂ ਨਹੀਂ ਹੈ। ਯਿਸੂ ਸਾਡੇ ਵਿੱਚੋਂ ਕਿਸੇ ਨਾਲੋਂ ਵੀ ਵੱਧ ਮਸਰੂਫ਼ ਸੀ, ਪਰ ਉਹ ਆਪਣੇ ਪਿਤਾ ਅੱਗੇ ਦੁਆ ਕਰਨ ਲਈ ਸਮਾਂ ਕੱਢਦਾ ਸੀ। ਦੁਆ ਉਹਦੇ ਕੰਮ ਵਿਚ ਵਾਧੂ ਭਾਗ ਨਹੀਂ ਸੀ, ਬਲਕਿ ਇਹ ਉਹਦੇ ਕੰਮ ਦਾ ਮੁੱਖ ਭਾਗ ਸੀ।

2. ਇੰਜੀਲ ਦੇ ਚਾਰਾਂ ਵਿਰਤਾਂਤਾਂ ਵਿਚ ਅਸੀਂ ਵੇਖਦੇ ਹਾਂ ਕਿ ਯਿਸੂ ਨੇ *ਤਸਦੀਕ ਵਿਚ ਵਫ਼ਾਦਾਰ* ਹੋ ਕੇ ਆਪਣੇ ਭਵਿੱਖ ਦੀ ਤਿਆਰੀ ਕੀਤੀ। ਉਹਦੀ ਸੇਵਕਾਈ ਵਿਚ ਮੁੱਖ ਜ਼ੋਰ ਇਹ ਵਿਖਾਉਣ ਤੇ ਸੀ ਕਿ ਉਹ ਕੌਣ ਹੈ ਅਤੇ ਕਿਉਂ ਆਇਆ ਹੈ। ਲੋਕਾਂ ਦੇ ਮਨਾਂ ਵਿਚ ਆਪਣੇ ਖ਼ੁਦਾ ਹੋਣ ਦੀ ਸਚਿਆਈ ਨੂੰ ਪਾਉਣ ਲਈ ਉਹਨੇ ਦੋ ਸਾਲ ਤਕ ਕੰਮ ਕੀਤਾ। ਇਹ ਸਚਿਆਈ ਐਨੀ ਡੂੰਘੀ ਹੈ ਕਿ ਉਸ ਨੂੰ ਆਪਣੇ ਸੁਣਨ ਵਾਲਿਆਂ ਨੂੰ ਹਰ ਵਾਰੀ ਗਹਿਰਾਈ ਨਾਲ ਸਮਝਾਏ ਬਗੈਰ ਇਸ ਨੂੰ ਥੋੜ੍ਹਾ ਥੋੜ੍ਹਾ ਕਰਕੇ ਦੱਸਣਾ ਪਿਆ।

ਆਪਣੀ ਸੇਵਕਾਈ ਦੇ ਅਖ਼ੀਰ ਵੱਲ ਵਧਦੇ ਹੋਏ ਯਿਸੂ ਨੇ ਇਹ ਭਰੋਸਾ ਚਾਹਿਆ ਕਿ ਉਹ ਆਪਣੇ ਰਸੂਲਾਂ ਨੂੰ ਆਪਣੇ ਖ਼ੁਦਾ ਹੋਣ ਦਾ ਯਕੀਨ ਦੁਆ ਰਿਹਾ ਹੈ। ਉਸ ਨੇ ਆਪਣੀ ਪੜਤਾਲ ਦੀ ਸ਼ੁਰੂਆਤ ਇਹ ਸਵਾਲ ਪੁੱਛਦੇ ਹੋਏ ਕੀਤੀ ਕਿ ਲੋਕ ਉਹਦੇ ਬਾਰੇ ਕੀ ਸੋਚਦੇ ਸਨ (8:27)। ਉਨ੍ਹਾਂ ਨੇ ਉਸ ਨੂੰ ਦੱਸਿਆ ਕਿ ਕੁਝ ਤਾਂ ਇਹ ਆਖ ਰਹੇ ਸਨ ਕਿ ਉਹ ਯੂਹੰਨਾ ਬਪਤਿਸਮਾ ਦੇਣ ਵਾਲਾ ਹੀ ਹੈ, ਜਦਕਿ ਦੂਜੇ ਲੋਕ ਆਖ ਰਹੇ ਸਨ ਕਿ ਉਹ ਏਲੀਆਹ ਹੈ, ਕੁਝ ਅਜਿਹੇ ਵੀ ਸਨ ਜਿਹੜੇ ਆਖ ਰਹੇ ਸਨ ਕਿ ਉਹ ਯਿਰਮਿਯਾਹ ਵਰਗੇ ਨਬੀਆਂ ਵਿੱਚੋਂ ਕੋਈ ਹੈ (8:28)। ਲੋਕ ਯਿਸੂ ਨੂੰ ਨੇਕ ਆਦਮੀ ਮੰਨਦੇ ਸਨ, ਜਿਸ ਵਿਚ ਖ਼ੁਦਾ ਵੱਲੋਂ ਘੱਲੇ ਗਏ ਨਬੀ ਦੇ ਗੁਣ ਅਤੇ ਖੂਬੀਆਂ ਸਨ। ਉਨ੍ਹਾਂ ਨੂੰ ਉਸ ਵਿਚ ਯੂਹੰਨਾ ਵਾਲੀ ਧਾਰਮਿਕਤਾ, ਏਲੀਆਹ ਵੱਲੋਂ ਵਿਖਾਈ ਗਈ ਰੱਬੀ ਸ਼ਕਤੀ, ਯਿਰਮਿਯਾਹ ਵਾਲਾ ਤਰਸ (ਵੇਖੋ ਮੱਤੀ 16:14) ਅਤੇ ਉਹੀ ਸਚਿਆਈ ਨਜ਼ਰ ਆਈ ਜਿਹੜੀ ਪੁਰਾਣੇ ਜ਼ਮਾਨੇ ਦੇ ਨਬੀਆਂ ਵੱਲੋਂ ਵਿਖਾਈ ਗਈ ਸੀ। ਯਿਸੂ ਵਿਚ ਇਹ ਸਾਰੀਆਂ ਖੂਬੀਆਂ ਸਨ ਅਤੇ ਲੋਕਾਂ ਨੂੰ ਨਜ਼ਰ ਆਉਂਦੀਆਂ ਸਨ। ਇਹ ਲੋਕ ਸਹੀ ਦਿਸ਼ਾ ਵਿਚ ਜਾ ਰਹੇ ਸਨ, ਪਰ ਉਨ੍ਹਾਂ ਨੂੰ ਅਜੇ ਵੀ ਅਸਲ ਸਚਿਆਈ ਸਮਝ ਵਿਚ ਨਹੀਂ ਆਈ ਸੀ। ਉਨ੍ਹਾਂ ਨੂੰ ਪਤਾ ਨਹੀਂ ਲੱਗਾ ਕਿ ਉਹ ਪਰਮੇਸ਼ੁਰ ਦਾ ਪੁੱਤਰ ਮਸੀਹ ਹੈ।

ਆਪਣੀ ਪੜਤਾਲ ਵਿਚ ਅੱਗੇ, ਯਿਸੂ ਨੇ ਰਸੂਲਾਂ ਨੂੰ ਪੁੱਛਿਆ, ''ਪਰ ਤੁਸੀਂ ਕੀ ਆਖਦੇ ਹੋ ਜੋ ਮੈਂ ਕੌਣ ਹਾਂ?'' (8:29)। ਯਿਸੂ ਲਈ ਇਹ ਜਾਣਨਾ ਜ਼ਰੂਰੀ ਸੀ ਕਿ ਉਹਦੇ ਰਸੂਲ ਉਹਦੇ ਨਾਲ ਅੱਗੇ ਵੱਧ ਰਹੇ ਸਨ। ਪਤਰਸ ਨੇ ਆਖਿਆ, ''ਤੂੰ ਮਸੀਹ ਹੈਂ'' (8:29)। ਮੱਤੀ ਨੇ ਪਤਰਸ ਦਾ ਪੂਰਾ ਜਵਾਬ ਲਿਖਿਆ ਹੋਵੇਗਾ: ''ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ'' (ਮੱਤੀ 16:16) । ਪਤਰਸ ਆਪਣੇ ਵੱਲੋਂ ਅਤੇ ਬਾਕੀ ਦੇ ਰਸੂਲਾਂ ਵਲੋਂ ਵੀ ਗੱਲ ਕਰ ਰਿਹਾ ਸੀ।

ਆਪਣੇ ਬਾਰੇ ਵਿਚ ਅਜਿਹਾ ਮੁਕੱਮਲ ਇਕਰਾਰ ਕਰਨ ਤੇ, ਯਿਸੂ ਨੇ ਪਤਰਸ ਨੂੰ ਸ਼ਾਬਾਸ਼ ਦਿੱਤੀ। ਇਹੀ ਉਹ ਵਿਸ਼ਵਾਸ ਸੀ ਜਿਹੜਾ ਉਹ ਚਾਹੁੰਦਾ ਸੀ ਕਿ ਉਹਦੇ ਰਸੂਲਾਂ ਵਿਚ ਹੋਵੇ। ਇਸ ਵਿਚ ਦੋ ਜ਼ਰੂਰੀ ਗੱਲਾਂ ''ਮਸੀਹ'' ਅਤੇ ''ਜੀਉਂਦੇ ਪਰਮੇਸ਼ੁਰ'' ਸਨ। ਇਹ ਇਕਰਾਰ ਯਿਸੂ ਲਈ ਚੰਗੀ ਖ਼ਬਰ ਸੀ ਕਿਉਂ ਜੋ ਹੁਣ ਉਸ ਨੂੰ ਇਨ੍ਹਾਂ ਲੋਕਾਂ ਨੂੰ ਉਹ ਡੂੰਘਿਆਈ ਨਾਲ ਸਮਝਾਉਣਾ ਜ਼ਰੂਰੀ ਸੀ ਜਿਸਦੀ ਉਸ ਨੇ ਗੱਲ ਕੀਤੀ ਸੀ।

ਭਲਾ ਅਸੀਂ ਆਪਣੇ ਆਲੇ ਦੁਆਲੇ ਦੇ ਲੋਕਾਂ ਨੂੰ ਖੁਦਾ ਦੇ ਰਾਜ ਵਿਚ ਆਪਣੇ ਕੰਮ ਨੂੰ ਅੱਗੇ ਵਧਾਉਣ ਲਈ ਤਿਆਰ ਕਰ ਰਹੇ ਹਾਂ? ਇਸ ਭੂਮਿਕਾ ਵਿਚ ਆਉਣ ਲਈ ਉਨ੍ਹਾਂ ਨੂੰ ਤਿਆਰ ਕਰਨ ਦਾ ਇੱਕੋ ਇਕ ਤਰੀਕਾ ਉਨ੍ਹਾਂ ਨੂੰ ਸਿਖਾਉਣਾ ਹੈ। ਯਿਸੂ ਵਾਂਗ, ਸਾਨੂੰ ਵਿਚ-ਵਿਚ ਉਨ੍ਹਾਂ ਦੇ ਵਿਸ਼ਵਾਸ ਦੇ ਵਧਣ ਦੀ ਪੜਤਾਲ ਕਰਦੇ ਰਹਿਣਾ ਪਵੇਗਾ।

3. ਯਿਸੂ *ਪ੍ਰਬੰਧ ਵਿਚ* ਵੀ *ਵਫ਼ਾਦਾਰ* ਸੀ। ਉਸ ਨੇ ਆਪਣੇ ਰਸੂਲਾਂ ਨੂੰ ਆਖਿਆ, ''... ਮੈਂ ਇਸ ਪੱਥਰ ਉੱਤੇ ਆਪਣੀ ਕਲੀਸੀਆ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹਦੇ ਉੱਤੇ ਕੁਝ ਵੱਸ ਨਾ ਚੱਲੇਗਾ'' (ਮੱਤੀ 16:18)। ਬਹੁਤ ਛੇਤੀ ਯਿਸੂ ਨੇ ਸਚਮੁਚ ਵਿਚ ਆਪਣੀ ਕਲੀਸੀਆ ਨੂੰ ਸੰਸਾਰ ਵਿਚ ਲਿਆਉਣਾ ਸੀ ਅਤੇ ਉਹਦੇ ਲਈ ਉਸ ਘਟਨਾ ਲਈ ਪ੍ਰਬੰਧ ਕਰਨਾ ਜ਼ਰੂਰੀ ਸੀ। ਉਹਦੇ ਲਈ ਪਤਰਸ ਅਤੇ ਹੋਰਨਾਂ ਰਸੂਲਾਂ ਨੂੰ ਉਸ ਪ੍ਰਚਾਰ ਲਈ ਤਿਆਰ ਕਰਨਾ ਜ਼ਰੂਰੀ ਸੀ। ਉਨ੍ਹਾਂ ਲਈ ''ਰਾਜ'' ਅਤੇ ''ਕਲੀਸੀਆ'' ਸ਼ਬਦਾਂ ਤੋਂ ਅਤੇ ਕਲੀਸੀਆ ਦੀ ਜ਼ਿੰਦਗੀ ਵਿਚ ਪਵਿੱਤਰ ਆਤਮਾ

ਦੀ ਭੂਮਿਕਾ ਤੋਂ ਜਾਣੂ ਹੋਣਾ ਜ਼ਰੂਰੀ ਸੀ। ਯਿਸੂ ਨੇ ਧਰਤੀ ਉਤਲੀ ਆਪਣੀ ਸੇਵਕਾਈ ਦੇ ਬਾਕੀ ਹਿੱਸੇ ਵਿਚ, ਆਪਣੇ ਰਸੂਲਾਂ ਨੂੰ ਖ਼ਾਸ ਅਗਵਾਈ ਦਿੰਦੇ ਹੋਏ ਆਉਣ ਵਾਲੇ ਰਾਜ ਲਈ ਅਧਾਰ ਬਣਾਇਆ।

*ਨਿਚੋੜ:* ਯਿਸੂ ਨੇ ਭਵਿੱਖ ਲਈ ਤਿਆਰੀ ਕਿਵੇਂ ਕੀਤੀ? ਉਹਨੇ ਇਹਦੇ ਲਈ ਦੁਆ ਕੀਤੀ; ਉਹ ਸਿਫ਼ਾਰਿਸ਼ ਕਰਨ ਵਿਚ ਈਮਾਨਦਾਰ ਰਿਹਾ। ਉਸ ਨੇ ਇਹ ਸਚਿਆਈ ਦੱਸੀ ਕਿ ਉਹ ਕੌਣ ਹੈ ਅਤੇ ਆਪਣੀ ਸਿੱਖਿਆ ਦੇ ਵਧਣ ਦੀ ਪੜਤਾਲ ਕੀਤੀ। ਆਪਣੇ ਆਪ ਨੂੰ ਉਸ ਯੋਜਨਾ ਵਿਚ ਲੋੜੀਂਦੀ ਥਾਂ ਤੇ ਰੱਖਣ ਲਈ ਦੇ ਉਸ ਨੇ ਦਿੱਤਾ। ਕਲੀਸੀਆ ਦੇ ਕਾਇਮ ਹੋ ਜਾਣ ਤੇ ਉਹਦੀ ਕਾਮਯਾਬੀ ਲਈ ਜ਼ਰੂਰੀ ਅਧਾਰ ਅਤੇ ਨੈੱਟਵਰਕ ਦੇਣ ਵਿਚ ਉਹ ਈਮਾਨਦਾਰ ਸੀ।

ਵਰਤਮਾਨ ਅਤੇ ਭਵਿੱਖ ਨੂੰ ਧਿਆਨ ਵਿਚ ਰੱਖਦਿਆਂ ਯਿਸੂ ਨੇ ਇਸ ਧਰਤੀ ਉੱਤੇ ਆਪਣਾ ਸਮਾਂ ਦੁਆ ਵਿਚ ਅਤੇ ਧਾਰਮਿਕਤਾ ਨਾਲ ਬਿਤਾਇਆ। ਤਾਂ ਹੀ ਧਰਤੀ ਉਤਲੀ ਆਪਣੀ ਜ਼ਿੰਦਗੀ ਦੇ ਅਖ਼ੀਰ ਦੇ ਨੇੜੇ, ਉਹ ਪਿਤਾ ਨੂੰ ਆਖ ਸਕਿਆ, ''ਜਿਹੜਾ ਕੰਮ ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ ਪੂਰਾ ਕਰ ਕੇ ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ। ਹੁਣ ਹੇ ਪਿਤਾ ਤੂੰ ਆਪਣੀ ਸੰਗਤ ਨਾਲ ... ਮੇਰੀ ਵਡਿਆਈ ਪਰਗਟ ਕਰ'' (ਯੂਹੰਨਾ 17:4, 5)।

ਧਰਤੀ ਉੱਤੇ ਯਿਸੂ ਦੀ ਜ਼ਿੰਦਗੀ ਸਿੱਧ, ਪਾਪ ਰਹਿਤ, ਕਿਰਪਾ ਨਾਲ ਭਰੀ ਅਤੇ ਸਚਿਆਈ ਨਾਲ ਭਰੀ ਸੀ। ਉਹ ਪਿਤਾ ਨਾਲ ਜਿਸਨੇ ਉਸ ਨੂੰ ਘੱਲਿਆ, ਇਕ ਸੀ। ਜ਼ਿੰਦਗੀ ਜੀਣ ਲਈ ਉਹ ਸਾਡਾ ਸਭ ਤੋਂ ਵੱਡਾ ਨਮੂਨਾ ਹੈ। ਉਹ ਸਿਫ਼ਾਰਿਸ਼ ਕਰਨ ਵਿਚ ਦੋਸ਼ ਰਹਿਤ, ਤਸਦੀਕ ਕਰਨ ਵਿਚ ਦੋਸ਼ ਰਹਿਤ, ਅਤੇ ਪ੍ਰਬੰਧ ਕਰਨ ਵਿਚ ਦੋਸ਼ ਰਹਿਤ ਸੀ। ਆਓ ਅਸੀਂ ਜ਼ਿੰਦਗੀ ਦੀ ਸ਼ੁਰੂਆਤ ਵਿਚ, ਜ਼ਿੰਦਗੀ ਦੇ ਦਰਮਿਆਨ ਅਤੇ ਜ਼ਿਦਗੀ ਦੇ ਅਖ਼ੀਰ ਵਿਚ ਉਸ ਦੇ ਮਗਰ ਚੱਲੀਏ।

**ਵੱਡੇ ਇਕਰਾਰ ਦੀ ਵੱਡੀ ਗੱਲ** (8:27-30)

ਯਿਸੂ ਨੇ ਕੈਸਰੀਆ ਫ਼ਿਲਿੱਪੀ ਦੇ ਇਲਾਕੇ ਵਿਚ ਆਪਣੇ ਰਸੂਲਾਂ ਦੇ ਨਾਲ ਚੱਲਦੇ ਚੱਲਦੇ, ਉਨ੍ਹਾਂ ਤੋਂ ਦੋ ਸਵਾਲ ਪੁੱਛੇ, ਜਿਸ ਵਿਚ ਇਕ ਸਵਾਲ ਤਾਂ ਲੋਕਾਂ ਵਿਚ ਪਾਏ ਜਾਣ ਵਾਲੇ ਵਿਚਾਰ ਤੇ ਸੀ ਅਤੇ ਦੂਜਾ ਉਨ੍ਹਾਂ ਦੇ ਨਿੱਜੀ ਵਿਚਾਰ ਬਾਰੇ। ਪਹਿਲਾਂ ਉਹਨੇ ਆਪਣੇ ਬਾਰੇ ਆਮ ਧਾਰਣਾ ਬਾਰੇ ਪੁੱਛਿਆ: ''ਲੋਕ ਕੀ ਕਹਿੰਦੇ ਹਨ ਜੋ ਮੈਂ ਕੌਣ ਹਾਂ?'' ਉਨ੍ਹਾਂ ਨੇ ਉਸ ਨੂੰ ਦੱਸਿਆ ਕਿ ਕੁਝ ਲੋਕ ਉਸ ਨੂੰ ਯੂਹੰਨਾ ਬਪਤਿਸਮਾ ਦੇਣ ਵਾਲਾ ਮੰਨਦੇ ਹਨ, ਕੁਝ ਉਸ ਨੂੰ ਏਲੀਆਹ ਵਿਚ ਮੰਨਦੇ ਹਨ, ਜਦਕਿ ਦੂਜੇ ਲੋਕ ਉਸ ਨੂੰ ਯਿਰਮਿਯਾਹ ਵਰਗੇ ਨਬੀਆਂ ਵਿੱਚੋਂ ਕੋਈ ਮੰਨਦੇ ਹਨ।

''ਲੋਕਾਂ'' ਦੇ ਬਾਹਰੀ ਦਾਇਰੇ ਨਾਲ ਸ਼ੁਰੂਆਤ ਕਰਨ ਤੋਂ ਬਾਅਦ, ਯਿਸੂ ਨੇ ਆਪਣੇ ਚੁਣੇ ਹੋਏ ਰਸੂਲਾਂ ਦੇ ਮਨਾਂ ਵੱਲ ਧਿਆਨ ਮਾਰਿਆ। ਉਹਨੇ ਪੁੱਛਿਆ, ''ਪਰ ਤੁਸੀਂ ਕੀ ਆਖਦੇ ਹੋ ਜੋ ਮੈਂ ਕੌਣ ਹਾਂ?'' ਉਹਦੇ ਸਵਾਲ ਦੇ ਜਵਾਬ ਵਿਚ ਪਤਰਸ ਬੋਲ ਉੱਠਿਆ, ਅਤੇ ਕਿੰਨਾ ਸ਼ਾਨਦਾਰ ਜਵਾਬ ਦਿੱਤਾ! ਕਈ ਵਾਰ ਪਤਰਸ ਜਵਾਬ ਦੇ ਦਿੰਦਾ ਸੀ ਜਦਕਿ ਉਹਨੂੰ ਪਤਾ ਨਹੀਂ ਹੁੰਦਾ ਸੀ ਕਿ ਕੀ ਬੋਲਣਾ ਹੈ, ਜਿਵੇਂ ਯਿਸੂ ਦੇ ਰੂਪ ਬਦਲਣ ਵੇਲੇ ਉਹ ਬੋਲ ਪਿਆ ਸੀ (ਮਰਕੁਸ 9:5, 6)। ਪਰ ਇਸ ਵਾਰੀ ਉਹਨੂੰ ਪਤਾ ਸੀ ਕਿ ਕੀ ਕਹਿਣਾ ਹੈ ਅਤੇ ਉਸ ਨੇ ਉਹੀ ਆਖਿਆ!

ਮਰੁਕਸ ਦੇ ਮੁਤਾਬਿਕ ਪਤਰਸ ਅਤੇ ਰਸੂਲਾਂ ਵੱਲੋਂ ਦਿੱਤਾ ਗਿਆ ਜਵਾਬ ਸਿਰਫ਼ ਐਨਾ ਸੀ ਕਿ ''ਤੂੰ ਮਸੀਹ ਹੈਂ।'' ਇਹ ਸਾਫ਼ ਹੈ ਕਿ ਮਰਕੁਸ ਨੇ ''ਮਸੀਹ'' ਸ਼ਬਦ ਨੂੰ ਯਿਸੂ ਦੇ ਮਸੀਹਾ ਹੋਣ ਦੇ ਨਾਲ–ਨਾਲ ਉਹਦੇ ਖ਼ੁਦਾ ਹੋਣ ਸਣੇ ਵੇਖਿਆ। ਲੂਕਾ ਨੇ ਲਿਖਿਆ ਕਿ ਉਹ ਆਖ ਰਹੇ ਸਨ ਯਿਸੂ ''ਪਰਮੇਸ਼ੁਰ ਦਾ ਮਸੀਹ'' ਹੈ (ਲੂਕਾ 9:20)। ਇਸ ਕਰਕੇ ਲੂਕਾ ਨੇ ਵੀ ''ਮਸੀਹ'' ਸ਼ਬਦ ਨੂੰ ਖ਼ੁਦਾ ਦੇ ਦਾਇਰੇ ਸਣੇ ਵੇਖਿਆ। ਮੱਤੀ ਨੇ ਪਤਰਸ ਅਤੇ ਰਸੂਲਾਂ ਵੱਲੋਂ ਦਿੱਤੇ ਗਏ ਜਵਾਬ ਨੂੰ ਪੂਰਾ ਪੂਰਾ ਲਿਖਿਆ ਹੋਵੇਗਾ: ''ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ'' (ਮੱਤੀ 16:16)।

ਯਿਸੂ ਇਸ ਜਵਾਬ ਤੋਂ ਖੁਸ਼ ਹੋਇਆ। ਟੋਲੀ ਵੱਲੋਂ ਇਕਰਾਰ ਪਤਰਸ ਨੇ ਹੀ ਕੀਤਾ ਸੀ, ਇਸ ਕਰਕੇ ਯਿਸੂ ਨੇ ਉਸ ਨੂੰ ਆਖਿਆ, ''ਧੰਨ ਹੈਂ ਤੂੰ ਸ਼ਮਊਨ ਬਰ-ਯੋਨਾਹ ਕਿਉਂ ਜੋ ਸਰੀਰ ਅਤੇ ਲਹੂ ਨੇ ਨਹੀਂ ਸਗੋਂ ਮੇਰੇ ਪਿਤਾ ਨੇ ਜਿਹੜਾ ਸੁਰਗ ਵਿਚ ਹੈ ਇਹ ਗੱਲ ਤੇਰੇ ਉੱਤੇ ਪਰਗਟ ਕੀਤੀ'' (ਮੱਤੀ 16:17)।

ਇਹ ਗਵਾਹੀ ਯਿਸੂ ਨੂੰ ਦਿੱਤੀਆਂ ਜਾਣ ਵਾਲੀਆਂ ਸਭ ਤੋਂ ਸ਼ਾਨਦਾਰ ਭੇਟਾਂ ਵਿੱਚੋਂ ਇਕ ਹੈ। ਇਹ ਸਭ ਤੋਂ ਵੱਡਾ ਇਕਰਾਰ ਹੈ ਜਿਹੜਾ ਸੰਸਾਰ ਕਦੇ ਸੁਣ ਸਕਦਾ ਹੈ। ਆਪਣੀ ਦਲੇਰੀ ਅਤੇ ਸੁਧਾਰ ਲਈ, ਆਓ ਅਸੀਂ ਪੁੱਛੀਏ, ''ਇਸ ਵੱਡੀ ਮੰਜ਼ੂਰੀ ਨੂੰ ਵੱਡਾ ਕਿਹੜੀ ਗੱਲ ਬਣਾਉਂਦੀ ਹੈ?''

1. ਇਕਰਾਰ ਵੱਡਾ ਹੈ ਕਿਉਂ ਜੋ ਇਹ *ਸਹੀ* ਹੈ। ''ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ'' ਵਾਕਖੰਡ ਵਿਚ ਸਚਿਆਈ ਤੋਂ ਇਲਾਵਾ ਹੋਰ ਕੁਝ ਨਹੀਂ। ਇਹ ਓਨਾ ਹੀ ਸਹੀ ਹੈ ਜਿੰਨੀ ਕੋਈ ਗੱਲ ਸਹੀ ਹੋ ਸਕਦੀ ਹੈ। ਇਸ ਸੰਦੇਸ਼ ਦੇ ਕੇਂਦਰ ਵਿਚ ਰੱਬੀ ਪ੍ਰਕਾਸ਼, ਭਾਵ ਪਵਿੱਤਰ ਲਿਖਤ ਦੇ ਸੰਦੇਸ਼ ਦਾ ਸਾਰ ਸਚਿਆਈ ਹੈ। ਬਾਈਬਲ ਸੱਚੀ ਹੈ, ਇਸ ਕਰਕੇ ਇਹ ਇਕਰਾਰ ਸੱਚਾ ਹੈ।

ਇਸ ਇਕਰਾਰ ਵਿਚ ਤਿੰਨ ਖਰੀਆਂ ਗੱਲਾਂ ਹਨ। ਪਤਰਸ ਨੇ ਯਿਸੂ ਨੂੰ ''ਮਸੀਹ'' ਮੰਨਿਆ ਜਿਸ ਦਾ ਅਰਥ ਖ਼ੁਦਾ ਦਾ ''ਮਸਹ ਕੀਤਾ ਹੋਇਆ।'' ''ਮਸੀਹ'' ਇਬਰਾਨੀ ਭਾਸ਼ਾ ਦੇ ਸ਼ਬਦ ''Messiah'' ਤੋਂ ਲਿਆ ਗਿਆ ਹੈ, ਜਿਸਦੇ ਯੂਨਾਨੀ ਸ਼ਬਦ ਖ੍ਰਿਸਟੁਸ (ਅੰਗ੍ਰੇਜ਼ੀ ਸ਼ਬਦ ''Christ'') ਦੇ ਤੁਲ ਹੈ। ਦੋਹਾਂ ਹੀ ਸ਼ਬਦਾਂ ਦੀ ਵਰਤੋਂ ਇਕ ਹੋਰ ਸਚਿਆਈ ਵੱਲ ਇਸ਼ਾਰਾ ਕਰਦੀ ਹੈ ਕਿ ਉਹ ਮਨੁੱਖ ਦਾ ਪੁੱਤਰ ਹੈ। ਯਿਸੂ ਵਾਅਦਾ ਕੀਤਾ ਹੋਇਆ ਉਹੀ ਮਸੀਹਾ ਹੈ ਜਿਹੜਾ ਅਬਰਾਹਾਮ ਅਤੇ ਦਾਊਦ ਦੀ ਕੁਲ ਵਿੱਚੋਂ ਆਇਆ। ਉਸ ਨੇ ਆਪਣੇ ਬਾਰੇ ਪੁਰਾਣੇ ਨੇਮ ਨੇ ਸਭ ਹਵਾਲਿਆਂ ਨੂੰ ਪੂਰਾ ਕੀਤਾ। ਤੀਜੀ ਸਚਿਆਈ ਯਿਸੂ ਦੇ ਖ਼ੁਦਾ ਹੋਣ ਦੀ ਤਸਦੀਕ ਹੈ ਕਿ ਉਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈ। ਉਹਦਾ ਇਕ ਸੁਰਗੀ ਪਿਤਾ ਹੈ, ਪਰ ਉਹਨੂੰ ਇਕ ਸੰਸਾਰਕ ਮਾਤਾ ਵੀ ਦਿੱਤੀ ਗਈ। ਉਹ ਪਵਿੱਤਰ ਆਤਮਾ ਦੇ ਰਾਹੀਂ ਗਰਭ ਵਿਚ ਆਇਆ, ਪਰ ਔਰਤ ਤੋਂ ਪੈਦਾ ਹੋਇਆ।

2. ਨਿਹਚਾ ਦੀ ਇਹ ਗੱਲ ਵੱਡੀ ਹੈ ਕਿਉਂ ਜੋ ਇਹ *ਪੂਰੀ* ਹੈ। ਜਦੋਂ ਅਸੀਂ ਇਹ ਆਖਦੇ ਹਾਂ ਕਿ ''ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ'' ਤਾਂ ਹੋਰ ਕੁਝ ਕਹਿਣ ਲਈ ਨਹੀਂ ਰਹਿ ਜਾਂਦਾ। ਅਸੀਂ ਇਕ ਵਾਕ ਵਿਚ ਮਸੀਹੀਅਤ ਦਾ ਸਾਰ ਦੱਸ ਦਿੱਤਾ ਹੈ। ਯਿਸੂ ਵਾਅਦਾ ਕੀਤਾ ਹੋਇਆ ਮਸੀਹਾ, ਮਸਾਯਾਹ, ਮਨੁੱਖ ਦਾ ਸਿੱਧ ਪੁੱਤਰ ਅਤੇ ਸੁਰਗ ਵੱਲੋਂ ਘੱਲਿਆ ਗਿਆ, ਪਰਮੇਸ਼ੁਰ ਦਾ ਪੁੱਤਰ ਹੈ। ਖ਼ੁਦਾ ਵਿਚ, ਖ਼ੁਦਾ ਦੀ ਸਦੀਪਕ ਮੰਸ਼ਾ ਵਿਚ, ਖ਼ੁਦਾ ਯਿਸੂ ਦੀ ਧਰਤੀ ਉਤਲੀ ਸੇਵਕਾਈ ਵਿਚ ਅਤੇ ਯਿਸੂ ਦੇ ਖ਼ੁਦਾ ਹੋਣ, ਮੁਕਤੀਦਾਤਾ ਹੋਣ ਅਤੇ ਸੇਵਕ ਹੋਣ ਵਿਚ ਵਿਸ਼ਵਾਸ ਕੀਤੇ ਬਗੈਰ ਕੋਈ ਇਸ ਗੱਲ ਤੇ ਵਿਸ਼ਵਾਸ ਨਹੀਂ ਕਰ ਸਕਦਾ। ਇਸ ਮੰਨਣ ਵਿਚ ਸਾਰੀਆਂ ਗੱਲਾਂ ਆ ਜਾਂਦੀਆਂ ਹਨ।

1 ਤਿਮੋਥਿਉਸ 3:16 ਵਿਚ ਪੌਲੁਸ ਨੇ ਯਿਸੂ ਦੀ ਧਰਤੀ ਉਤਲੀ ਸੇਵਕਾਈ ਨੂੰ ਇੱਕੋ ਵਾਕ ਵਿਚ ਦੱਸ ਦਿੱਤਾ। ਉਸ ਨੇ ਲਿਖਿਆ:

> ਅਤੇ ਨਿਸੰਗ ਭਗਤੀ ਦਾ ਭੇਤ ਵੱਡਾ ਹੈ,-
> ਉਹ ਸਰੀਰ ਵਿਚ ਪਰਗਟ ਹੋਇਆ,
> ਆਤਮਾ ਵਿਚ ਧਰਮੀ ਠਹਿਰਾਇਆ ਗਿਆ,
> ਦੂਤਾਂ ਤੋਂ ਵੇਖਿਆ ਗਿਆ,
> ਕੌਮਾਂ ਵਿਚ ਉਹ ਦਾ ਪ੍ਰਚਾਰ ਕੀਤਾ ਗਿਆ,
> ਜਗਤ ਵਿਚ ਉਸ ਉੱਤੇ ਨਿਹਚਾ ਕੀਤੀ ਗਈ,
> ਤੇਜ ਵਿਚ ਉਤਾਹਾਂ ਉਠਾ ਲਿਆ ਗਿਆ।

ਹੋ ਸਕਦਾ ਹੈ ਕਿ ਇਹ ਸ਼ਬਦ ਨਵੇਂ ਨੇਮ ਦੇ ਸੰਸਾਰ ਵਿਚ ਕਿਸੇ ਭਜਨ ਵਿਚ ਨਾ ਹੋਣ। ਇਸ ਆਇਤ

ਵਿਚ ਪੌਲੁਸ ਦੇ ਇਕਰਾਰ ਦੇ ਛੇ ਹਿੱਸੇ ਹਨ, ਜਦਕਿ ਪਤਰਸ ਵੱਲੋਂ ਕੀਤੇ ਗਏ ਇਕਰਾਰ ਵਿਚ ਸਿਰਫ਼ ਦੋ ਹਿੱਸੇ ਹਨ। ਪੌਲੁਸ ਦਾ ਇਕਰਾਰ ਵਧੇਰੇ ਅਰਥ ਭਰਪੂਰ ਹੈ, ਪਰ ਪਤਰਸ ਦਾ ਇਕਰਾਰ ਵਧੇਰੇ ਵਿਆਪਕ ਹੈ। ਪਤਰਸ ਦੀਆਂ ਦੋ ਗੱਲਾਂ ਵਿਚ 1 ਤਿਮੋਥਿਉਸ 3:16 ਦੇ ਇਲਾਵਾ ਹੋਰ ਬਹੁਤ ਕੁਝ ਜੋੜਦੇ ਹੋਏ ਸਾਰੇ ਵਿਚਕਾਰ ਆ ਜਾਂਦੇ ਹਨ। ਜਦ ਕੋਈ ਯਿਸੂ ਦੇ ਮਸੀਹ ਹੋਣ, ਉਸ ਦੇ ਮਨੁੱਖ ਹੋਣ ਅਤੇ ਉਹਦੇ ਖ਼ੁਦਾ ਹੋਣ ਵਿਚ ਯਕੀਨ ਕਰ ਲੈਂਦਾ ਹੈ ਤਾਂ ਉਹ ਬਾਈਬਲ ਵਿਚ ਉਹਦੇ ਬਾਰੇ ਦੱਸੀ ਹਰ ਗੱਲ ਤੇ ਯਕੀਨ ਕਰ ਸਕਦਾ ਹੈ।

3. ਇਹ ਦਾਅਵਾ ਵੱਡਾ ਹੈ ਕਿਉਂ ਜੋ ਇਹ *ਛੁਟਕਾਰਾ ਦੁਆਉਣ ਵਾਲਾ* ਹੈ। ਜਦੋਂ ਕੋਈ ਇਹ ਕਹਿ ਰਿਹਾ ਹੁੰਦਾ ਹੈ ਕਿ ''ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ'' ਤਾਂ ਉਹ ਯਿਸੂ ਨੂੰ ਦੁਨੀਆਂ ਦਾ ਮੁਕਤੀਦਾਤਾ ਦੱਸ ਰਿਹਾ ਹੁੰਦਾ ਹੈ। ਮੁਕਤੀ ਨੂੰ ਮਸੀਹਾ ਤੋਂ ਅੱਡ ਨਹੀਂ ਕੀਤਾ ਜਾ ਸਕਦਾ, ਕਿਉਂ ਜੋ ਮਸੀਹਾ ਹੀ ਹੈ ਜਿਹੜਾ ਸਾਨੂੰ ਬਚਾਉਣ ਲਈ ਆਇਆ। ਪਾਪੀਆਂ ਦੇ ਰੂਪ ਵਿਚ ਸਾਨੂੰ ਇਸ ਸਚਿਆਈ ਨੂੰ ਸਮਝਣਾ ਅਤੇ ਇਸ ਉੱਤੇ ਟਿਕੇ ਰਹਿਣਾ ਜ਼ਰੂਰੀ ਹੈ। ਸਾਡੀ ਇੱਕੋ ਇਕ ਉਮੀਦ ਇਸੇ ਵਿਚ ਹੈ। ਪੌਲੁਸ ਦੇ ਮੁਤਾਬਿਕ, ''ਇਹ ਵਚਨ ਪੱਕਾ ਹੈ ਅਤੇ ਪੂਰੀ ਤਰ੍ਹਾਂ ਮੰਨਣ ਜੋਗ ਹੈ ਭਈ ਮਸੀਹ ਯਿਸੂ ਪਾਪੀਆਂ ਨੂੰ ਬਚਾਉਣ ਲਈ ਜਗਤ ਵਿਚ ਆਇਆ ...'' (1 ਤਿਮੋਥਿਉਸ 1:15)। ਇਸ ਮੁਕਤੀਦਾਤੇ ਬਾਰੇ ਈਮਾਨਦਾਰੀ ਨਾਲ ਕਿਹਾ ਜਾ ਸਕਦਾ ਹੈ:

> ਜਿਹ ਦੇ ਵਿਚ ਉਸ ਦੇ ਲਹੂ ਦੇ ਦੁਆਰਾ ਸਾਨੂੰ ਨਿਸਤਾਰਾ ਅਰਥਾਤ ਅਪਰਾਧਾਂ ਦੀ ਮਾਫ਼ੀ ਉਹਦੀ ਕਿਰਪਾ ਦੇ ਧਨ ਅਨੁਸਾਰ ਮਿਲਦੀ ਹੈ, ਜਿਸ ਕਿਰਪਾ ਨੂੰ ਉਹਨੇ ਸਾਰੇ ਗਿਆਨ ਅਤੇ ਬੁੱਧ ਨਾਲ ਸਾਨੂੰ ਚੋਖਾ ਦਿੱਤਾ। ਕਿਉਂ ਜੋ ਉਹ ਨੇ ਆਪਣੀ ਇੱਛਿਆ ਦੇ ਭੇਤ ਨੂੰ ਸਾਡੇ ਉੱਤੇ ਪਰਗਟ ਕੀਤਾ ਆਪਣੇ ਉਸ ਨੇਮ ਇਰਾਦੇ ਦੇ ਅਨੁਸਾਰ ਜਿਹੜਾ ਉਹ ਨੇ ਉਸ ਵਿਚ ਧਾਰਿਆ ਸੀ (ਅਫ਼ਸੀਆਂ 1:7–9)।

4. ਇਹ ਮੰਨਣਾ ਵੱਡੀ ਗੱਲ ਹੈ ਕਿਉਂ ਜੋ ਇਹ *ਬੁਨਿਆਦੀ* ਹੈ। ਜਦੋਂ ਕੋਈ ਇਹ ਦੁਹਰਾਉਂਦਾ ਹੈ, ''ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ'' ਤਾਂ ਉਹ ਓਸੇ ਬੁਨਿਆਦੀ ਅਧਾਰ ਨੂੰ ਦੁਹਰਾ ਰਿਹਾ ਹੁੰਦਾ ਹੈ ਜਿਸ ਉੱਤੇ ਮਸੀਹੀਅਤ ਟਿਕੀ ਹੋਈ ਹੈ। ਇਹ ਐਲਾਨ ''ਮਸੀਹ'' ਸ਼ਬਦ ਨੂੰ ''ਮਸੀਹੀ'' ਅਤੇ ''ਮਸੀਹੀਅਤ'' ਵਿਚ ਪਾ ਦਿੰਦਾ ਹੈ।

ਪਤਰਸ ਦੀ ਬੁਨਿਆਦੀ ਗੱਲ ਦੇ ਜਵਾਬ ਵਿਚ, ਯਿਸੂ ਨੇ ਉਸ ਨੂੰ ਆਖਿਆ, ''ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ ਅਤੇ ਮੈਂ ਇਸ ਪੱਥਰ ਉੱਤੇ ਆਪਣੀ ਕਲੀਸੀਆ ਬਣਾਵਾਂਗਾ ਅਤੇ ਪਤਾਲ ਦੇ ਫਾਟਕਾਂ ਦਾ ਉਹਦੇ ਉੱਤੇ ਕੁਝ ਵੱਸ ਨਾ ਚੱਲੇਗਾ'' (ਮੱਤੀ 16:18)। ਯਿਸੂ ਮਸੀਹ ਕਲੀਸੀਆ ਦੀ ਨੀਹ ਹੈ। ਪੌਲੁਸ ਨੇ ਆਖਿਆ, ''ਕਿਉਂ ਜੋ ਉਸ ਨੀਂਹ ਤੋਂ ਬਿਨਾ ਜੋ ਰੱਖੀ ਹੋਈ ਹੈ ਦੂਜੀ ਕੋਈ ਨਹੀਂ ਰੱਖ ਸੱਕਦਾ ਅਰ ਉਹ ਯਿਸੂ ਮਸੀਹ ਹੈ'' (1 ਕੁਰਿੰਥੀਆਂ 3:11)। ਪੌਲੁਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਮਸੀਹ ਖ਼ੁਦਾ ਦੀ ਇੱਛਾ ਦੇ ਕੇਂਦਰ ਵਿਚ ਹੈ। ਪਤਰਸ ਦੇ ਵੱਡੇ ਇਕਰਾਰ ਵਿਚ, ਅਸੀਂ ਪਰਮੇਸ਼ੁਰ ਦੇ ਰਾਜ ਦੀ ਨੀਂਹ ਅਤੇ ਆਪਣੀਆਂ ਰੂਹਾਨੀ ਜ਼ਿੰਦਗੀਆਂ ਦੇ ਨਵੇਂ ਅਧਾਰ ਨੂੰ ਵੇਖਦੇ ਹਾਂ।

5. ਇਹ ਐਲਾਨ ਵੱਡਾ ਹੈ ਕਿਉਂ ਜੋ ਇਹ *ਪ੍ਰਕਾਸ਼ ਦੇਣ ਵਾਲਾ* ਹੈ। ਖ਼ੁਦਾ ਨੇ ਸਾਡੇ ਉੱਤੇ ਮਸੀਹ ਦੇ ਜਲਾਲੀ ਖ਼ੁਦਾ ਹੋਣ ਨੂੰ ਪਰਗਟ ਕੀਤਾ ਹੈ। ਜਦੋਂ ਕੋਈ ਇਹ ਆਖਦਾ ਹੈ, ''ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ'' ਤਾਂ ਉਹ ਯਿਸੂ ਦੇ ਖ਼ੁਦਾ ਹੋਣ ਦਾ ਐਲਾਨ ਕਰ ਰਿਹਾ ਹੁੰਦਾ ਹੈ, ਜਿਸਦਾ ਪਤਾ ਉਸ ਨੂੰ ਖ਼ੁਦਾ ਦੇ ਵਚਨ ਦੇ ਇਲਾਹੀ ਮੁਕਾਸ਼ਫ਼ੇ ਤੋਂ ਲੱਗਾ ਹੈ।

ਯਿਸੂ ਨੇ ਪਤਰਸ ਨੂੰ ਆਖਿਆ, ''ਸਰੀਰ ਅਤੇ ਲਹੂ ਨੇ ਨਹੀਂ ਸਗੋਂ ਮੇਰੇ ਪਿਤਾ ਨੇ ਜਿਹੜਾ ਸੁਰਗ ਵਿਚ ਹੈ ਇਹ ਗੱਲ ਤੇਰੇ ਉੱਤੇ ਪਰਗਟ ਕੀਤੀ'' (ਮੱਤੀ 16:17)। ਮਰਕੁਸ 8:29 ਵਿਚ

ਪਤਰਸ ਅਤੇ ਰਸੂਲਾਂ ਨੇ ਸਿਰਫ਼ ਯਿਸੂ ਦੀ ਹੌਸਲਾ-ਅਫ਼ਜ਼ਾਈ ਲਈ ਨਹੀਂ ਆਖਿਆ ਸੀ। ਪਿਤਾ ਨੇ ਆਪ ਉਨ੍ਹਾਂ ਤੋਂ ਅਖਵਾਇਆ ਸੀ। ਯਿਸੂ ਦਾ ਬਪਤਿਸਮਾ ਹੋਣ ਤੋਂ ਬਾਅਦ ਇਕ ਵਾਰ ਉਨ੍ਹਾਂ ਨੇ ਉਸ ਤੋਂ ਇਹ ਸਚਿਆਈ ਨੂੰ ਸੁਣਿਆ ਸੀ (ਮੱਤੀ 3:17)।

ਜਿਹੜਾ ਵੀ ਕੋਈ ਇਹ ਇਕਰਾਰ ਕਰਦਾ ਹੈ ਉਹ ਮਰੀਅਮ ਨੂੰ ਕਹੀ ਗਈ ਜਿਬਰਾਈਲ ਫ਼ਰਿਸ਼ਤੇ ਦੀ ਗੱਲ ਨੂੰ ਸੱਚ ਮੰਨ ਰਿਹਾ ਹੁੰਦਾ ਹੈ: ''ਉਹ ਮਹਾਨ ਹੋਵੇਗਾ, ਅਤੇ ਅੱਤ ਮਹਾਨ ਦਾ ਪੁੱਤਰ ਸਦਾਵੇਗਾ'' (ਲੂਕਾ 1:32)। ਮਸੀਹ ਨੂੰ ਮੰਨਣ ਦਾ ਮਤਲਬ ਪੌਲੁਸ ਦੇ ਇਨ੍ਹਾਂ ਸ਼ਬਦਾਂ ਦੀ ਈਮਾਨਦਾਰੀ ਨੂੰ ਮੰਨਣਾ ਹੈ:

> ਉਹ ਅਲੱਖ ਪਰਮੇਸ਼ੁਰ ਦਾ ਰੂਪ ਅਤੇ ਸਾਰੀ ਸਰਿਸ਼ਟ ਵਿੱਚੋਂ ਜੇਠਾ ਹੈ। ਕਿਉਂ ਜੋ ਅਕਾਸ਼ ਅਤੇ ਧਰਤੀ ਉਤਲੀਆਂ ਸਾਰੀਆਂ ਵਸਤਾਂ ਓਸੇ ਤੋਂ ਉਤਪਤ ਹੋਈਆਂ, ਨਾਲੇ ਦਿੱਸਣ ਵਾਲੀਆਂ, ਨਾਲੇ ਨਾ ਦਿੱਸਣ ਵਾਲੀਆਂ, ਕੀ ਸਿੰਘਾਸਣ, ਕੀ ਰਿਆਸਤਾਂ, ਕੀ ਹਕੂਮਤਾਂ, ਕੀ ਇਖ਼ਤਿਆਰ, ਸੱਭੋ ਕੁਝ ਉਸ ਦੇ ਰਾਹੀਂ ਅਤੇ ਓਸੇ ਦੇ ਲਈ ਉਤਪਤ ਹੋਇਆ ਹੈ। ਅਤੇ ਉਹ ਸਭ ਤੋਂ ਪਹਿਲਾਂ ਹੈ ਅਰ ਸੱਭੋ ਕੁਝ ਓਸੇ ਵਿਚ ਕਾਇਮ ਰਹਿੰਦਾ ਹੈ (ਕੁਲੁੱਸੀਆਂ 1:15-17)।

ਜਦੋਂ ਕੋਈ ਸਚਿਆਈ ਦੀ ਇਸ ਵੱਡੀ ਗੱਲ ਨੂੰ ਮੰਨ ਕੇ ਇੰਜੀਲ ਦਾ ਹੁਕਮ ਮੰਨਦੇ ਹੋਏ ਇਸ ਦੇ ਰਾਹੀਂ ਚੱਲਦਾ ਹੈ ਤਾਂ ਉਹ ਹਮੇਸ਼ਾ ਦੀ ਜ਼ਿੰਦਗੀ ਦੇ ਖੇਤਰ ਵਿਚ ਪ੍ਰਵੇਸ਼ ਕਰ ਲੈਂਦਾ ਹੈ। 1 ਯੂਹੰਨਾ 4:15 ਵਿਚ ਯੂਹੰਨਾ ਨੇ ਇਸ ਦੀ ਤਸਦੀਕ ਕੀਤੀ: ''ਜੋ ਕੋਈ ਮੰਨ ਲੈਂਦਾ ਹੈ ਭਈ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ ਪਰਮੇਸ਼ੁਰ ਉਹਦੇ ਵਿਚ ਅਤੇ ਉਹ ਪਰਮੇਸ਼ੁਰ ਦੇ ਵਿਚ ਰਹਿੰਦਾ ਹੈ।'' ਯੂਹੰਨਾ ਨੇ ''ਮੰਨ ਲੈਂਦਾ ਹੈ'' ਸ਼ਬਦ ਦੀ ਵਰਤੋਂ ਸਿਨੇਕਡੋਕੀ ਦੇ ਰੂਪ ਵਿਚ, ਅਰਥਾਤ ਪੂਰੇ ਦਾ ਅਰਥ ਦਿੰਦੇ ਹੋਏ ਕੁਝ ਹਿੱਸੇ ਦੇ ਰੂਪ ਵਿਚ ਕੀਤੀ। ''ਮੰਨ ਲੈਂਦਾ ਹੈ'' ਸ਼ਬਦ ਵਿਚ ਨਿਹਚਾ ਦੇ ਦੂਜੇ ਸਾਰੇ ਕੰਮ ਸ਼ਾਮਿਲ ਹਨ ਜਿਹੜੇ ਸਾਨੂੰ ਮਸੀਹ ਵਿਚ ਲਿਆਉਂਦੇ ਅਤੇ ਵਫ਼ਾਦਾਰੀ ਨਾਲ ਮਸੀਹ ਵਿਚ ਸਾਨੂੰ ਕਾਇਮ ਰੱਖਦੇ ਹਨ।

*ਨਿਚੋੜ:* ਤਾਂ ਫਿਰ ਅਸੀਂ ਇਹ ਕਿਵੇਂ ਕਹਿ ਸਕਦੇ ਹਾਂ ਕਿ ਇਕਰਾਰ ਵੱਡਾ ਹੈ? ਅਜਿਹਾ ਅਸੀਂ ਇਸ ਕਰਕੇ ਆਖ ਸਕਦੇ ਹਾਂ ਕਿਉਂ ਜੋ ਇਹ ਬਿਲਕੁਲ ਸਹੀ, ਬੇਨੁਕਸ ਢੰਗ ਨਾਲ ਪੂਰਾ, ਪੱਕੇ ਤੌਰ ਤੇ ਛੁਟਕਾਰਾ ਦੁਆਉਣ ਵਾਲਾ, ਆਪਣੇ ਆਪ ਵਿਚ ਬੁਨਿਆਦੀ ਅਤੇ ਪੂਰੀ ਤਰ੍ਹਾਂ ਨਾਲ ਪ੍ਰਕਾਸ਼ ਦੇਣ ਵਾਲਾ ਹੈ।

ਜੇ ਰਸੂਲਾਂ ਦੇ ਇਸ ਇਕਰਾਰ ਨੂੰ ਬਾਈਬਲ ਵਿੱਚੋਂ ਕੱਢ ਲਿਆ ਜਾਏ ਤਾਂ ਪੂਰਾ ਨਵਾਂ ਨੇਮ ਢਹਿ ਢੇਰੀ ਹੋ ਜਾਏਗਾ। ਕਿਹਾ ਗਿਆ ਹੈ ਕਿ ਨਵਾਂ ਨੇਮ ''ਯਿਸੂ'' ਨਾਂਅ ਦੇ ਇੱਕੋ ਸ਼ਬਦ ਦੇ ਆਲੇ ਦੁਆਲੇ ਘੁੰਮਦਾ ਹੈ। ਨਵੇਂ ਨੇਮ ਦੀ ਸਾਰੀ ਸਿੱਖਿਆ ਕਿਤੇ ਨਾ ਕਿਤੇ ਯਿਸੂ ਨਾਲ ਜੁੜੀ ਹੋਈ ਹੈ।

ਅਸੀਂ ਪੱਕਾ ਨਹੀਂ ਆਖ ਸਕਦੇ ਕਿ ਰਸੂਲਾਂ ਦੀ ਸਮਝ ਕਿੰਨੀ ਕੁ ਗਹਿਰੀ ਸੀ, ਪਰ ਉਨ੍ਹਾਂ ਦੀ ਸ਼ੁਰੂਆਤ ਸਹੀ ਦਿਸ਼ਾ ਵੱਲ ਸੀ। ਉਨ੍ਹਾਂ ਨੂੰ ਯਿਸੂ ਬਾਰੇ ਤੱਥਾਂ ਦਾ ਮੁੱਢਲਾ ਗਿਆਨ ਸੀ। ਯਿਸੂ ਦੀ ਮੌਤ ਅਤੇ ਜੀ ਉੱਠਣ ਦੇ ਵਿੱਚੋਂ ਦੀ ਲੰਘਣ ਤੋਂ ਬਾਅਦ ਉਨ੍ਹਾਂ ਦੀ ਸਮਝ ਵਧਦੀ ਰਹਿਣੀ ਸੀ। ਛੇਤੀ ਹੀ ਉਨ੍ਹਾਂ ਨੇ ਇਸ ਸਚਿਆਈ ਨੂੰ ਪੂਰੀ ਤਰ੍ਹਾਂ ਨਾਲ ਮੰਨ ਲੈਣਾ ਸੀ; ਅਤੇ ਇਸ ਨੂੰ ਮੰਨਣ ਦੇ ਕਈ ਸਾਲਾਂ ਬਾਅਦ ਉਨ੍ਹਾਂ ਵਿੱਚੋਂ ਜ਼ਿਆਦਾਤਰ ਨੇ ਆਪਣੇ ਮੂੰਹ ਨਾਲ ਇਸ ਨੂੰ ਸੰਸਾਰ ਨੂੰ ਦੱਸਦੇ ਹੋਏ ਕੂਚ ਕਰ ਜਾਣਾ ਸੀ।

ਕ੍ਰਿਸਟੋਲੋਜੀ ਅਤੇ ਥਿਓਲੋਜੀ ਦੋਵੇਂ ਨਾਲ-ਨਾਲ ਚੱਲਦੇ ਹਨ। ਦੋਵੇਂ ਇਕ ਦੂਜੇ ਦੀ ਹਮਾਇਤ ਕਰਦੇ ਹਨ। ਖ਼ੁਦਾ ਨੇ ਯਿਸੂ ਨੂੰ ਇਸ ਕਰਕੇ ਭੇਜਿਆ ਤਾਂ ਜੋ ਯਿਸੂ ਸਾਨੂੰ ਖ਼ੁਦਾ ਦੇ ਕੋਲ ਲਿਜਾ ਸਕੇ। ਸਾਡੇ ਪ੍ਰਭੂ ਨੇ ਆਖਿਆ, ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)। ਖ਼ੁਦਾ ਅਤੇ ਯਿਸੂ ਵਿਚ ਅਸੀਂ ਇਕ ਬਿਲੁਕਲ ਪ੍ਰਤੱਖ ਏਕਤਾ ਵੇਖਦੇ ਹਾਂ। ਜੇ ਕੋਈ ਯਿਸੂ ਵਿਚ ਵਿਸ਼ਵਾਸ ਕਰਦਾ ਹੈ ਤਾਂ ਉਹ ਖ਼ੁਦਾ ਵਿਚ ਵਿਸ਼ਵਾਸ ਕਰੇਗਾ;

ਜੇ ਉਹ ਖ਼ੁਦਾ ਵਿਚ ਵਿਸ਼ਵਾਸ ਕਰਦਾ ਹੈ ਤਾਂ ਉਹ ਯਿਸੂ ਵਿਚ ਵਿਸ਼ਵਾਸ ਰੱਖੇਗਾ (ਯੂਹੰਨਾ 10:30)।

**ਮਸੀਹੀਅਤ ਦੀਆਂ ''ਵੱਡੀਆਂ ਗੱਲਾਂ''** (8:27-30)

ਜਦੋਂ ਅਸੀਂ ਮਸੀਹੀਅਤ ਉੱਤੇ ਭਾਵ ਉਸ ਇਲਾਹੀ ਧਰਮ ਉੱਤੇ ਵਿਚਾਰ ਕਰਦੇ ਹਾਂ ਜਿਹੜਾ ਮਸੀਹ ਨੇ ਸਾਨੂੰ ਦਿੱਤਾ ਹੈ, ਤਾਂ ਆਮ ਤੌਰ ਤੇ ਸਾਡੇ ਦਿਮਾਗ ਤਿੰਨ ਉੱਚ ਵਿਚਾਰਾਂ ਵੱਲ ਚਲੇ ਜਾਂਦੇ ਹਨ। ਇਹ ਫ਼ੈਸਲਾਕੁਨ ਵਿਚਾਰ ਸਾਨੂੰ ਸਿੱਧੇ ਮਸੀਹੀਅਤ ਦੇ ਸਾਰ ਤਕ ਪਹੁੰਚਾ ਦੰਦੇ ਹਨ। ਉਹ ਸਾਨੂੰ ਮਸੀਹੀਅਤ ਦੇ ਸਾਰ ਭਾਵ ਯਿਸੂ ਵੱਲੋਂ ਸਾਨੂੰ ਦਿੱਤੇ ਗਏ ਧਰਮ ਦੇ ਉਸ ਛੋਟੇ ਰੂਪ ਨੂੰ ਵਿਖਾਉਂਦੇ ਹਨ। ਉਹ ਸਾਨੂੰ ਉਸ ਸਾਰ ਨੂੰ ਵੇਖਣ ਦਾ ਮੌਕਾ ਦਿੰਦੇ ਹਨ ਕਿ ਯਿਸੂ ਕੀ ਚਾਹੁੰਦਾ ਹੈ ਕਿ ਸਾਡੀਆਂ ਜ਼ਿੰਦਗੀਆਂ ਕਿਹੋ ਜਿਹੀਆਂ ਹੋਣ।

1. *ਅਸੀਂ ਵੱਡੇ ਇਕਰਾਰ* ਤੇ ਵਿਚਾਰ ਕਰਦੇ ਹਾਂ। ਫ਼ਲਸਤੀਨ ਦੀ ਉੱਤਰੀ ਹੱਦ ਦੇ ਇਲਾਕੇ ਵਿਚ ਰਹਿੰਦਿਆਂ ਯਿਸੂ ਨੇ ਰਸੂਲਾਂ ਨੂੰ ਪੁੱਛਿਆ, ''ਲੋਕ ਕੀ ਕਹਿੰਦੇ ਹਨ ਜੋ ਮੈਂ ਕੌਣ ਹਾਂ'' (8:27) । ਉਨ੍ਹਾਂ ਜਵਾਬ ਦਿੱਤਾ ਕਿ ਕਈ ''ਯੂਹੰਨਾ ਬਪਤਿਸਮਾ ਦੇਣ ਵਾਲਾ, ਕਈ ਏਲੀਆਹ, ਅਤੇ ਕਈ ਨਬੀਆਂ ਵਿੱਚੋਂ ਕੋਈ'' (ਵੇਖੋ 8:28; ਮੱਤੀ 16:14)। ਫਿਰ, ਆਮ ਤੋਂ ਖ਼ਾਸ ਵੱਲ ਜਾਂਦੇ ਹੋਏ, ਉਹਨੇ ਉਨ੍ਹਾਂ ਤੋਂ ਪੁੱਛਿਆ, ''ਪਰ *ਤੁਸੀਂ* ਕੀ ਆਖਦੇ ਹੋ ਮੈਂ ਕੌਣ ਹਾਂ?'' ਆਪਣੇ ਨੁਮਾਇੰਦੇ ਪਤਰਸ ਦੇ ਰਾਹੀਂ ਉਨ੍ਹਾਂ ਨੇ ਆਖਿਆ, ''ਤੂੰ ਮਸੀਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈਂ'' (ਮੱਤੀ 16:15, 16; ਵੇਖੋ ਮਰਕੁਸ 8:29)।

ਇਸ ਇਕਰਾਰ ਵਿਚ ਆਪਣੇ ਆਪ ਵਿਚ ਯਿਸੂ ਬਾਰੇ ਸਚਿਆਈ ਦੇ ਬੁਨਿਆਦੀ ਤੱਥ ਹਨ। ਇਹ ਇਕ ਵਾਕ ਹੈ ਜਿਹੜਾ ਬਿਲਕੁਲ ਸੱਚ ਹੈ। ਇਸ ਵਿਚ ਕੁਝ ਵੀ ਝੂਠ ਨਹੀਂ ਹੈ, ਭਾਵ ਇਹਦਾ ਇਕ ਵੀ ਸ਼ਬਦ ਬੇਕਾਰ ਨਹੀਂ ਹੈ।

ਮਸੀਹ ਕੌਣ ਹੈ? ਉਹ ਖ੍ਰਿਸਟੁਸ ਭਾਵ ਮਸੀਹਾ ਜਿਹੜਾ ਖ਼ੁਦਾ ਦਾ ਮਸਹ ਕੀਤਾ ਹੋਇਆ ਹੈ। ਉਹ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਹੈ। ਉਹ ਖ਼ੁਦਾਈ ਵਿੱਚੋਂ ਦੂਜਾ ਹੈ, ਜਿਸਨੂੰ ਖ਼ੁਦਾ ਨੇ ਸਾਡੇ ਛੁਡਾਉਣ ਲਈ ਸੰਸਾਰ ਵਿਚ ਘੱਲਿਆ ਹੈ। ਇਸ ਤੋਂ ਛੁੱਟ ''ਮਸੀਹਾ'' ਸ਼ਬਦ ਵਿਚ ਸੰਕੇਤ ਹੈ ਕਿ ਉਹ ਸਾਡੇ ਪਾਪਾਂ ਤੋਂ ਸਾਨੂੰ ਬਚਾਉਣ ਲਈ ਖ਼ੁਦਾ ਦਾ ਚੁਣਿਆ ਹੋਇਆ ਹੈ। ਉਹ ਮਸੀਹਾ, ਖ਼ੁਦਾ ਦਾ ਪੁੱਤਰ ਅਤੇ ਸਾਡਾ ਮੁਕਤੀਦਾਤਾ ਹੈ।

ਮਸੀਹੀਅਤ ਸਾਰੀ ਦੀ ਸਾਰੀ ਇਸੇ ਸਚਿਆਈ ਉੱਤੇ ਟਿਕੀ ਹੋਈ ਹੈ। ਬਾਈਬਲ ਦਾ ਸਾਰ ਮਸੀਹ ਦਾ ਆਉਣਾ ਹੈ। ਪੁਰਾਣਾ ਨੇਮ ਨਬੂਵਤ ਦੇ ਰਾਹੀਂ ਉਸ ਦੇ ਆਉਣ ਵੱਲ ਇਸ਼ਾਰਾ ਕਰਦਾ ਹੈ। ਇੰਜੀਲ ਦੇ ਵਿਰਤਾਂਤ ਦੱਸਦੇ ਹਨ ਕਿ ਉਹ ਆ ਚੁੱਕਿਆ ਹੈ। ਰਸੂਲਾਂ ਦੇ ਕਰਤੱਬ ਤੋਂ ਪ੍ਰਕਾਸ਼ ਦੀ ਪੋਥੀ ਤਕ ਦਾ ਨਵੇਂ ਨੇਮ ਦਾ ਬਾਕੀ ਦਾ ਹਿੱਸਾ ਦੱਸਦਾ ਹੈ ਕਿ ਉਹ ਕਲੀਸੀਆ ਦਾ ਕੋਨੇ ਦਾ ਸਿਰਾ, ਮਸੀਹੀ ਲੋਕਾਂ ਦੇ ਮੰਨਣ ਲਈ ਅਸਲ ਅਤੇ ਕਲੀਸੀਆ ਦਾ ਸਿਰ ਹੈ। ਸਾਨੂੰ ਆਪਣੀਆਂ ਜ਼ਿੰਦਗੀਆਂ ਨੂੰ ਓਸੇ ਅਧਾਰ ਤੇ ਜੋ ਮਸੀਹ ਹੈ, ਬਨਾਉਣਾ ਜ਼ਰੂਰੀ ਹੈ।

2. ਅਸੀਂ *ਵੱਡੇ ਹੁਕਮ* ਤੇ ਵਿਚਾਰ ਕਰਦੇ ਹਾਂ। ਸ਼ਰ੍ਹਾ ਦਾ ਇਕ ਸਿਖਾਉਣ ਵਾਲਾ ਯਿਸੂ ਨੂੰ ਮਿਲਿਆ। ਉਹਨੂੰ ਗ੍ਰੰਥੀਆਂ ਅਤੇ ਫ਼ਰੀਸੀਆਂ ਨੇ ਹੀ ਉਹਦੇ ਕੋਲ ਘੱਲਿਆ ਹੋਵੇਗਾ। ਮੱਤੀ 22:35–39 ਵਾਲੀ ਗੱਲਬਾਤ ਨੂੰ ਆਪਣੇ ਸ਼ਬਦਾਂ ਵਿਚ ਆਖੀਏ ਤਾਂ ਉਹ ਕੁਝ ਇਸ ਤਰ੍ਹਾਂ ਹੋਈ ਹੋਵੇਗੀ। ਸ਼ਰ੍ਹਾ ਦੇ ਸਿਖਾਉਣ ਵਾਲੇ ਨੇ ਯਿਸੂ ਤੋਂ ਪੁੱਛਿਆ, ''ਵੱਡਾ ਹੁਕਮ ਕਿਹੜਾ ਹੈ?'' ਰੱਬੀਆਂ ਨੇ ਪੁਰਾਣੇ ਨੇਮ ਵਿਚ 613 ਹੁਕਮ ਗਿਣੇ ਸਨ।[40] ਸ਼ਰ੍ਹਾ ਦਾ ਇਹ ਸਿਖਾਉਣ ਵਾਲਾ ਜਾਣਨਾ ਚਾਹ ਰਿਹਾ ਸੀ ਕਿ ਇਨ੍ਹਾਂ ਵਿੱਚੋਂ ਕਿਹੜਾ ਹੁਕਮ ਸਭ ਤੋਂ ਵੱਡਾ ਹੈ। ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੋਈ ਹੁਕਮ ਅਜਿਹਾ ਹੋ ਸਕਦਾ ਹੈ ਜਿਸ ਨੂੰ ਵੱਡੇ ਹੁਕਮ ਦੇ ਰੂਪ ਵਿਚ ਭਾਵ ਅਜਿਹੇ ਹੁਕਮ ਦੇ ਰੂਪ ਵਿਚ ਵੇਖਿਆ

ਜਾ ਸਕੇ ਜਿਹਦੇ ਹੇਠਾਂ ਦੂਜੇ ਸਾਰੇ ਹੁਕਮ ਆ ਸਕਣ। ਇਕ ਅਰਥ ਵਿਚ ਯਿਸੂ ਨੇ ਆਖਿਆ, ''ਮੈਂ ਤੈਨੂੰ ਦੱਸਦਾ ਹਾਂ ਕਿ ਸਭ ਤੋਂ ਵੱਡਾ ਹੁਕਮ ਅਤੇ ਉਸ ਤੋਂ ਅਗਲਾ ਸਭ ਤੋਂ ਵੱਡਾ ਹੁਕਮ ਕਿਹੜਾ ਹੈ।'' ਫਿਰ ਉਸ ਨੇ ਆਖਿਆ:

> ਤੂੰ ਪ੍ਰਭੂ ਆਪਣੇ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਅਤੇ ਆਪਣੀ ਸਾਰੀ ਜਾਨ ਨਾਲ ਅਤੇ ਆਪਣੀ ਸਾਰੀ ਬੁੱਧ ਨਾਲ ਪਿਆਰ ਕਰ। ਵੱਡਾ ਅਤੇ ਪਹਿਲਾ ਹੁਕਮ ਇਹੋ ਹੈ। ਅਤੇ ਦੂਆ ਇਹ ਦੇ ਵਾਂਙੁ ਹੈ ਕਿ ਤੂੰ ਆਪਣੇ ਗੁਆਂਢੀ ਨੂੰ ਆਪਣੇ ਜਿਹਾ ਪਿਆਰ ਕਰ। ਇਨ੍ਹਾਂ ਦੋਹਾਂ ਹੁਕਮਾਂ ਉੱਤੇ ਸਾਰੀ ਤੁਰੇਤ ਅਤੇ ਨਬੀਆਂ ਦੇ ਬਚਨ ਟਿਕੇ ਹੋਏ ਹਨ। (ਮੱਤੀ 22:37–40)।

ਹਰ ਕੋਈ, ਸ਼ਰ੍ਹਾ ਦਾ ਇਹ ਸਿਖਾਉਣ ਵਾਲਾ ਵੀ, ਯਿਸੂ ਦੀ ਗੱਲ ਨਾਲ ਸਹਿਮਤ ਸੀ।

ਯਿਸੂ ਸਾਨੂੰ ਖ਼ੁਦਾ ਕੋਲ ਲਿਜਾਣ ਲਈ ਆਇਆ। ਹਾਂ, ਜਿਹੜਾ ਧਰਮ ਉਹਨੇ ਸਾਨੂੰ ਦਿੱਤਾ ਹੈ ਉਹ Christ-ianty (ਮਸੀਹੀਅਤ ਜਾਂ ਮਸੀਹੀ ਧਰਮ) ਹੈ ਪਰ ਇਸ ਨੂੰ ''God-ianity'' (ਖ਼ੁਦਾ ਦਾ ਧਰਮ) ਵੀ ਕਿਹਾ ਜਾ ਸਕਦਾ ਹੈ। ਇਹ ਧਰਮ ਉਹ ਹੈ ਜਿਹੜਾ ਖ਼ੁਦਾ ਨੇ ਸਾਨੂੰ ਯਿਸੂ ਦੇ ਰਾਹੀਂ ਦਿੱਤਾ ਹੈ। ਯਿਸੂ ਨੇ ਆਖਿਆ, ''ਰਾਹ ਅਤੇ ਸਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ'' (ਯੂਹੰਨਾ 14:6)।

ਮਸੀਹੀਅਤ ਦਾ ਸਾਰ ਖ਼ੁਦਾ ਨਾਲ ਪਿਆਰ ਕਰਨਾ ਅਤੇ ਆਪਣੇ ਗੁਆਂਢੀਆਂ ਨਾਲ ਆਪਣੇ ਵਰਗਾ ਪਿਆਰ ਕਰਨਾ ਸਿੱਖਣਾ ਹੈ। ਜੇ ਸਾਡੇ ਅੰਦਰ ਖ਼ੁਦਾ ਦਾ ਪਿਆਰ ਸਹੀ ਢੰਗ ਨਾਲ ਵਧ ਜਾਵੇ, ਤਾਂ ਇਹ ਆਪਣੇ ਆਪ ਸਾਨੂੰ ਉਨ੍ਹਾਂ ਦੂਜੀਆਂ ਸਭ ਗੱਲਾਂ ਵਿਚ ਮਦਦ ਕਰੇਗਾ ਜਿਹੜੀਆਂ ਸਾਨੂੰ ਕਰਨੀਆਂ ਜ਼ਰੂਰੀ ਹਨ। ਜੇ ਕੋਈ ਇਸ ਹੁਕਮ ਨੂੰ ਮੰਨਦਾ ਰਹੇ, ਤਾਂ ਉਸ ਨੂੰ ਦੂਜੀਆਂ ਸਭ ਗੱਲਾਂ ਨਾਲ ਉਹਦਾ ਰਵੱਈਆ ਸਹੀ ਹੋ ਜਾਏਗਾ। ਇਸ ਹੁਕਮ ਵਿਚ ਸਾਡੇ ਜੀਣ ਦੀ ਮੁੱਖ ਗੱਲ ਦੱਸੀ ਗਈ ਹੈ।

3. ਅਸੀਂ *ਗ੍ਰੇਟ ਕਮੀਸ਼ਨ* ਦੀ ਗੱਲ ਕਰਦੇ ਹਾਂ। ਸੁਰਗ ਵਿਚ ਵਾਪਸ ਜਾਣ ਤੋਂ ਪਹਿਲਾਂ ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਕਿ ਉਹ ਉਨ੍ਹਾਂ ਤੋਂ ਉਸ ਇੰਜੀਲ ਦਾ ਕੀ ਕਰਵਾਉਣਾ ਚਾਹੁੰਦਾ ਹੈ ਜਿਸ ਨੂੰ ਉਹਨੇ ਧਰਤੀ ਉਤਲੀ ਆਪਣੀ ਸੇਵਕਾਈ, ਆਪਣੀ ਮੌਤ, ਆਪਣੇ ਦਫ਼ਨਾਏ ਜਾਣ, ਅਤੇ ਆਪਣੇ ਜੀ ਉੱਠਣ ਦੇ ਰਾਹੀਂ ਤਿਆਰ ਕੀਤਾ ਸੀ। ਉਸ ਨੇ ਇਸ ਇੰਜੀਲੀ ਸੰਦੇਸ਼ ਨੂੰ ਉਨ੍ਹਾਂ ਦੇ ਸਪੁਰਦ ਕਰ ਦਿੱਤਾ ਅਤੇ ਉਨ੍ਹਾਂ ਨੂੰ ਕਿਹਾ ਕਿ ਜਾਓ ਅਤੇ ਇਸ ਦਾ ਪ੍ਰਚਾਰ ਕਰੋ।

ਇਸ ਦੇ ਅੰਦਰ ਆਪਣੇ ਆਪ ਵਿਚ ''ਤਿੰਨ ਸਾਰੇ'' ਹਨ ਸਾਰਾ ਇਖ਼ਤਿਆਰ, ਸਾਰਾ ਕੰਮ ਅਤੇ ਸਾਰਾ ਭਰੋਸਾ। ਦੂਜੇ ਸ਼ਬਦਾਂ ਵਿਚ, ਉਸ ਨੇ ਆਖਿਆ, ''ਮੇਰੇ ਇਖ਼ਤਿਆਰ ਨਾਲ, ਤੁਸੀਂ ਸਭ ਕੌਮਾਂ ਕੋਲ ਜਾਓ, ਉਨ੍ਹਾਂ ਨੂੰ ਮੇਰੇ ਚੇਲੇ ਬਣਨਾ ਸਿਖਾਓ, ਅਤੇ ਉਨ੍ਹਾਂ ਨੂੰ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਦੇ ਨਾਂਅ ਵਿਚ ਬਪਤਿਸਮਾ ਦਿਓ। ਯਾਦ ਰੱਖੋ ਕਿ ਤੁਹਾਡੇ ਇਹ ਕਰਨ ਤੇ ਮੈਂ ਤੁਹਾਡੇ ਨਾਲ ਰਹਾਂਗਾ'' (ਵੇਖੋ ਮੱਤੀ 28:18–20)।

ਇਹ ਹੁਕਮ ਸਾਨੂੰ ਸਾਡਾ ਮਿਸ਼ਨ ਦੇ ਦਿੰਦਾ ਹੈ। ਸਾਡੇ ਵਿੱਚੋਂ ਕੋਈ ਸਕੂਲ ਟੀਚਰ ਹੈ, ਕੋਈ ਡਾਕਟਰ ਅਤੇ ਕੋਈ ਕਿਸਾਨ, ਇਹ ਸਾਰੇ ਕਾਰੋਬਾਰ ਹਨ, ਪਰ ਗ੍ਰੇਟ ਕਮੀਸ਼ਨ ਸਾਨੂੰ ਸਾਡਾ ਮਿਸ਼ਨ ਦੇ ਦਿੰਦਾ ਹੈ।

*ਨਿਚੋੜ:* ਇਹਦਾ ਮਤਲਬ ਹੋਇਆ ਕਿ ਇਹ ਮਸੀਹੀਅਤ ਦਾ ਸਾਰ ਹੈ। ਇੰਜੀਲ ਦਾ ਹੁਕਮ ਮੰਨ ਕੇ ਅਸੀਂ ਮਸੀਹੀ ਬਣਦੇ ਹਾਂ ਅਤੇ ਇਸ ਤੋਂ ਬਾਅਦ ਯਿਸੂ ਦੇ ਖ਼ੁਦਾ ਹੋਣ ਦੀ ਸਚਿਆਈ ਦੇ ਅਧਾਰ ਤੇ ਆਪਣੀਆਂ ਜ਼ਿੰਦਗੀਆਂ ਨੂੰ ਬਣਾਉਂਦੇ ਹੋਏ ਖ਼ੁਦਾ ਨੂੰ ਆਪਣੇ ਪੂਰੇ ਦਿਲ ਨਾਲ ਪਿਆਰ ਕਰਦੇ ਹੋਏ ਅਤੇ ਨਵੇਂ ਨੇਮ ਦੀ ਖੁਸ਼ਖ਼ਬਰੀ ਨੂੰ ਬਾਕੀ ਦੇ ਲੋਕਾਂ ਕੋਲ ਦੁਨੀਆਂ ਵਿਚ ਲਿਜਾਂਦੇ ਹੋਏ, ਮਸੀਹ ਵਰਗੀ ਜ਼ਿੰਦਗੀ ਦੀਆਂ ਬੁਨਿਆਦੀ ਗੱਲਾਂ ਨਾਲ ਸ਼ੁਰੂਆਤ ਕਰਦੇ ਹਾਂ। ਇਹ ਤਿੰਨ ''ਵੱਡੀਆਂ ਗੱਲਾਂ'' ਸਾਡੀ ਬੁਨਿਆਦ, ਸਾਡੇ ਵਿਹਾਰ ਅਤੇ ਸਾਡੇ ਮਿਸ਼ਨ ਨੂੰ ਦੱਸਦੀਆਂ ਹਨ। ਇਹ ਉਹ ਸਿੱਖਿਆਵਾਂ ਹਨ

ਜਿਹੜੀਆਂ ਸਾਡੀ ਜ਼ਿੰਦਗੀ ਦੇ ਹਰ ਹਿੱਸੇ ਵਿਚ ਪਹੁੰਚ ਜਾਂਦੀਆਂ ਹਨ।

ਮਸੀਹੀਅਤ: ਹਰ ਕੋਈ ਇਸ ਨੂੰ ਸਮਝ ਸਕਦਾ ਹੈ, ਹਰ ਕੋਈ ਇਸ ਨੂੰ ਕਰ ਸਕਦਾ ਹੈ ਅਤੇ ਹਰ ਕੋਈ ਇਹਦੇ ਰਾਹੀਂ ਬਚਾਇਆ ਜਾ ਸਕਦਾ ਹੈ!

**ਮਸੀਹ ਦਾ ਦੁੱਖ ਝੱਲਣਾ** (8:31-33)

ਕੈਸਰੀਆ ਫ਼ਿਲਿੱਪੀ ਦੇ ਇਲਾਕੇ ਵਿਚ, ਰਸੂਲਾਂ ਨੇ ਇਕਰਾਰ ਕੀਤਾ ਸੀ ਕਿ ਯਿਸੂ ਜੀਉਂਦੇ ਪਰਮੇਸ਼ੁਰ ਦਾ ਪੁੱਤਰ ਮਸੀਹ ਹੈ। ਪਤਰਸ ਉਨ੍ਹਾਂ ਦਾ ਨੁਮਾਇੰਦਾ ਸੀ। ਇਸ ਇਕਰਾਰ ਵਿਚ ਯਿਸੂ ਦੀ ਸ਼ਖ਼ਸੀਅਤ ਅਤੇ ਵਜੂਦ ਦੀਆਂ ਸਭ ਗੱਲਾਂ ਸਨ। ਉਨ੍ਹਾਂ ਦੇ ਐਲਾਨ ਨਾਲ ਇਹ ਸੰਕੇਤ ਦਿੱਤਾ ਗਿਆ ਕਿ ਉਹ ਸਮਝ ਗਏ ਸਨ ਕਿ ਯਿਸੂ ਕੌਣ ਸੀ।

ਯਿਸੂ ਨੇ ਰਸੂਲਾਂ ਦੇ ਇਕਾਰ ਨੂੰ ਮੰਨ ਲਿਆ ਸੀ ਅਤੇ ਇਹ ਇਕਰਾਰ ਕਰਨ ਕਰਕੇ ਉਨ੍ਹਾਂ ਨੂੰ ਬਰਕਤ ਦਿੱਤੀ ਸੀ। ਪਰ ਇਸ ਤੋਂ ਬਾਅਦ ਯਿਸੂ ਨੇ ਇਹ ਜ਼ਾਹਿਰ ਕਰਨਾ ਸੀ ਕਿ ਜਿਹੜਾ ਇਕਰਾਰ ਉਨ੍ਹਾਂ ਨੇ ਹੁਣੇ ਹੁਣੇ ਕੀਤਾ ਹੈ ਉਸ ਨੂੰ ਪੂਰੀ ਤਰ੍ਹਾਂ ਨਾਲ ਸਮਝਣ ਲਈ ਉਨ੍ਹਾਂ ਨੂੰ ਅਜੇ ਲੰਮਾ ਪੈਂਡਾ ਤੈਅ ਕਰਨਾ ਪੈਣਾ ਸੀ। ਉਨ੍ਹਾਂ ਨੂੰ ਪਤਾ ਸੀ ਕਿ ਯਿਸੂ ਮਸੀਹਾ ਅਤੇ ਪਰਮੇਸ਼ੁਰ ਦਾ ਪੁੱਤਰ ਹੈ, ਪਰ ਉਨ੍ਹਾਂ ਨੂੰ ਇਹ ਸਮਝ ਨਹੀਂ ਸੀ ਕਿ ਉਹ ਯਸਾਯਾਹ 53 ਅਧਿਆਇ ਵਿਚਲਾ ਦੁਖੀ ਸੇਵਕ ਹੋਵੇਗਾ। ਇੱਥੇ ਅਜੇ ਵੀ ਉਨ੍ਹਾਂ ਨੇ ਯਿਸੂ ਦੇ ਸਰੀਰਕ ਸ਼ਾਨੋ ਸ਼ੌਕਤ ਨਾਲ ਦੁਨਿਆਵੀ ਰਾਜਾ ਹੋਣ ਦੀ ਕਲਪਨਾ ਕੀਤੀ। ਯਿਸੂ ਬਾਰੇ ਆਪਣੇ ਵਿਸ਼ਵਾਸ ਵਿਚ ਉਹ ਸਹੀ ਚੱਲ ਰਹੇ ਸਨ ਕਿਉਂਕਿ ਉਹ ਉਸ ਵਿਚ ਆਪਣੇ ਵਿਸ਼ਵਾਸ ਵਿਚ ਕਾਫ਼ੀ ਅਗੇ ਨਿੱਕਲ ਆਏ ਸਨ। ਪਰ ਫਿਰ ਵੀ ਉਨ੍ਹਾਂ ਨੂੰ ਉਸ ਨੂੰ ਜੋ ਅੱਗੇ ਹੋਣ ਵਾਲਾ ਸੀ, ਸਮਝਣ ਲਈ ਕਾਫ਼ੀ ਸਮਝ ਦੀ ਲੋੜ ਹੋਣੀ ਸੀ।

ਇੱਥੇ ਬਾਈਬਲ ਵਿਚ ਕਿਹਾ ਗਿਆ ਹੈ ਕਿ ਯਿਸੂ ਆਪਣੇ ਦੁੱਖ ਝੱਲਣ ਭਾਵ ਆਪਣੇ ਦੁੱਖਾਂ ਬਾਰੇ ਦੱਸਣ ਲੱਗਾ ਜਿਹੜੇ ਉਹਦੇ ਅੱਗੇ ਸਨ। ਦੁੱਖ ਝੱਲਣ ਦੀਆਂ ਤਿੰਨ ਚਰਚਾਵਾਂ ਵਿੱਚੋਂ ਇਹ ਪਹਿਲੀ ਹੈ (8:31–33; 9:30–32; 10:32–34)। ਇਨ੍ਹਾਂ ਚਰਚਾਵਾਂ ਵਿਚ ਯਿਸੂ ਨੇ ਇਨ੍ਹਾਂ ਲੋਕਾਂ ਨੂੰ ਉਨ੍ਹਾਂ ਦੁੱਖਾਂ ਬਾਰੇ ਦੱਸਣਾ ਸ਼ੁਰੂ ਕਰਨਾ ਸੀ ਜਿਹੜੇ ਉਸ ਨੇ ਝੱਲਣੇ ਸਨ। ਤਿੰਨਾਂ ਚਰਚਾਵਾਂ ਵਿਚ ਮੁਰਦਿਆਂ ਵਿੱਚੋਂ ਜੀ ਉੱਠਣ ਦੀ ਆਸ ਵੀ ਸੀ।

1. 8:31–33 ਦੇ ਸਬੰਧ ਵਿਚ, ਸਾਡੇ ਲਈ ਯਿਸੂ ਦੀ ਆਪਣੀ ਮੌਤ ਦੀ *ਵਿਆਖਿਆ* ਨੂੰ ਸਮਝਣਾ ਜ਼ਰੂਰੀ ਹੈ। ਯਿਸੂ ਨੇ ਆਪਣੇ ਰਸੂਲਾਂ ਉੱਤੇ ਇਹ ਹੈਰਾਨ ਕਰ ਦੇਣ ਵਾਲੀ ਸਚਿਆਈ ਪਰਗਟ ਕੀਤੀ ਕਿ ਦੁੱਖ ਝੱਲਣਾ ਉਹਦੀ ਉਡੀਕ ਕਰ ਰਿਹਾ ਸੀ ਅਤੇ ਇਸ ਦੀ ਸ਼ੁਰੂਆਤ ਠੁਕਰਾਏ ਜਾਣ ਨਾਲ ਹੋਣੀ ਸੀ। ਯਰੂਸ਼ਲਮ ਦੇ ਧਾਰਮਿਕ ਆਗੂਆਂ ਨੇ ਉਸ ਉੱਤੇ ਵਿਸ਼ਵਾਸ ਨਹੀਂ ਕਰਨਾ ਸੀ ਅਤੇ ਉਸ ਨੂੰ ਧੋਖੇਬਾਜ਼ ਐਲਾਨ ਦੇਣਾ ਸੀ। ਇਸ ਠੁਕਰਾਏ ਜਾਣ ਨੂੰ ਧਿਆਨ ਵਿਚ ਰੱਖਦਿਆਂ ਯਿਸੂ ਨੇ ‘‘ਬਹੁਤ ਦੁੱਖ’’ ਝੱਲਣੇ ਸਨ। ਉਹਦੇ ਬਹੁਤ ਸਾਰੇ ਦੁੱਖ ਖ਼ੁਦਾ ਦੀ ਸਦੀਪਕ ਯੋਜਨਾ ਦੇ ਪੜਦੇ ਦੇ ਪਿੱਛੇ ਲੁਕੇ ਹੋਏ ਸਨ।

ਯਿਸੂ ਨੇ ਆਖਿਆ ਕਿ ਇਹ ਠੁਕਰਾਇਆ ਜਾਣਾ ਜ਼ਰੂਰੀ ਹੋਣਾ ਸੀ। ਉਸ ਨੇ ਸੰਕੇਤ ਦਿੱਤਾ ਕਿ ਉਹਦਾ ਦੁੱਖ ਝੱਲਣਾ ਹੀ ਉਹ ਇੱਕੋ ਇਕ ਤਰੀਕਾ ਸੀ ਜਿਹਦੇ ਰਾਹੀਂ ਮਨੁੱਖ ਜਾਤੀ ਨੂੰ ਬਚਾਇਆ ਜਾ ਸਕਦਾ ਸੀ। ਛੁਟਕਾਰੇ ਦੀ ਵੱਡੀ ਯੋਜਨਾ ਲਈ ਇਹ ਜ਼ਰੂਰੀ ਸੀ।

ਯਿਸੂ ਨੇ ਬਜ਼ੁਰਗਾਂ, ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ ਨੂੰ ਉਸ ਨੂੰ ਠੁਕਰਾਉਣ ਵਾਲਿਆਂ ਵਿੱਚੋਂ ਪ੍ਰਮੁੱਖ ਦੱਸਿਆ। ਇਹ ਠੁਕਰਾਇਆ ਜਾਣਾ ਬੇਰਹਿਮ ਅਤੇ ਖ਼ਤਰਨਾਕ ਹੋਣਾ ਸੀ। ਇਸ ਨੇ ਉੱਚੇ ਅਹੁਦੇ ਵਾਲੇ ਯਹੂਦੀਆਂ ਅਤੇ ਮਹਾਸਭਾ ਵੱਲੋਂ ਉਸ ਨੂੰ ਮੁਜਰਮ ਠਹਿਰਾ ਕੇ ਮੌਤ ਦੇਣ ਨਾਲ ਖ਼ਤਮ ਹੋਣਾ ਸੀ। ਉਹਨੇ ਸਿਰਫ਼ ਮਰਨਾ ਹੀ ਨਹੀਂ ਸੀ ਬਲਕਿ ਉਹਨੂੰ ਯਹੂਦੀਆਂ ਦੀ ਸ਼ਰ੍ਹਾ ਦੀ ਸਭ ਤੋਂ ਵੱਡੀ ਅਦਾਲਤ

ਵੱਲ ਖ਼ੂਨ ਖ਼ਰਾਬੇ ਅਤੇ ਖ਼ਤਰਨਾਕ ਤਰੀਕੇ ਨਾਲ ਮਾਰ ਸੁੱਟਿਆ ਜਾਣਾ ਸੀ। ਉਹਨੂੰ ਦਫ਼ਨਾ ਦਿੱਤਾ ਜਾਣਾ ਸੀ, ਪਰ ਤਿੰਨ ਦਿਨਾਂ ਮਗਰੋਂ ਉਹਨੇ ਫੇਰ ਤੋਂ ਜੀ ਉੱਠਣਾ ਸੀ। ਉਸ ਨੂੰ ਦੋਸ਼ੀ ਠਹਿਰਾਏ ਜਾਣ, ਅਤੇ ਸਲੀਬ ਦਿੱਤੇ ਜਾਣ ਤੋਂ ਬਾਅਦ ਉਹਦੇ ਮੁਰਦਿਆਂ ਵਿੱਚੋਂ ਜੀ ਉੱਠ ਕੇ ਰਾਜ ਕਰਨ ਲਈ ਸੁਰਗ ਵਿਚ ਉੱਪਰ ਉਠਾ ਲਏ ਜਾਣ ਤੇ ਉਹਦੀ ਤਾਜਪੋਸ਼ੀ ਹੋਣੀ ਸੀ।

ਜਿਵੇਂ ਕਿ ਉਮੀਦ ਸੀ, ਇਸ ਵਿਆਖਿਆ ਨੇ ਰਸੂਲਾਂ ਨੂੰ ਉਲਝਣ, ਹੈਰਾਨੀ ਅਤੇ ਪਰੇਸ਼ਾਨੀ ਵਿਚ ਪਾ ਦਿੱਤਾ। ਪਰ ਜੋ ਕੁਝ ਹੋਣ ਵਾਲਾ ਸੀ ਉਸ ਉੱਤੇ ਉਸ ਵੇਲੇ ਚਰਚਾ ਹੋਣੀ ਜ਼ਰੂਰੀ ਸੀ ਅਤੇ ਇਹਦੇ ਖ਼ਤਮ ਹੋਦ ਤਕ ਇਸ ਉੱਤੇ ਹੋਰ ਚਰਚਾਵਾਂ ਜ਼ਰੂਰੀ ਹੋਣੀਆਂ ਸਨ।

ਜਦੋਂ ਕੋਈ ਇਹ ਵਿਸ਼ਵਾਸ ਕਰ ਲੈਂਦਾ ਹੈ ਕਿ ਯਿਸੂ ਖ਼ੁਦਾ ਦਾ ਪੁੱਤਰ ਹੈ ਅਤੇ ਇਹ ਕਿ ਉਹ ਸਾਡੇ ਵਿਚਕਾਰ ਰਹਿਣ ਲਈ ਸੁਰਗ ਤੋਂ ਹੇਠਾਂ ਆਇਆ, ਤਾਂ ਉਹ ਯਿਸੂ ਦੇ ਦੇਹਧਾਰੀ ਹੋਣ ਅਤੇ ਉਸ ਦੀ ਆਮਦ ਦੇ ਦੂਜੇ ਸ਼ਾਨਦਾਰ ਪਹਿਲੂਆਂ ਉੱਤੇ ਵੀ ਵਿਸ਼ਵਾਸ ਕਰ ਸਕਦਾ ਹੈ। ਉਦਾਹਰਣ ਲਈ ਉਹਨੂੰ ਇਹ ਵਿਸ਼ਵਾਸ ਕਰਨ ਵਿਚ ਕੋਈ ਪਰੇਸ਼ਾਨੀ ਨਹੀਂ ਆਏਗੀ ਕਿ ਯਿਸੂ ਦਾ ਜਨਮ ਖ਼ਾਸ ਹੋਣਾ ਸੀ, ਉਸ ਨੇ ਚਮਤਕਾਰ ਕਰਨ ਵਾਲਾ ਹੋਣਾ ਸੀ ਜਿਨ੍ਹਾਂ ਨਾਲ ਉਹਦੀ ਸ਼ਕਤੀ ਦੀ ਤਸਦੀਕ ਹੋ ਜਾਂਦੀ ਅਤੇ ਸ਼ਾਨਦਾਰ ਸਿਖਾਉਣ ਵਾਲਾ ਹੋਣਾ ਸੀ। ਪਰ ਹੋ ਸਕਦਾ ਹੈ ਕਿ ਉਸ ਨੂੰ ਯਿਸੂ ਦੀ ਮੌਤ ਦੀ ਧਾਰਣਾ, ਅਜੇ ਵੀ ਸਮਝ ਨਾ ਆਏ। ਇਸ ਸਚਿਆਈ ਨੂੰ ਮੰਨ ਲੈਣਾ ਔਖਾ ਹੈ ਕਿ ਉਸ ਸਮੇਂ ਦੇ ਧਾਰਮਿਕ ਆਗੂਆਂ ਭਾਵ ਗ੍ਰੰਥੀਆਂ, ਪ੍ਰਧਾਨ ਯਾਜਕਾਂ ਅਤੇ ਬਜ਼ੁਰਗਾਂ ਨੇ ਉਸ ਨੂੰ ਮਰਵਾ ਦਿੱਤਾ।

2. ਜੋ ਕੁਝ ਉਹਦੇ ਨਾਲ ਹੋਣ ਵਾਲਾ ਸੀ ਉਹਦੇ ਵੇਰਵੇ ਵਿਚ ਸਾਡੇ ਯਾਦ ਰੱਖਣ ਲਈ ਇਕ *ਉਦਾਹਰਣ* ਹੈ। ਉਹਦੀਆਂ ਸਿੱਧੀਆਂ ਗੱਲਾਂ ਸਾਫ਼–ਸਾਫ਼ ਤਾਂ ਹੈ ਹੀ ਸਨ, ਨਬੂਵਤੀ ਵੀ ਸਨ। ਉਹਦੀ ਪੇਸ਼ਨਗੋਈ ਬਿਲਕੁਲ ਸਾਫ਼ ਸੀ, ਭਾਵ ਇਹ ਸਾਫ਼–ਸਾਫ਼ ਭਾਸ਼ਾ ਵਿਚ, ਬਿਨਾਂ ਕਿਸੇ ਲਾਗ ਲਪੇਟ ਦੇ ਹੁੰਦੀ ਸੀ। ਇਹ ਨਬੂਵਤ ਅਜਿਹੀ ਸੀ ਜਿਸਨੂੰ ਸਿਰਫ਼ ਖ਼ੁਦਾ ਦਾ ਪੁੱਤਰ ਹੀ ਪੂਰਾ ਕਰ ਸਕਦਾ ਸੀ। ਯਿਸੂ ਉਹ ਦੱਸ ਰਿਹਾ ਸੀ ਜਿਸਦਾ ਹੋਣਾ ਜ਼ਰੂਰੀ ਸੀ ਅਤੇ ਜੋ ਹੋਣ ਵਾਲਾ ਸੀ।

ਇਸ ਐਲਾਨ ਵਿਚ ਅਗੇਤਰਾ ਗਿਆਨ ਭਾਵ ਉਹ ਇਲਾਹੀ ਪੂਰਬ ਗਿਆਨ ਸੀ ਜਿਹੜਾ ਕੁਦਰਤੀ ਦਾਇਰੇ ਤੋਂ ਉੱਪਰ ਹੈ। ਉਸ ਦੀ ਨਬੂਵਤ ਪੱਧਰੀ ਤੇ ਸਾਫ਼ ਸੀ। ਇਸ ਤੋਂ ਪਤਾ ਲੱਗਾ ਕਿ ਮਹਾਸਭਾ ਦੇ ਅਧਿਕਾਰੀਆਂ, ਗ੍ਰੰਥੀਆਂ, ਪ੍ਰਧਾਨ ਯਾਜਕਾਂ ਅਤੇ ਬਜ਼ੁਰਗਾਂ ਨੇ ਕੀ ਕਰਨਾ ਸੀ। ਉਨ੍ਹਾਂ ਨੇ ਉਸ ਨੂੰ ਠੁਕਰਾ ਦੇਣਾ ਸੀ, ਅਤੇ ਮਰਵਾ ਦੇਣਾ ਸੀ। ਇਸ ਤੋਂ ਇਲਾਵਾ ਉਸ ਨੇ ਕਬਰ ਤੋਂ ਅੱਗੇ ਜ਼ਿੰਦਗੀ ਦੀ ਧੁੰਦਲੀ ਉਮੀਦ ਨਹੀਂ ਦੁਆਈ। ਕਿਉਂ ਜੋ ਸੰਖੇਪ ਵਿਚ ਉਹਨੇ ਆਖਿਆ ਕਿ ''ਤਿੰਨਾਂ ਦਿਨਾਂ ਪਿੱਛੋਂ ਉਹਨੇ'' ਜੀ ਉੱਠਣਾ ਸੀ (8:31)। ਯਿਸੂ ਆਪਣੇ ਹੀ ਜੀ ਉੱਠਣ ਦੀ ਪੇਸ਼ਨਗੋਈ ਕਰ ਰਿਹਾ ਸੀ। ਖ਼ੁਦਾ ਦੇ ਪੁੱਤਰ ਤੋਂ ਇਲਾਵਾ ਹੋਰ ਕਿਹੜਾ ਅਜਿਹੀ ਨਬੂਵਤ ਕਰ ਸਕਦਾ ਸੀ?

ਅਗਲੀਆਂ ਆਇਤਾਂ ਇਹ ਸਾਬਿਤ ਕਰਦੀਆਂ ਸਨ ਕਿ ਯਿਸੂ ਸੱਚਾ ਨਬੀ ਸੀ। ਉਹਨੇ ਜੋ ਕੁਝ ਵੀ ਨਬੂਵਤ ਕੀਤੀ, ਉਹ ਪੂਰੀ ਹੋਈ। ਜਿਹਨੇ ਇਹ ਨਬੂਵਤਾਂ ਕੀਤੀਆਂ ਸਨ ਓਸੇ ਨੇ ਹਰ ਨਬੂਵਤ ਨੂੰ ਪੂਰਾ ਕੀਤਾ। ਜਿਹਨੇ ਇਸ ਤਸਵੀਰ ਦੀ ਨਬੂਵਤ ਕੀਤੀ ਸੀ ਓਸੇ ਨੇ ਇਹ ਸਭ ਕੁਝ ਕਰਵਾਇਆ। ਇਸ ਗਵਾਹੀ ਨੂੰ ਮੰਨ ਲੈਣ ਲਈ ਇਹ ਵਿਸ਼ਵਾਸ ਕਰਨਾ ਜ਼ਰੂਰੀ ਹੈ ਕਿ ਧਰਤੀ ਉੱਤੇ ਰਹਿਣ ਵੇਲੇ ਵੀ, ਯਿਸੂ ਸਮੇਂ ਤੋਂ ਉੱਪਰ ਸੀ। ਉਸ ਨੇ ਸਭ ਕੁਝ ਬਣਾਇਆ, ਸਭ ਕੁਝ ਬਣਾਈ ਰੱਖਦਾ ਹੈ ਅਤੇ ਸਭ ਵਸਤਾਂ ਨੂੰ ਇਕੱਠਿਆਂ ਰੱਖਦਾ ਹੈ। ਉਹ ਪਰਮੇਸ਼ੁਰ ਦਾ ਪੁੱਤਰ ਮਸੀਹ ਹੈ।

ਯਿਸੂ ਨੇ ਇਹ ਗੱਲਾਂ ਸਿਰਫ਼ ਆਪਣੇ ਚੇਲਿਆਂ ਨੂੰ ਦੱਸੀਆਂ; ਪਰ ਉਸ ਦਾ ਜੋ ਅਲੰਕਾਰ ਜਾਂ ਰੂਪਕਾਂ ਦੇ ਬਗੈਰ ਸੀ, ਵੇਰਵਾ ਦਿੰਦੇ ਹੋਏ ਉਹ ਸਾਫ਼–ਸਾਫ਼ ਭਾਸ਼ਾ ਵਿਚ ਬੋਲ ਰਿਹਾ ਸੀ। ਰਸੂਲਾਂ ਬਾਅਦ ਵਿਚ ਉਨ੍ਹਾਂ ਨੂੰ ਯਿਸੂ ਦੀਆਂ ਕਹੀਆਂ ਗੱਲਾਂ ਅਤੇ ਆਪਣੇ ਕੰਮਾਂ ਦੇ ਭੇਤ ਸਮਝ ਆ ਜਾਣ ਤੇ ਉਨ੍ਹਾਂ ਨੇ ਹੈਰਾਨ ਹੋਣ ਸੀ।

3. ਆਓ ਉਸ *ਪ੍ਰਸੰਗਿਕਤਾ* ਨੂੰ ਵੇਖਦੇ ਹਾਂ ਜਿਹੜੀ ਦੁੱਖ ਝੱਲਣ ਤੋਂ ਪਹਿਲਾਂ ਦੇ ਸੰਦੇਸ਼ ਤੋਂ ਬਾਅਦ ਹੋਈ। ਅਸੀਂ ਵੇਖਦੇ ਹਾਂ ਕਿ ਯਿਸੂ ਦੇ ਸਾਫ਼-ਸਾਫ਼ ਦੱਸ ਦੇਣ ਦੇ ਬਾਵਜੂਦ ਉਹਦੇ ਸ਼ਬਦਾਂ ਦਾ ਅਰਥ ਗਲਤ ਕੱਢਿਆ ਜਾਂਦਾ ਸੀ।

ਪਤਰਸ ਨੇ ਮੁਕਤੀਦਾਤੇ ਵੱਲੋਂ ਕੀਤੀ ਵਿਆਖਿਆ ਨੂੰ ਸੁਣਿਆ ਸੀ, ਪਰ ਉਹਨੂੰ ਇਸ ਉੱਤੇ ਯਕੀਨ ਨਹੀਂ ਆਇਆ। ਉਹਨੇ ਯਿਸੂ ਨੂੰ ਬਚਾਉਣ ਲਈ ਅੱਗੇ ਆਉਣ ਦਾ ਫ਼ੈਸਲਾ ਕੀਤਾ। ਉਹ ਉਸ ਨੂੰ ਇਕ ਪਾਸੇ ਲੈ ਗਿਆ। ਉਹ ਯਿਸੂ ਨਾਲ ਇਕਾਂਤ ਵਿਚ ਜਾਣਾ ਚਾਹੁੰਦਾ ਸੀ ਕਿਉਂ ਜੋ ਉਹ ਦੂਜਿਆਂ ਦੇ ਸਾਹਮਣੇ ਉਹਨੂੰ ਝਿੜਕਣਾ ਨਹੀਂ ਚਾਹੁੰਦਾ ਸੀ। ਫਿਰ ਉਹ ਯਿਸੂ ਨੂੰ ਡਾਂਟਣ ਲੱਗਾ। ਪਤਰਸ ਨੇ ਆਖਿਆ, ''ਪ੍ਰਭੂ ਜੀ ਪਰਮੇਸ਼ੁਰ ਇਹ ਨਾ ਕਰੇ! ਤੇਰੇ ਲਈ ਇਹ ਕਦੇ ਨਾ ਹੋਵੇਗਾ!'' (ਮੱਤੀ 16:22)।

ਹੁਣੇ ਹੁਣੇ, ਵੱਡਾ ਇਕਰਾਰ ਕਰਕੇ ਪਤਰਸ ਚੋਟੀ ਤੇ ਖਲੋਤਾ ਸੀ ਅਤੇ ਹੁਣੇ, ਯਿਸੂ ਨੂੰ ਝਿੜਕ ਕੇ ਡੂੰਘੀ ਖੱਡ ਵਿਚ ਡਿੱਗ ਗਿਆ। ਯਿਸੂ ਦੀ ਪਿੱਠ ਦੂਜੇ ਰਸੂਲਾਂ ਵੱਲ ਸੀ। ਪਤਰਸ ਦੇ ਸਾਫ਼-ਸਾਫ਼ ਇਹ ਕਹਿਣ ਤੋਂ ਬਾਅਦ ਯਿਸੂ ਨੇ ਘੁੰਮ ਕੇ ਮੂੰਹ ਉਨ੍ਹਾਂ ਵੱਲ ਕਰ ਲਿਆ। ਉਹਦੇ ਅਜਿਹਾ ਕਰਨ ਨਾਲ ਹੁਣ ਉਹਦੀ ਪਿੱਠ ਪਤਰਸ ਵੱਲ ਹੋ ਗਈ। ਫਿਰ ਯਿਸੂ ਨੇ ਪਤਰਸ ਨੂੰ ਇਹ ਆਖਦਿਆਂ ਝਿੜਕਿਆ ਕਿ ਉਹ ਖ਼ੁਦਾ ਦੀਆਂ ਗੱਲਾਂ ਤੇ ਨਹੀਂ ਬਲਕਿ ਮਨੁੱਖਾਂ ਦੀਆਂ ਗੱਲਾਂ ਤੇ ਧਿਆਨ ਲਾ ਰਿਹਾ ਸੀ।

ਯਿਸੂ ਨੇ ਆਖਿਆ, ''ਹੇ ਸ਼ਤਾਨ ਮੈਥੋਂ ਪਿੱਛੇ ਹਟ! ਤੂੰ ਮੇਰੇ ਲਈ ਠੋਕਰ ਹੈਂ ਕਿਉਂ ਜੋ ਤੂੰ ਪਰਮੇਸ਼ੁਰ ਦੀਆਂ ਨਹੀਂ ਪਰ ਮਨੁੱਖਾਂ ਦੀਆਂ ਗੱਲਾਂ ਦਾ ਧਿਆਨ ਰੱਖਦਾ ਹੈਂ'' (ਮੱਤੀ 16:23)। ਵਿਰੋਧੀ ਸ਼ਤਾਨ ਨੇ ਪਤਰਸ ਦੇ ਰਾਹੀਂ ਗੱਲ ਕੀਤੀ ਅਤੇ ਯਿਸੂ ਨੇ ਉਸ ਦੁਸ਼ਟ ਨੂੰ ਆਪਣੇ ਸਾਹਮਣਿਉਂ ਚਲਿਆ ਜਾਣ ਲਈ ਆਖਿਆ। ਅਜ਼ਮਾਇਸ਼ਾਂ ਦੀ ਉਜਾੜ ਵਿਚ ਉਹਦੇ ਸਾਹਮਣੇ ਪਹਿਲਾਂ ਅਜਿਹੀ ਹੀ ਅਜ਼ਮਾਇਸ਼ ਆਈ ਸੀ ਤਾਂ ਉਦੋਂ ਉਹਨੇ ਸ਼ਤਾਨ ਨੂੰ ਮਨ੍ਹਾਂ ਕਰ ਦਿੱਤਾ ਸੀ (ਮੱਤੀ 4:10)। ਇਸ ਵਾਰ ਵੀ ਉਸ ਨੇ ਸ਼ਤਾਨ ਨੂੰ ਜ਼ਬਰਦਸਤ ਤਰੀਕੇ ਨਾਲ ਮਨ੍ਹਾਂ ਕਰਨਾ ਸੀ, ਭਾਵੇਂ ਉਹਨੇ ਉਹਦੇ ਮੁਖਰ ਰਸੂਲ ਦੇ ਰਾਹੀਂ ਹੀ ਕੰਮ ਕੀਤਾ ਸੀ।

ਮਸੀਹ ਲਈ, ਖ਼ੁਦਾ ਦੀ ਯੋਜਨਾ ਨੂੰ ਪੂਰਾ ਕਰਨ ਦਾ ਕੋਈ ਛੋਟਾ ਰਸਤਾ ਨਹੀਂ ਹੋ ਸਕਦਾ ਸੀ। ਜੇ ਖ਼ੁਦਾ ਦੀ ਇੱਛਾ ਨੇ ਸਲੀਬ ਵੱਲ ਇਸ਼ਾਰਾ ਕੀਤਾ ਤਾਂ ਉਹਨੇ ਉਹਦੇ ਵੱਲ ਹੀ ਜਾਣਾ ਸੀ; ਅਤੇ ਉਸ ਨੇ ਆਪਣੇ ਰਾਹ ਵਿਚ ਕਿਸੇ ਵੀ ਵਸਤੂ ਜਾਂ ਵਿਅਕਤੀ ਨੂੰ ਨਹੀਂ ਆਉਣ ਦੇਣਾ ਸੀ। ਪਤਰਸ ਦੀ ਸੋਚ ਅਤੇ ਖ਼ੁਦਾ ਦੀ ਸੋਚ ਮੇਲ ਨਹੀਂ ਖਾਂਦੀ ਸੀ। ਪਤਰਸ ਨੂੰ ਸਲੀਬ ਬਾਰੇ ਉਵੇਂ ਸੋਚਣਾ ਬੰਦ ਕਰ ਦੇਣਾ ਸੀ ਜਿਵੇਂ ਇਸ ਨੂੰ ਲੋਕ ਵੇਖਦੇ ਹਨ ਇਸ ਨੂੰ ਉਵੇਂ ਵੇਖਣਾ ਜ਼ਰੂਰੀ ਸੀ ਜਿਵੇਂ ਖ਼ੁਦਾ ਵੇਖਦਾ ਹੈ।

*ਨਿਚੋੜ:* ਦੁੱਖ ਝੱਲਣ ਦੇ ਇਸ ਹਵਾਲੇ ਵਿਚ ਸਾਨੂੰ ਇਕ ਵੱਡੀ ਸਚਿਆਈ ਮਿਲਦੀ ਹੈ ਕਿ ਸੰਸਾਰ ਦੀ ਮੁਕਤੀ ਲਈ ਸਲੀਬ ਦਾ ਹੋਣਾ ਜ਼ਰੂਰੀ ਹੈ। ਇਹ ਯਿਸੂ, ਜੋ ਕਿ ਪਰਮੇਸ਼ੁਰ ਦਾ ਪੁੱਤਰ ਹੈ, ਸਲੀਬ ਦੇ ਰਾਹੀਂ ਲੋਕਾਂ ਨੂੰ ਪਾਪ ਤੋਂ ਛੁਡਾਉਣ ਲਈ ਦੁਨੀਆਂ ਵਿਚ ਆਇਆ। ਇਸ ਨੂੰ ਉਸ ਸਮੇਂ ਦੇ ਧਾਰਮਿਕ ਮਨਾਂ ਅਤੇ ਦੁਸ਼ਟ ਹੱਥਾਂ ਦੇ ਰਾਹੀਂ ਯਿਸੂ ਉੱਤੇ ਲਿਆਂਦਾ ਜਾਣਾ ਸੀ। ਯਿਸੂ ਨੇ ਉਸ ਸਲੀਬ ਅੱਗੇ ਸਮਰਪਣ ਕਰ ਦੇਣਾ ਸੀ, ਪਰ ਉਹਨੇ ਇਸ ਨੂੰ ਉਸ ਜੱਗਵੇਦੀ ਵਿਚ ਬਦਲ ਦੇਣਾ ਸੀ ਜਿਸ ਉੱਤੇ ਉਹਨੇ ਸੰਸਾਰ ਦੇ ਪਾਪ ਲਈ ਪਾਪ ਪ੍ਰਾਸਚਿਤ ਦੀ ਹਮੇਸ਼ਾ ਹਮੇਸ਼ਾ ਦੀ ਕੁਰਬਾਨੀ ਦੇ ਰੂਪ ਵਿਚ ਅਤੇ ਆਪਣੇ ਆਪ ਨੂੰ ਦੇ ਦੇਣਾ ਸੀ।

ਯਿਸੂ ਅੱਗੇ ਦੋ ਵੱਡੀਆਂ ਚੁਣੌਤੀਆਂ ਸਨ, ਪਰ ਉਸ ਨੇ ਉਨ੍ਹਾਂ ਨੂੰ ਅੰਤਮ ਰੂਪ ਦਿੱਤੇ ਜਾਣ ਅਤੇ ਪੂਰਾ ਹੋਣ ਤਕ ਉਨ੍ਹਾਂ ਦੇ ਨਾਲ ਬਣੇ ਰਹਿਣਾ ਸੀ। ਪਹਿਲੀ, ਤਿਆਰੀ ਦੀ ਉਸ ਦੀ ਪਾਠਸ਼ਾਲਾ ਵਿਚ ਉਹਦੇ ਕੋਲ ਬਾਰਾਂ ਆਦਮੀ ਸਨ ਅਤੇ ਉਨ੍ਹਾਂ ਨੂੰ ਉਸ ਦੇ ਕੰਮ ਨੂੰ ਅੱਗੇ ਵਧਾਉਣ ਲਈ ਤਿਆਰ ਹੋਣਾ ਜ਼ਰੂਰੀ ਸੀ। ਉਹ ਉਨ੍ਹਾਂ ਦੇ ਨਾਲ-ਨਾਲ ਰਿਹਾ ਅਤੇ ਆਪਣੇ ਕੰਮ ਨੂੰ ਉਨ੍ਹਾਂ ਨੂੰ ਦੱਸਣ ਵਿਚ ਲਾਇਆ। ਉਹਦੇ ਲਈ ਉਨ੍ਹਾਂ ਨੂੰ ਇਹ ਦੱਸਣਾ ਜ਼ਰੂਰੀ ਸੀ ਕਿ ਉਹਨੇ ਇਕ ਮੁਜਰਮ ਵਾਂਗ ਸਲੀਬ ਦਿੱਤੇ ਜਾਣਾ

ਸੀ, ਪਰ ਦੁਨੀਆਂ ਦੇ ਲੋਕਾਂ ਦੀ ਮੁਕਤੀ ਲਈ ਮਾਰੇ ਜਾਣਾ ਸੀ। ਯਿਸੂ ਅੱਗੇ ਜਿਹੜੀ ਦੂਜੀ ਚੁਣੌਤੀ ਸੀ ਉਹ ਸਾਡੇ ਲਈ ਵੀ ਵੱਡੀ ਚੁਣੌਤੀ ਹੈ। ਪੌਲੁਸ ਨੇ ਕੁਰਿੰਥੀਆਂ ਲਈ ਇਸ ਸਚਿਆਈ ਦੀ ਤਸਦੀਕ ਕੀਤੀ: ''ਪਰ ਅਸੀਂ ਸਲੀਬ ਦਿੱਤੇ ਹੋਏ ਮਸੀਹ ਦਾ ਪ੍ਰਚਾਰ ਕਰਦੇ ਹਾਂ। ਉਹ ਯਹੂਦੀਆਂ ਦੇ ਲੇਖੇ ਠੋਕਰ ਦਾ ਕਾਰਣ ਅਤੇ ਪਰਾਈਆਂ ਕੌਮਾਂ ਦੇ ਲੇਖੇ ਮੂਰਖਤਾਈ ਹੈ। ਪਰ ਉਨ੍ਹਾਂ ਦੇ ਲੇਖੇ ਜਿਹੜੇ ਸੱਦੇ ਹੋਏ ਹਨ ਭਾਵੇਂ ਯਹੂਦੀ ਭਾਵੇਂ ਯੂਨਾਨੀ ਮਸੀਹ ਪਰਮੇਸ਼ੁਰ ਦੀ ਸ਼ਕਤੀ ਅਤੇ ਪਰਮੇਸ਼ੁਰ ਦਾ ਗਿਆਨ ਹੈ'' (1 ਕੁਰਿੰਥੀਆਂ 1:23, 24)।

ਇਸ ਯੁੱਗ ਵਿਚ ਜੋ ਕਿ ਗਿਆਨ ਅਤੇ ਰੌਸ਼ਨੀ ਦਾ ਯੁੱਗ ਲਗਦਾ ਹੈ, ਸਲੀਬ ਦੇ ਸੰਦੇਸ਼ ਦੇ ਜਵਾਬ ਵਿਚ ਅਸੀਂ ਕੀ ਕਰਾਂਗੇ? ਭਲਾ ਅਸੀਂ ਇਸ ਦਾ ਮਜ਼ਾਕ ਉਡਾਵਾਂਗੇ? ਭਲਾ ਅਸੀਂ ਇਸ ਨੂੰ ਨਜ਼ਰਅੰਦਾਜ਼ ਕਰਾਂਗੇ? ਕੁਝ ਵੀ ਕਰਨ ਤੋਂ ਪਹਿਲਾਂ, ਪੌਲੁਸ ਦੇ ਇਹ ਸ਼ਬਦ ਯਾਦ ਰੱਖੋ: ''ਸਗੋਂ ਸੰਸਾਰ ਦੇ ਮੂਰਖਾਂ ਨੂੰ ਪਰਮੇਸ਼ੁਰ ਨੇ ਚੁਣ ਲਿਆ ਭਈ ਬੁੱਧਵਾਨਾਂ ਨੂੰ ਲੱਜਿਆਵਾਨ ਕਰੇ ਅਤੇ ਸੰਸਾਰ ਦੇ ਨਿਰਬਲਾਂ ਨੂੰ ਪਰਮੇਸ਼ੁਰ ਨੇ ਚੁਣ ਲਿਆ ਭਈ ਬਲਵੰਤਾਂ ਨੂੰ ਲੱਜਿਆਵਾਨ ਕਰੇ'' (1 ਕੁਰਿੰਥੀਆਂ 1:27)। ਹਕੀਕਤ ਵਿਚ, ਮਸੀਹ ਕੌਣ ਹੈ? ਇਹਦਾ ਜਵਾਬ ਇਹ ਹੈ, ''ਪਰ ਉਸ ਤੋਂ ਤੁਸੀਂ ਮਸੀਹ ਯਿਸੂ ਵਿਚ ਹੋ ਜਿਹੜਾ ਪਰਮੇਸ਼ੁਰ ਦੀ ਵੱਲੋਂ ਸਾਡੇ ਲਈ ਗਿਆਨ ਅਤੇ ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰਾ ਬਣਾਇਆ ਗਿਆ ਸੀ'' (1 ਕੁਰਿੰਥੀਆਂ 1:30)।

ਜਿਹੜਾ ਵੀ ਕੋਈ ਸਲੀਬ ਨੂੰ ਠੁਕਰਾਉਂਦਾ ਹੈ ਉਹ ਖ਼ੁਦਾ ਦੇ ਗਿਆਨ, ਧਰਮ ਅਤੇ ਪਵਿੱਤਰਤਾਈ ਅਤੇ ਨਿਸਤਾਰੇ ਨੂੰ ਠੁਕਰਾ ਰਿਹਾ ਹੁੰਦਾ ਹੈ। ਉਹਦੇ ਲਈ ਇਹ ਕਿੰਨਾ ਵੱਡਾ ਨੁਕਸਾਨ ਹੋਵੇਗਾ! ਜਿਹੜਾ ਇਸ ਨੂੰ ਠੁਕਰਾਉਂਦਾ ਹੈ ਉਹਦੇ ਲਈ ਕੋਈ ਉਮੀਦ ਨਹੀਂ ਹੈ।

**ਚੇਲਾ ਅਤੇ ਸੰਸਾਰ** (8:34-38)

8:34–38 ਵਾਲੇ ਹਵਾਲੇ ਨੂੰ 8:27–33 ਨਾਲ ਸਬੰਧਿਤ ਹਵਾਲੇ ਦੇ ਰੂਪ ਵਿਚ ਵੇਖਿਆ ਜਾਣਾ ਚਾਹੀਦਾ ਹੈ। ਯਿਸੂ ਨੇ ਹੁਣੇ ਹੁਣੇ ਆਪਣੇ ਰਸੂਲਾਂ ਦੇ ਇਕਰਾਰ ਨੂੰ ਸੁਣਿਆ ਸੀ ਅਤੇ ਉਨ੍ਹਾਂ ਨਾਲ ਆਪਣੇ ਦੁੱਖ ਝੱਲਣ ਦੀ ਪਹਿਲੀ ਚਰਚਾ ਵਿਚ ਉਹਨੇ ਉਨ੍ਹਾਂ ਉੱਤੇ ਆਪਣੀ ਆਉਣ ਵਾਲੀ ਮੌਤ ਨੂੰ ਪਰਗਟ ਕੀਤਾ ਸੀ। ਉਨ੍ਹਾਂ ਚਰਚਾਵਾਂ ਵਿਚ ਅਤੇ ਯਿਸੂ ਨੂੰ ਪਤਰਸ ਦੀ ਡਾਂਟ ਵਿਚ ਜ਼ਿੰਦਗੀ ਦੇ ਦੋ ਢੰਗਾਂ ਦੀ ਝਲਕ ਮਿਲਦੀ ਹੈ। ਇਨ੍ਹਾਂ ਵਿੱਚੋਂ ਇਕ ਝਲਕ ਪਤਰਸ ਵੱਲੋਂ ਦਿੱਤੀ ਗਈ ਹੈ। ਇਹ ਮਨੁੱਖੀ, ਰੂੜੀਵਾਦੀ ਵਿਚਾਰ ਹੈ। ਇਹ ਉਸ ਨੂੰ ਜੋ ਸਾਡੇ ਕੋਲ ਹੈ, ਬਚਾਉਣ ਉੱਤੇ ਜ਼ੋਰ ਦਿੰਦਾ ਹੈ। ਯਿਸੂ ਦਾ ਵਿਚਾਰ ਹੋਰ ਸੀ, ਇਹ ਵਿਚਾਰ ਖ਼ੁਦਾ ਦੀ ਇੱਛਾ ਅੱਗੇ ਪੂਰੀ ਤਰ੍ਹਾਂ ਨਾਲ ਝੁਕ ਜਾਣ ਦਾ ਹੈ। ਇਹ ਜੋ ਕੁਝ ਸਾਡੇ ਕੋਲ ਹੈ, ਉਸ ਨੂੰ ਖ਼ੁਦਾ ਨੂੰ ਦੇ ਦੇਣ ਉੱਤੇ ਜ਼ੋਰ ਦਿੰਦਾ ਹੈ।

ਇਹ ਹਵਾਲਾ ਦੱਸਦਾ ਹੈ ਕਿ ਯਿਸੂ ਨੇ ਭੀੜ ਨੂੰ ਅਤੇ ਆਪਣੇ ਚੇਲਿਆਂ ਨੂੰ ਇਕਠੇ ਕੀਤਾ ਤਾਂ ਜੋ ਉਹ ਉਨ੍ਹਾਂ ਨੂੰ ਸ਼ਗਿਰਦੀ ਦਾ ਮਤਲਬ ਸਮਝਾਉਣ ਵਾਲੀਆਂ ਸਿੱਖਿਆਵਾਂ ਸਿੱਧੀਆਂ ਦੇ ਸਕੇ। ਇਹ ਦੱਸਣ ਲਈ ਕਿ ਉਹਦੇ ਪੈਰੋਕਾਰ ਕੀ ਵਿਸ਼ਵਾਸ ਕਰਨ ਅਤੇ ਕਿਵੇਂ ਜ਼ਿੰਦਗੀ ਬਸਰ ਕਰਨ, ਉਹ ਅੱਗੇ ਵਧਿਆ। ਮਸੀਹ ਦਾ ਪੈਰੋਕਾਰ ਕੌਣ ਹੈ?

1. *ਸਮਰਪਤ ਚੇਲਾ*। ਯਿਸੂ ਨੇ ਆਖਿਆ, ''ਜੇ ਕੋਈ ਮੇਰੇ ਪਿੱਛੇ ਆਉਣਾ ਚਾਹੇ ਉਹ ਆਪਣੇ ਆਪ ਦਾ ਇਨਕਾਰ ਕਰੇ ਅਤੇ ਆਪਣੀ ਸਲੀਬ ਚੁੱਕ ਕੇ ਮੇਰੇ ਪਿੱਛੇ ਚੱਲੇ'' (8:34)।

ਬਿਨਾਂ ਮਰਜ਼ੀ ਦੇ ਕੋਈ ਵੀ ਮਸੀਹ ਦਾ ਸ਼ਗਿਰਦ ਨਹੀਂ ਹੋ ਸਕਦਾ। ਹਰ ਮਸੀਹੀ ਚੇਲਾ ਜਾਂ ਸ਼ਗਿਰਦ ਇਸ ਕਰਕੇ ਹੈ ਕਿਉਂ ਜੋ ਉਹਨੇ ਚੇਲਾ ਬਣਨਾ ਚੁਣਿਆ ਹੈ। ਸ਼ਗਿਰਦੀ ਦਾ ਮਤਲਬ ਜਿਸ ਦੀ ਵੀ ਅਸੀਂ ਮੰਨ ਰਹੇ ਹੋਈਏ, ਉਸ ਦੇ ਮਗਰ ਚੱਲਣਾ ਅਤੇ ਉਸ ਤੋਂ ਸਿੱਖਣਾ ਜ਼ਰੂਰੀ ਹੈ। ਮਸੀਹ ਦੇ ਚੇਲੇ ਹੁਣ ਸਿਰਫ਼ ਓਸੇ ਦੇ ਮਗਰ ਚੱਲ ਕੇ ਅਤੇ ਓਸੇ ਤੋਂ ਸਿੱਖ ਸਕਦੇ ਹਨ।

ਯਿਸੂ ਨੇ ਆਪਣਾ ਚੇਲਾ ਬਣਨ ਦੇ ਕੰਮ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ: ਛੱਡ ਦੇਣਾ, ਚੁੱਕ ਲੈਣਾ ਅਤੇ ਹਿੰਮਤ ਨਾ ਹਾਰਨਾ। ਸੰਖੇਪ ਵਿਚ ਉਸ ਨੇ ਆਖਿਆ, ''ਆਪਣੇ ਆਪ ਦਾ ਇਨਕਾਰ ਕਰੋ, ਆਪਣੀ ਸਲੀਬ ਚੁੱਕੋ, ਅਤੇ ਮੇਰੇ ਪਿੱਛੇ ਚੱਲੋ'' (ਵੇਖੋ ਮੱਤੀ 16:24; ਮਰਕੁਸ 8:34; ਲੂਕਾ 9:23)। ਆਪਣੇ ਆਪ ਦਾ ਇਨਕਾਰ ਕਰਨ ਤੋਂ ਭਾਵ ਆਪਣੇ ਆਪ ਨੂੰ ''ਨਾਂਹ'' ਕਹਿਣਾ ਹੈ। ਪੌਲੁਸ ਦੇ ਕਹਿਣ ਦਾ ਮਤਲਬ ਇਹੀ ਸੀ। ਜਦ ਉਸ ਨੇ ਆਖਿਆ, ''ਮੈਂ ਮਸੀਹ ਦੇ ਨਾਲ ਸਲੀਬ ਦਿੱਤਾ ਗਿਆ ਹਾਂ'' (ਗਲਾਤੀਆਂ 2:20)। ਜੇ ਪਤਰਸ ਨੇ ਆਪਣੇ ਆਪ ਦਾ ਇਨਕਾਰ ਕਰ ਦਿੰਦਾ ਤਾਂ ਉਸ ਨੇ ਕਦੇ ਯਿਸੂ ਦਾ ਇਨਕਾਰ ਨਹੀਂ ਕਰਨਾ ਸੀ।

ਹਰ ਚੇਲੇ ਲਈ ਚੁੱਕਣ ਲਈ ਇਕ ਸਲੀਬ ਹੈ। ਇਹ ਚੁੱਕਣਾ ਸੋਚ ਸਮਝ ਕੇ ਅਤੇ ਪੱਕੇ ਤੌਰ ਤੇ ਹੋਣਾ ਜ਼ਰੂਰੀ ਹੈ। ਹਰ ਚੇਲੇ ਨੂੰ ਯਿਸੂ ਦੀ ਜੀਵਨਸ਼ੈਲੀ ਨੂੰ ਚੁੱਕਣਾ ਜ਼ਰੂਰੀ ਹੈ, ਜੋ ਕਿ ਕਈ ਤਰੀਕਿਆਂ ਨਾਲ ਉਸ ਸੰਸਾਰ ਵਿਚ ਜਿਸ ਵਿਚ ਅਸੀਂ ਰਹਿੰਦੇ ਹਾਂ, ਸਲੀਬ ਚੁੱਕਣ ਵਰਗਾ ਹੈ। ਯਿਸੂ ਦੇ ਨਮੂਨੇ ਨਾਲ ਬਣੇ ਰਹਿ ਕੇ ਜੀਣਾ ਸਾਡੀ ਆਦਤ ਵਿਚ ਪੱਕੇ ਤੌਰ ਤੇ ਸ਼ਾਮਿਲ ਹੋਣਾ ਜ਼ਰੂਰੀ ਹੈ।

2. *ਕੁਰਬਾਨੀ ਭਰਿਆ ਸੇਵਕ*। ਯਿਸੂ ਨੇ ਆਖਿਆ, ''ਕਿਉਂਕਿ ਜਿਹੜਾ ਆਪਣੀ ਜਾਨ ਬਚਾਉਣੀ ਚਾਹੇ ਉਹ ਉਸ ਨੂੰ ਗੁਆਵੇਗਾ ਪਰ ਜਿਹੜਾ ਮੇਰੇ ਅਤੇ ਇੰਜੀਲ ਦੇ ਲਈ ਆਪਣੀ ਜਾਨ ਗੁਆਏ ਉਹ ਉਸ ਨੂੰ ਬਚਾਵੇਗਾ'' (8:35)। ਉਹਦੇ ਪੈਰੋਕਾਰ ਨੂੰ ਇਸ ਗੱਲ ਦੀ ਸਮਝ ਹੈ ਕਿ ਗਲਤ ਢੰਗ ਨਾਲ ਜੀਣ ਦਾ ਮਤਲਬ ਮਰਨਾ ਹੈ ਅਤੇ ਸਹੀ ਢੰਗ ਨਾਲ ਮਰਨ ਦਾ ਮਤਲਬ ਜੀਣਾ ਹੈ। ''ਜਾਨ'' ਸ਼ਬਦ ਦਾ ਦੋਹਰਾ ਅਰਥ ਹੈ। ਯਿਸੂ ਆਖ ਰਿਹਾ ਸੀ, ''ਜਿਹੜਾ ਕੋਈ ਇਸ ਸੰਸਾਰ ਵਿਚ ਆਪਣੀ ਜਾਨ ਅਤੇ ਸੁੱਖ ਦਾ ਤਿਆਗ ਕਰ ਦਿੰਦਾ ਹੈ ਉਸ ਨੂੰ ਆਉਣ ਵਾਲੇ ਜੱਗ ਇਸ ਨਾਲੋਂ ਵਧੀਆ ਰੂਹਾਨੀ ਜ਼ਿੰਦਗੀ ਅਤੇ ਆਉਣ ਵਾਲੇ ਸੰਸਾਰ ਵਿਚ ਹਮੇਸ਼ਾ ਦੀ ਜ਼ਿੰਦਗੀ ਮਿਲੇਗੀ।'' ਉਸ ਨੇ ਕਿਹਾ ਕਿ ਇਸ ਦੀ ਗੱਲ ਦਾ ਉਲਟ ਵੀ ਸੱਚ ਹੈ: ''ਜਿਹੜਾ ਵੀ ਇਸ ਸੰਸਾਰ ਦੇ ਸੁੱਖਾਂ, ਫ਼ਾਇਦਿਆਂ ਅਤੇ ਮਸ਼ਹੂਰੀ ਵਾਲੀ ਜ਼ਿੰਦਗੀ ਨੂੰ ਬਣਾਈ ਰੱਖਣ ਦਾ ਇਰਾਦਾ ਕਰਦਾ ਹੈ ਉਹ ਆਪਣੀ ਰੂਹਾਨੀ ਜ਼ਿੰਦਗੀ ਅਤੇ ਹਮੇਸ਼ਾ ਦੀ ਜ਼ਿੰਦਗੀ ਗੁਆ ਬੈਠੇਗਾ।'' ਜੇ ਅਸੀਂ ਆਪਣੇ ਆਪ ਨੂੰ ਖ਼ੁਦਾ ਦੀਆਂ ਰੂਹਾਨੀ ਗੱਲਾਂ ਲਈ ਅਤੇ ਹਮੇਸ਼ਾ ਦੀ ਜ਼ਿੰਦਗੀ ਪਾਉਣ ਲਈ ਦਿੰਦੇ ਹਾਂ, ਤਾਂ ਸਾਨੂੰ ਹਰ ਉਹ ਚੀਜ਼ ਹਾਸਲ ਹੋਵੇਗੀ ਜਿਸਦੀ ਅਸਲ ਕੀਮਤ ਹੈ। ਵਿਲੀਅਮ ਬਾਰਕਲੇ ਸਵੇਟੇ ਨੇ ਇਸ ਸਿੱਖਿਆ ਨੂੰ ਆਪਣੇ ਸ਼ਬਦਾਂ ਵਿਚ ਇਸ ਤਰ੍ਹਾਂ ਆਖਿਆ ਹੈ, ''ਜਿਸ ਦਾ ਟੀਚਾ ਇਸ ਜ਼ਿੰਦਗੀ ਵਿਚ ਸਿੱਖਿਆ, ਸੁਰੱਖਿਆ ਅਤੇ ਸਫ਼ਲਤਾ ਨੂੰ ਹਾਸਲ ਕਰਨਾ ਹੈ ਉਹ ਉਸ ਉਚੇਰੀ ਜ਼ਿੰਦਗੀ ਨੂੰ ਗੁਆ ਬੈਠਦਾ ਹੈ ਜਿਸਦੇ ਉਹ ਯੋਗ ਹੈ, ਅਤੇ ਜਿਹੜੀ ਉਨ੍ਹਾਂ ਨੂੰ ਹੀ ਮਿਲਦੀ ਹੈ ਜਿਹੜੇ ਮਸੀਹ ਦੀ ਸੇਵਾ ਵਿਚ ਆਪਣੇ ਆਪ ਨੂੰ ਕੁਰਬਾਨ ਕਰ ਦਿੰਦੇ ਹਨ।''[41]

3. *ਬੁੱਧਵਾਨ ਮੁਖ਼ਤਿਆਰ*। ਯਿਸੂ ਨੇ ਆਖਿਆ, ''ਮਨੁੱਖ ਨੂੰ ਕੀ ਲਾਭ ਜੇ ਸਾਰੇ ਜਗਤ ਨੂੰ ਕਮਾਵੇ ਅਤੇ ਆਪਣੀ ਜਾਨ ਦਾ ਨੁਕਸਾਨ ਕਰੇ? ਤਾਂ ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇ?'' (8:36, 37)।

ਦੋ ਸਵਾਲ ਕਰਦੇ ਹੋਏ ਉਸ ਨੇ ਇਹ ਹਕੀਕਤ ਦੱਸੀ। ਪਹਿਲਾ ਸਵਾਲ ਸਾਡੇ ਸਾਹਮਣੇ ਨੈਤਿਕ ਅਤੇ ਆਤਮਿਕ ਦਾਇਰੇ ਵਿਚ ਲਾਭ ਹਾਨੀ ਦੇ ਬਦਲ ਰੱਖਦਾ ਹੈ। ਆਪਣੀ ਗੱਲ ਨੂੰ ਸਮਝਾਉਣ ਲਈ ਉਹਨੇ ਅੱਤਕਥਨੀ ਦੀ ਵਰਤੋਂ ਕੀਤੀ। ਜੇ ਜਾਨ ਲਈ ਚੁਕਾਈ ਜਾਣ ਵਾਲੀ ਕੀਮਤ ਸਾਰਾ ਸੰਸਾਰ ਹੋਵੇ ਤਾਂ ਇਸ ਦਾ ਨੁਕਸਾਨ ਸਾਰੇ ਦਾ ਸਾਰਾ ਅਤੇ ਹਮੇਸ਼ਾ ਲਈ ਹੋਣਾ ਸੀ। ਸਾਰੀ ਦੁਨੀਆਂ ਨੂੰ ਤੱਕੜੀ ਦੇ ਇਕ ਪਾਸੇ ਰੱਖਿਆ ਜਾਵੇ ਤੇ ਇਹ ਤੱਕੜੀ ਦੇ ਦੂਜੇ ਪਾਸੇ ਰੱਖੀ ਜਾਨ ਦੇ ਇਕ ਖੰਭ ਨਾਲੋਂ ਵੀ ਹੌਲ਼ੀ ਹੈ।

ਦੂਜਾ ਸਵਾਲ ਇਹ ਹੈ: ''ਮਨੁੱਖ ਆਪਣੀ ਜਾਨ ਦੇ ਬਦਲੇ ਕੀ ਦੇਵੇ?'' ਇਸ ਸਵਾਲ ਦਾ ਅਰਥ ਇਹ ਹੈ ਕਿ ਭੌਤਿਕ ਜਗਤ ਦੀ ਕੋਈ ਚੀਜ਼ ਇਹਦੇ ਵਟਾਂਦਰੇ ਵਿਚ ਨਹੀਂ ਦਿੱਤੀ ਜਾ ਸਕਦੀ। ਜਾਨ ਦੇ ਖੁੱਸ ਜਾਣ ਤੇ ਇਸ ਨੂੰ ਕੋਈ ਚੀਜ਼ ਦੇ ਕੇ ਖਰੀਦਿਆ ਨਹੀਂ ਜਾ ਸਕਦਾ। ਚਰਿੱਤਰ ਨਾਲ ਭਵਿੱਖ ਤੈਅ

ਹੁੰਦਾ ਹੈ ਅਤੇ ਚਰਿੱਤਰ ਬਦਲਣਸ਼ੀਲ ਨਹੀਂ ਰਹਿੰਦਾ ਬਲਕਿ ਪੱਕਾ ਹੋ ਜਾਂਦਾ ਹੈ।

ਯਿਸੂ ਨੇ ਅੱਗੇ ਆਖਿਆ, ''ਕਿਉਂਕਿ ਜੋ ਕੋਈ ਇਸ ਹਰਾਮਕਾਰ ਅਤੇ ਪਾਪੀ ਪੀੜ੍ਹੀ ਦੇ ਲੋਕਾਂ ਵਿੱਚੋਂ ਮੈਥੋਂ ਅਤੇ ਮੇਰਿਆਂ ਬਚਨਾਂ ਤੋਂ ਸ਼ਰਮਾਵੇਗਾ ਮਨੁੱਖ ਦਾ ਪੁੱਤਰ ਭੀ ਉਸ ਤੋਂ ਸ਼ਰਮਾਵੇਗਾ ਜਿਸ ਵੇਲੇ ਉਹ ਆਪਣੇ ਪਿਤਾ ਦੇ ਤੇਜ ਨਾਲ ਪਵਿੱਤਰ ਦੂਤਾਂ ਸਣੇ ਆਵੇਗਾ'' (8:38)। ਸਾਡੇ ਪ੍ਰਤੀ ਭਵਿੱਖ ਵਿਚ ਮਸੀਹ ਦਾ ਵਿਹਾਰ ਉਸ ਦੇ ਪ੍ਰਤੀ ਸਾਡੇ ਮੌਜੂਦਾ ਵਿਹਾਰ ਨਾਲ ਤੈਅ ਹੋਵੇਗਾ।

ਯਿਸੂ ਸਿਰਫ਼ ਇੱਕੋ ਨਾਕਾਮੀ ਦੀ ਗੱਲ ਨਹੀਂ ਕਰ ਰਿਹਾ ਸੀ ਬਲਕਿ ਲਗਾਤਾਰ ਵਿਹਾਰ ਦੀ ਗੱਲ ਕਰ ਰਿਹਾ ਸੀ। ਦੋ ਗੱਲਾਂ ਸਾਡੇ ਲਈ ਹੈਰਾਨ ਕਰਨ ਵਾਲੀਆਂ ਹੋਣੀਆਂ ਚਾਹੀਦੀਆਂ ਹਨ: ਇਕ ਇਹ ਕਿ ਮਸੀਹ ਸਾਥੋਂ ਸ਼ਰਮਾਵੇ ਨਹੀਂ (ਇਬਰਾਨੀਆਂ 2:11) ਅਤੇ ਇਹ ਕਿ ਉਸ ਤੋਂ ਕੋਈ ਵੀ ਕਦੇ ਵੀ ਸ਼ਰਮਾ ਸਕਦਾ ਹੈ (ਵੇਖੋ ਮਰਕੁਸ 14:71)।

*ਨਿਚੋੜ:* ਯਿਸੂ ਨੇ ਸਾਡੇ ਵਿੱਚੋਂ ਹਰ ਕਿਸੇ ਨੂੰ ਕਿਸੇ ਨਾ ਕਿਸੇ ਤਰ੍ਹਾਂ ਦੇ ਪੈਰੋਕਾਰ ਬਣਨ ਲਈ ਸੱਦਿਆ ਹੈ। ਮਸੀਹੀ ਵਿਅਕਤੀ ਨੂੰ ਸਲੀਬ ਚੁੱਕਣ ਲਈ ਸੱਦਿਆ ਗਿਆ ਹੈ। ਆਰਜ਼ੀ ਅਤੇ ਅਨਾਦੀ ਕੀਮਤਾਂ ਵਿਚ ਫ਼ਰਕ ਕੀਤਾ ਜਾਣਾ ਜ਼ਰੂਰੀ ਹੈ। ਵਰਤਮਾਨ ਨਾਲ ਹੀ ਭਵਿੱਖ ਤੈਅ ਹੁੰਦਾ ਹੈ।

ਇਸ ਸਾਰੀ ਸਿੱਖਿਆ ਦੇ ਕੇਂਦਰ ਵਿਚ ਚਰਿੱਤਰ ਦਾ ਨਮੂਨਾ ਅਤੇ ਸਚਿਆਈ ਦਾ ਪੈਮਾਨਾ ਮਸੀਹ ਹੈ। ਅੱਜ ਉਹਦੇ ਨਾਲ ਸਾਡਾ ਸਬੰਧ ਜੋ ਵੀ ਹੈ ਉਹੀ ਹਮੇਸ਼ਾ ਤਕ ਰਹੇਗਾ। ਅਸੀਂ ਕਿਸ ਫ਼ਲਸਫ਼ੇ ਨੂੰ ਚੁਣਾਂਗੇ। ਇਕ ਫ਼ਲਸਫ਼ੇ ਦੇ ਮੁਤਾਬਿਕ, ''ਇਸ ਦੁਨੀਆਂ ਨੂੰ ਰੱਖ ਲਓ ਤਾਂ ਜੋ ਤੁਸੀਂ ਜੀਉਂਦੇ ਰਹਿ ਸਕੋ।'' ਦੂਜੇ ਫ਼ਲਸਫ਼ੇ ਦੇ ਮੁਤਾਬਿਕ, ''ਸੰਸਾਰ ਲਈ ਮਰ ਜਾਓ ਤਾਂ ਜੋ ਤੁਸੀਂ ਜ਼ਿੰਦਾ ਰਹਿ ਸਕੋ।''

---

ਟਿੱਪਣੀਆਂ

[1]ਇਕ ਸਮਾਨਾਂਤਰ ਵਿਰਤਾਂਤ ਮੱਤੀ 15:32–39 ਵਿਚ ਹੈ। [2]ਇੰਜੀਲ ਦੇ ਚਾਰਾਂ ਵਿਰਤਾਂਤਾਂ ਵਿਚ ਪੰਜ ਹਜ਼ਾਰ ਪੁਰਖਾਂ ਨੂੰ ਖੁਆਉਣ ਦੀ ਗੱਲ ਹੈ (ਮੱਤੀ 14:13–21; ਮਰਕੁਸ 6:30–44; ਲੂਕਾ 9:10–17; ਯੂਹੰਨਾ 6:1–15)। ਚਾਰ ਹਜ਼ਾਰ ਨੂੰ ਖੁਆਉਣ ਦੀ ਇਹ ਗੱਲ ਸਿਰਫ਼ ਮੱਤੀ ਅਤੇ ਮਰਕੁਸ ਵਿਚ ਹੈ। ਮਰਕੁਸ ਵਿਚ ਦਰਜ ''ਕੁਦਰਤ ਦੇ ਚਮਤਕਾਰਾਂ'' ਵਿੱਚੋਂ ਇਹ ਚੌਥਾ ਹੈ: ਪਹਿਲਾਂ ਯਿਸੂ ਨੇ ਤੂਫ਼ਾਨ ਨੂੰ ਥੰਮ੍ਹਿਆ ਸੀ (4:35–41), ਔਰਤਾਂ ਅਤੇ ਬੱਚਿਆਂ ਤੋਂ ਇਲਾਵਾ ਪੰਜ ਹਜ਼ਾਰ ਪੁਰਖਾਂ ਨੂੰ ਖੁਆਇਆ ਸੀ (6:30–44), ਅਤੇ ਪਾਣੀ ਉੱਤੇ ਚੱਲਿਆ ਸੀ (6:45–52)। [3]ਵਿਲੀਅਮ ਬਾਰਕਲੇ, *ਦ ਗੌਸਪਲ ਆਫ਼ ਮਾਰਕ,* ਜਿਲਦ ਦੂਜੀ, ਦ ਡੇਅਲੀ ਸਟੱਡੀ ਬਾਈਬਲ (ਫ਼ਿਲਾਡੈਲਫ਼ੀਆ: ਵੈਸਟਮਿੰਸਟਰ ਪ੍ਰੈੱਸ, 1956), 188. [4]*ਦ ਜ਼ੌਂਡਰਵਨ ਪਿਕਟੋਰੀਅਲ ਬਾਈਬਲ ਡਿਕਸ਼ਨਰੀ* ਵਿਚ ਕਿਹਾ ਗਿਆ ਹੈ ਕਿ ''ਦਲਮਨੁਥਾ'' ''ਮਗਦਲਾ ਦੇ ਨਾਲ ਲਗਦੇ ਗਲੀਲ ਦੀ ਝੀਲ ਦੇ ਪੱਛਮੀ ਕੰਢੇ ਤੇ ਇਕ ਪਿੰਡ (ਮੱਤੀ 15:39)'' ਸੀ (*ਦ ਜ਼ੌਂਡਰਵਨ ਪਿਕਟੋਰੀਅਲ ਬਾਈਬਲ ਡਿਕਸ਼ਨਰੀ,* ਸੰਪਾ. ਮੈਰਿਲ ਸੀ. ਟੈਨੀ [ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਉਸ, 1963], 194 ਵਿਚ ''ਦਲਮਨੂਥਾ''))। [5]ਜੇ. ਡਬਲਯੂ. ਮੈਕਗਰਵੇ ਐਂਡ ਫ਼ਿਲਿਪ ਵਾਈ. ਪੈਂਡਲਟਨ, *ਦ ਫ਼ੋਰਫ਼ੋਲਡ ਗੌਸਪਲ ਔਰ ਏ ਹਾਰਮਨੀ ਆਫ਼ ਦ ਫ਼ੋਰ ਗੌਸਪਲਜ਼* (ਸਿਨਸਿਨਾਟੀ: ਸਟੈਂਡਰਡ ਪਬਲੀਸ਼ਿੰਗ ਕੰ., 1914), 406. [6]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੰਪਾ. ਜੇਮਸ ਆਰ. [ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1939], 3:1961 ਵਿਚ ਡਬਲਯੂ. ਇਵਿੰਗ, ''ਮਗਾਦਾਨ।'' [7]ਇਕ ਸਮਾਨਾਂਤਰ ਵਿਰਤਾਂਤ ਮੱਤੀ 16:1–4 ਵਿਚ ਹੈ। [8]ਵੇਖੋ CEV; GNT। ''ਹੌਕਾ ਲਿਆ'' ਲਈ ਯੂਨਾਨੀ ਸ਼ਬਦ ***anastenazō*** (*ਅਨਸਟੇਨਾਜ਼ੋ*) ਦੀ ਵਰਤੋਂ ਨਵੇਂ ਨੇਮ ਵਿਚ ਸਿਰਫ਼ ਇੱਥੇ ਹੋਈ ਹੈ। [9]ਆਰ. ਕੋਲ, *ਦ ਗੌਸਪਲ ਅਕਾਰਡਿੰਗ ਟੂ ਸੇਂਟ ਮਾਰਕ: ਐਨ ਇੰਟ੍ਰੋਡਕਸ਼ਨ ਐਂਡ*

*ਕਮੈਂਟਰੀ,* ਦ ਨਿਊ ਟਿੰਡੇਲ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਜ਼ ਪਬਲੀਸ਼ਿੰਗ ਕੰ., 1973), 129. [10]ਵੇਖੋ ਮੱਤੀ 12:38–40 ਅਤੇ ਲੂਕਾ 11:16, 29; ਮੱਤੀ 16:1 ਅਤੇ ਮਰਕੁਸ 8:11; ਯੂਹੰਨਾ 4:48; 6:30. ਨਿਸ਼ਾਨ ਮੰਗਣ ਦੇ ਯਹੂਦੀਆਂ ਦੇ ਰੁਝਾਨ ਦਾ ਜ਼ਿਕਰ 1 ਕੁਰਿੰਥੀਆਂ 1:22 ਵਿਚ ਵੀ ਮਿਲਦਾ ਹੈ।

[11]ਮਰਕੁਸ ਦੀ ਕਿਤਾਬ ਮੁੱਖ ਤੌਰ ਤੇ ਗੈਰਕੌਮਾਂ ਲਈ ਲਿਖੀ ਗਈ ਸੀ ਇਸ ਕਰਕੇ ਪ੍ਰਭੂ ਦੇ ਯੂਨਾਹ ਨਬੀ ਦੇ ਨਿਸ਼ਾਨ ਦੇ ਜ਼ਿਕਰ ਦੀ ਗੱਲ ਨਹੀਂ ਹੈ। [12]ਇਕ ਸਮਾਨਾਂਤਰ ਵਿਰਤਾਂਤ ਮੱਤੀ 16:5–7 ਵਿਚ ਹੈ। [13]ਫ਼ਰੀਸੀਆਂ ਦਾ ਮੰਨਣਾ ਸੀ ਕਿ ਉਨ੍ਹਾਂ ਲਈ ਜ਼ਰੂਰੀ ਹੈ ਕਿ ਗ੍ਰੰਥੀਆਂ ਅਤੇ ਹੋਰ ਸਿਖਾਉਣ ਵਾਲਿਆਂ ਦੀ ''ਜ਼ਬਾਨੀ ਸ਼ਰ੍ਹਾ'' ਨੂੰ ਆਪਣੀਆਂ ਧਾਰਮਿਕ ਰੀਤਾਂ ਵਿਚ ਜੋੜ ਲੈਣ, ਭਾਵੇਂ ਇਹ ਤੁਰੇਤ ਵਿਚ ਨਹੀਂ ਸਨ। ਉਹ ਆਪਣੇ ਆਪ ਨੂੰ ਉੱਚਾ ਕਰਨ ਅਤੇ ਦੂਜਿਆਂ ਉੱਤੇ ਦੋਸ਼ ਲਾਉਣ ਦੇ ਆਦੀ ਸਨ। [14]ਇਕ ਸਮਾਨਾਂਤਰ ਵਿਰਤਾਂਤ ਮੱਤੀ 16:8–12 ਵਿਚ ਹੈ। [15]ਡੋਨਲਡ ਇੰਗਲਿਸ਼, *ਦ ਮੈਸੇਜ ਆਫ਼ ਮਾਰਕ: ਦ ਮਿਸਟਰੀ ਆਫ਼ ਫ਼ੇਥ,* ਦ ਬਾਈਬਲ ਸਪੀਕਸ ਟੁਡੇ (ਡਾਊਨਰ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1992), 155. [16]ਮੈਕਗਰਵੇ ਐਂਡ ਪੈਂਡਲਟਨ, 409. [17]ਬਾਰਕਲੇ, 193. [18]ਸਮਾਨਾਂਤਰ ਵਿਰਤਾਂਤ ਮੱਤੀ 16:13–20 ਅਤੇ ਲੂਕਾ 9:18–21 ਵਿਚ ਹਨ। [19]ਰੋਨਲਡ ਜੇ. ਕਰਨਾਘਨ, *ਮਾਰਕ,* ਦ IVP ਨਿਊ ਟੈਸਟਾਮੈਂਟ ਕਮੈਂਟਰੀ ਸੀਰੀਜ਼ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਿਟੀ ਪ੍ਰੈੱਸ, 2007), 155. [20]ਜੋਸੇਫ਼ਸ *ਐਂਟਿਕੁਇਟੀਜ਼* 20.9.4 [211]।

[21]ਬਾਰਕਲੇ, 200. ''ਮਸੀਹਾ'' ਲਈ ਇਬਰਾਨੀ ਸ਼ਬਦ מָשִׁיחַ (***Mashiach,*** ਮਸ਼ਿਆਕ) ਹੈ। ਯੂਹੰਨਾ 1:41 ਅਤੇ 4:25 ਪੁਰਾਣੇ ਨੇਮ ਦੇ ਸ਼ਬਦ ਦੀ ਵਰਤੋਂ ਬਦਲਵੇਂ ਸ਼ਬਦ Μεσσίας (*ਮਸਿਆਸ*) ਦੇ ਰੂਪ ਵਿਚ ਹੋਈ ਹੈ। ਪਰ ''ਮਸੀਹ'' (ਕ੍ਰਾਈਸਟ) ਦਾ ਅਰਥ ਵੀ ''ਮਸਹ ਕੀਤਾ ਹੋਇਆ'' ਹੀ ਹੈ। LXX ਵਿਚ ਇਬਰਾਨੀ ਸ਼ਬਦ ਮਸ਼ਿਆਕ ਦਾ ਅਨੁਵਾਦ ਕਰਨ ਲਈ ਕ੍ਰਿਸਟੋਸ (ਖ੍ਰਿਸਟੁਸ) ਵਰਤਿਆ ਗਿਆ ਹੈ। [22]ਉੱਥੇ ਹੀ। [23]ਉੱਥੇ ਹੀ, 203. [24]ਮਸਾਦਾ ਪਹਿਲੀ ਸਦੀ ਵਿਚ ਖਾਰੇ ਸਮੁੰਦਰ ਦੇ ਦੱਖਣ ਪੱਛਮੀ ਕੰਢੇ ਤੇ ਹੇਰੋਦੇਸ ਵੱਲੋਂ ਬਣਵਾਏ ਗਏ ਮਹਿਲ ਅਤੇ ਕਿਲ੍ਹੇ ਵਾਲੀ ਥਾਂ ਹੁੰਦਾ ਸੀ। 70 ਈਸਵੀ ਵਿਚ ਪਹਿਲੀ ਯਹੂਦੀ–ਰੋਮੀ ਜੰਗ ਯਰੂਸ਼ਲਮ ਦੀ ਬਰਬਾਦੀ ਤੋਂ ਬਾਅਦ ਸਿਕੇਰੀ ਬਾਗ਼ੀ (ਯਹੂਦੀ ਜ਼ੇਲੋਤੇਸਾਂ ਦੀ ਅੱਡ ਹੋਈ ਟੁਕੜੀ) ਸ਼ਹਿਰ ਵਿਚ ਭੱਜ ਕੇ ਮਸਾਦਾ ਦੇ ਕਿਲ੍ਹੇ ਵਿਚ ਠਹਿਰ ਗਏ। ਇਸ ਤੋਂ ਬਾਅਦ ਉਨ੍ਹਾਂ ਦੀ ਰੋਮੀ ਘੇਰਾਬੰਦੀ ਹੋਈ ਜਿਹੜੀ ਸ਼ਾਇਦ ਕਈ ਮਹੀਨਿਆਂ ਤਕ ਚੱਲੀ। ਫ਼ਲੇਵਿਉਸ ਜੋਸੇਫ਼ਸ ਦੇ ਮੁਤਾਬਿਕ ਇਹ ਘੇਰਾਬੰਦੀ ਨਿਸਾਨ ਮਹੀਨੇ ਦੀ ਪੰਦਰ੍ਹਵੀਂ ਤਰੀਕ ਨੂੰ ਖ਼ਤਮ ਹੋਈ ਜਦੋਂ ਬਾਗ਼ੀਆਂ ਅਤੇ ਯਹੂਦੀ ਪਰਿਵਾਰਾਂ ਸਣੇ ਮਸਾਦਾ ਕਿਲ੍ਹੇ ਦੇ ਨੌਂ ਸੌ ਸੱਠ ਰਹਿਣ ਵਾਲਿਆਂ ਨੇ ਰੋਮੀਆਂ ਦੇ ਹੱਥ ਆਉਣ ਦੀ ਥਾਂ ਸਮੂਹਕ ਆਤਮਘਾਤ ਕਰ ਲਿਆ। ਕਹਿੰਦੇ ਹਨ ਕਿ ਇਹ ਵਾਕਿਆ ਅੱਗੇ ਹੋਰਨਾਂ ਨੂੰ ਸੁਣਾਉਣ ਲਈ ਦੋ ਔਰਤਾਂ ਅਤੇ ਪੰਜ ਬੱਚੇ ਲੁਕ ਕੇ ਇਸ ਵਿੱਚੋਂ ਬਚ ਗਏ (ਜੋਸੇਫ਼ਸ *ਵਾਰਜ਼* 7.9.1–2 [389–406])। [25]ਐਲਨ ਬਲੈਕ, *ਮਾਰਕ,* ਦ ਕਾਲਜ ਪ੍ਰੈੱਸ NIV ਕਮੈਂਟਰੀ (ਜੋਪਲਿਨ, ਮਿਜ਼ੋਰੀ: ਕਾਲਜ ਪ੍ਰੈੱਸ ਪਬਲੀਸ਼ਿੰਗ ਕੰ., 1995), 155. [26]ਸਮਾਨਾਂਤਰ ਵਿਰਤਾਂਤ ਮੱਤੀ 16:21–23 ਅਤੇ ਲੂਕਾ 9:22 ਵਿਚ ਹਨ। [27]ਐੱਲ. ਏ. ਸਟਾਫ਼ਰ, *ਮਾਰਕ,* ਟਰੁੱਥ ਕਮੈਂਟਰੀਜ਼, ਗਾਰਡਿਅਨ ਆਫ਼ ਟਰੁੱਥ ਫ਼ਾਉਂਡੇਸ਼ਨ (ਬਾਉਲਿੰਗ ਗ੍ਰੀਨ, ਕੈਂਟਕੀ: ਸਟੈਂਡਰਡ ਪਬਲੀਸ਼ਿੰਗ ਕੰ., 1999), 184. [28]ਇਨ੍ਹਾਂ ''ਪ੍ਰਧਾਨ ਯਾਜਕਾਂ'' ਵਿਚ ਸਾਬਕਾ ਪ੍ਰਧਾਨ ਯਾਜਕ ਸ਼ਾਮਿਲ ਹੋਣਗੇ। (*ਡਿਕਸ਼ਨਰੀ ਆਫ਼ ਜੀਜ਼ਸ ਐਂਡ ਦ ਗੌਸਪਲਜ਼,* ਸੰਪਾ. ਜੋਇਲ ਬੀ. ਗ੍ਰੀਨ, ਸਕਾਟ ਮੈਕਨਾਈਟ, ਐਂਡ ਹੌਵਰਡ ਮਾਰਸ਼ਲ [ਡਾਉਨਰਸ ਗ੍ਰੋਵ, ਇਲਿਨੋਇ: ਇੰਟਰ–ਵਰਸਿਟੀ ਪ੍ਰੈੱਸ, 1992], 730 ਵਿਚ ਜੀ. ਐੱਚ. ਟਵੇਲਫ਼ਟ੍ਰੀ. ''ਸੈਨਹੇਡ੍ਰਿਨ''.)। [29]ਕਈਆਂ ਦਾ ਮੰਨਣਾ ਹੈ ਮਰਕੁਸ ਦੀ ਕਿਤਾਬ ਰੋਮ ਦੇ ਸੰਤਾਂ ਦੇ ਨਾਂਅ ਲਿਖੀ ਗਈ ਅਤੇ ਇਸ ਵਿਚ ਦੁੱਖ ਝੱਲਣ ਤੇ ਐਨਾ ਜ਼ਿਆਦਾ ਧਿਆਨ ਦਿੱਤਾ ਗਿਆ, ਕਿਉਂ ਜੋ ਇਸ ਤਰ੍ਹਾਂ ਦੇ ਦੁੱਖ ਸਹਿਣ ਵਾਲੇ ਸ਼ੁਰੂਆਤੀ ਮਸੀਹੀਆਂ ਵਿੱਚੋਂ ਉਨ੍ਹਾਂ ਨੇ ਪ੍ਰਮੁੱਖ ਹੋਣਾ ਸੀ (ਸਟਾਫ਼ਰ, 185.) ਅਜਿਹਾ ਹੋ ਸਕਦਾ ਹੈ, ਪਰ ਕਲੀਸੀਆ ਨੂੰ

ਹਰ ਥਾਂ ਦੁੱਖ ਝੱਲਣ ਲਈ ਬਣਾਇਆ ਗਿਆ ਸੀ। [30]ਪੁਰਾਣੇ ਨੇਮ ਵਿਚ, ਖ਼ਾਸਕਰ ਗਿਣਤੀ 24:14 ਤੋਂ ਸ਼ੁਰੂ ਕਰਕੇ ਹੋਸ਼ੇਆ 11:7 ਨਾਲ ਖ਼ਤਮ ਹੋਣ ਤਕ ਖ਼ੁਦਾ ਲਈ ''ਅੱਤ ਮਹਾਨ'' ਦੀ ਵਰਤੋਂ ਕਈ ਵਾਰ ਹੋਈ ਹੈ। ਨਵੇਂ ਨੇਮ ਵਿਚ ਅਜਿਹੇ ਅਹੁਦੇ ਯਿਸੂ ਲਈ ਕਈ ਵਾਰ ਮਿਲਦੇ ਹਨ।

[31]ਵੇਖੋ ਜ਼ਬੂਰ 40:6–8. [32]ਕਈਆਂ ਦਾ ਵਿਚਾਰ ਹੈ ਕਿ ਪਤਰਸ ਐਨਾ ਤੰਗ ਹੋ ਗਿਆ ਕਿ ਉਹਨੂੰ ਲੱਗਾ ਕਿ ਯਿਸੂ ਪਾਗਲ ਹੈ (ਸਟਾਫ਼ਰ, 188)। ਇਹ ਇਕ ਕਾਰਣ ਹੋ ਸਕਦਾ ਹੈ ਕਿ ਉਹਨੇ ਯਿਸੂ ਨੂੰ ਐਨੀ ਸਖ਼ਤ ਝਿੜਕ ਨਾਲ ਜਵਾਬ ਦਿੱਤਾ। [33]ਸਮਾਨਾਂਤਰ ਵਿਰਤਾਂਤ ਮੱਤੀ 16:24–28 ਅਤੇ ਲੂਕਾ 9:23–27 ਵਿਚ ਹਨ। [34]''psychology'' (ਮਨੋਵਿਗਿਆਨ) ''psychiatric'' (ਮਨੋਰੋਗੀ) ਦਾ ਮੂਲ ਇਸੇ ਸ਼ਬਦ ਵਿਚ ਵੇਖਿਆ ਜਾ ਸਕਦਾ ਹੈ। [35]ਜੋਜ਼ਫ਼ ਹੈਨਰੀ ਥੇਅਰ, *ਏ ਗ੍ਰੀਕ–ਇੰਗਲਿਸ਼ ਲੈਕਸਿਕਨ ਆਫ਼ ਦ ਨਿਊ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ ਪਬਲੀਸ਼ਿੰਗ ਹਾਊਸ, 1962), 677. [36]ਉਤਪਤ 1:20 ਵਿਚ ''ਜੀਉਂਦੇ ਪ੍ਰਾਣੀਆਂ'' ਲਈ (***nepsh,*** ਨੇਪੇਸ਼) ਸ਼ਬਦ ਵਰਤਿਆ ਗਿਆ ਹੈ। [37]ਬਲੈਕ, 158. [38]ਕਰਨਾਘਨ, 164. [39]ਯਿਸੂ ਦੇ ਲਾਜ਼ਰ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਨ ਵੇਲੇ ਵੀ ਉਹਨੇ ਉੱਥੇ ਮੌਜੂਦ ਲੋਕਾਂ ਨੂੰ ਆਖਿਆ ਸੀ, ''ਉਹਨੂੰ ਖੋਲ੍ਹੋ ਅਤੇ ਜਾਣ ਦਿਓ'' (ਯੂਹੰਨਾ 11:44)। [40]ਟਾਲਮੁਡ ਮੈੱਕੋਥ 23–24.

[41]ਹੈਨਰੀ ਬਾਰਕਲੇ ਸਵੇਟੇ, *ਦ ਗੌਸਪਲ ਅਕਾਰਡਿੰਗ ਟੁ ਸੇਂਟ ਮਾਰਕ,* ਜਿਲਦ ਤੀਜੀ (ਲੰਡਨ: ਮੈਕਮਿਲਨ ਐਂਡ ਕੰ., 1920), 183.